| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਪਦ ਅਰਥ** | **ਸਰਲ ਅਰਥ ਵਿਚਾਰ** |
| ੧ੴ, ਸਤਿ, ਨਾਮੁ, ਕਰਤਾ ਪੁਰਖੁ, ਨਿਰਭਉ, ਨਿਰਵੈਰੁ, ਅਕਾਲ ਮੂਰਤਿ, ਅਜੂਨੀ, ਸੈਭੰ, ਗੁਰਪ੍ਰਸਾਦਿ ॥ | ੧ੴ = ਇਕ ਓਂਕਾਰ ਜਾਂ ਇਕ ਉਅੰਕਾਰ। | ੧. ਇਹ "ਜਪੁ" ਬਾਣੀ ਦੇ ਆਦਿ ਵਿਚ, ਰਵਾਇਤ ਅਨੁਸਾਰ, ਸਤਿਗੁਰਾਂ ਵਲੋਂ ਪ੍ਰਭੂ ਦਾ ਮੰਗਲਾਚਰਨ ਹੈ।<br>੨."ਗੁਰਪ੍ਰਸਾਦਿ" ਤੋਂ ਬਾਅਦ ਲਗੀਆਂ ਡੰਡੀਆਂ ਇਹ ਸਾਬਤ ਕਰਦੀਆਂ ਹਨ ਕਿ ਇਸ ਮੰਗਲਾਚਰਨ ਦੀ ਸਮਾਪਤੀ ਇਥੇ ਹੀ ਹੋ ਜਾਂਦੀ ਹੈ ਨਾ ਕਿ "ਹੋਸੀ ਭੀ ਸਚੁ" ਤੇ।<br>੩. 'ਸੈਭੰ' ਦਾ ਉਚਾਰਨ ਸੈਭੰਗ ਨਹੀਂ ਕਰਨਾ ਚਾਹੀਦਾ। ਟਿੱਪੀ ਦਾ ਉਚਾਰਨ ਹੀ ਕਰਨਾ ਹੈ, ਟਿੱਪੀ ਦਾ ਗੱਗਾ ਨਹੀਂ ਬਨਣ ਦੇਣਾ ਚਾਹੀਦਾ।<br>੩. "ਪ੍ਰਸਾਦਿ" ਦਾ ਉਚਾਰਨ "ਪ੍ਰਸ਼ਾਦਿ" ਕਰਨਾ ਠੀਕ ਨਹੀਂ ਹੈ। ਪ੍ਰਸ਼ਾਦ ਦਾ ਅਰਥ ਹੈ ਭੋਜਨ ਜਦਕਿ ਪ੍ਰਸਾਦਿ ਦਾ ਅਰਥ ਹੈ ਕਿਰਪਾ ਦੁਆਰਾ। ਇਥੇ ਅਰਥ ਕਿਰਪਾ ਦੁਆਰਾ ਹੈ ਸੋ ਉਚਾਰਨ ਪ੍ਰਸਾਦਿ ਕਰਨਾ ਹੈ। | ੧ੴ = ਇਕ ਨਿਰਗੁਣ ਤੋਂ ਸਰਗੁਣ ਰੂਪ ਹੋਣ ਵਾਲਾ। ੧ ਪ੍ਰਤੀਕ ਹੈ ਨਿਰਗੁਣ ਦਾ ਅਤੇ ਉਅੰਕਾਰ ਪ੍ਰਤੀਕ ਹੈ ਸਰਗੁਣ ਦਾ।<br>'ਸਤਿ = ਸਤਯ ਹੈ। ਸੰਸਕ੍ਰਿਤ ਦਾ ਸਤਯ ਜਦੋਂ ਵਟੀਜ ਕੇ ਪੰਜਾਬੀ ਵਿਚ ਪ੍ਰਵੇਸ਼ ਕੀਤਾ ਤਾਂ "ਯ" ਦੀ ਥਾਂ ਤੇ "ਿ" ਰਹਿ ਜਾਂਦੀ ਹੈ।<br>ਨਾਮੁ = ਨਾਮ ਰੂਪ ਹੈ। ਨਾਮ ਉਹ ਸ਼ਕਤੀ ਹੈ ਜੋ ਸਭ ਪਾਸੇ ਰਮੀ ਹੋਈ ਹੈ ਅਤੇ ਜਿਸ ਨਾਲ ਇਹ ਸਾਰਾ ਸੰਸਾਰ ਉਪਜਾਇਆ ਗਿਆ ਅਤੇ ਹੁਣ ਜਿਸ ਸਦਕਾ ਸਭ ਸੰਸਾਰ ਥੰਮਿਆ ਹੋਇਆ ਹੈ। ਗੁਰੂ ਘਰ ਦੇ ਨਾਮ ਗੁਰਮੰਤ੍ਰ ਨਾਲ ਵਾਹਿਗੁਰੁ ਦੀ ਨਾਮ ਸ਼ਕਤੀ ਨਾਲ ਜੁੜ ਜਾਈਦਾ ਹੈ।<br>ਕਰਤਾ ਪੁਰਖੁ = ਇਕ ਹੀ ਪੁਰਖ ਹੈ ਜੋ ਕਿ ਕਰਤਾ ਹੈ ਸ੍ਰਿਸ਼ਟੀ ਵਿਚ। ਹੋਰ ਕੋਈ ਵੀ ਕਰਤਾ ਨਹੀਂ ਹੈ।<br>ਨਿਰਭਉ = ਭੈ ਤੋਂ ਰਹਿਤ ਹੈ।<br>ਨਿਰਵੈਰੁ = ਵੈਰ ਤੋਂ ਰਹਿਤ ਹੈ।<br>ਅਕਾਲ ਮੂਰਤਿ = ਉਸਦੀ ਮੂਰਤ ਹੈ ਭਾਂਵੇਂ ਇਹ ਮੂਰਤਿ ਤ੍ਰੈਗੁਣਾਂ ਅਤੇ ਆਕਾਰ ਤੋਂ ਅਪਰੰਪਰ ਹੈ ਪਰ ਫੇਰ ਵੀ ਉਸਦੀ ਮੂਰਤਿ ਹੈ ਅਤੇ ਇਹ ਮੂਰਤਿ ਕਾਲ ਤੋਂ ਰਹਿਤ ਹੈ ਭਾਵ ਉਸ ਤੇ ਕਾਲ (ਸਮੇਂ) ਦਾ ਅਸਰ ਨਹੀਂ ਹੈ ਅਤੇ ਨਾ ਹੀ ਉਸ ਨੂੰ ਕਾਲ (ਮੌਤ) ਆਉਦਾ ਹੈ।<br>ਅਜੂਨੀ = ਜੂਨਾਂ ਵਿਚ ਨਹੀਂ ਪੈਂਦਾ।<br>ਸੈਭੰ = ਸਵਯਮ ਭੂ ਹੈ ਭਾਵ ਆਪਣੇ ਆਪ ਤੋਂ ਹੈ (ਕਿਸੇ ਦਾ ਪੈਦਾ ਕੀਤਾ ਹੋਇਆ ਨਹੀਂ ਹੈ।<br>ਗੁਰਪ੍ਰਸਾਦਿ = (ਉਪਰ ਦਸੇ ਲਖਣਾਂ ਵਾਲਾ) ਗੁਰੂ ਦੇ ਪ੍ਰਸਾਦ (ਕਿਰਪਾ) ਨਾਲ ਮਿਲਦਾ ਹੈ। |
| ਤਤਸਾਰ ਅਤੇ ਸਾਰੰਸ਼: ਇਹ ਸ੍ਰੀ ਜਪੁਜੀ ਸਾਹਿਬ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਆਦਿ ਮੰਗਲ ਹੈ। ਇਸ ਵਿਚ ਅਕਾਲ ਪੁਰਖ ਦੇ ਮੁਢਲੇ ਗੁਣਾਂ ਨੂੰ ਨਿਰੂਪਣ ਕੀਤਾ ਗਿਆ ਹੈ। ਇਸਦੇ ਅਖੀਰ ਵਿਚ ਦੋ ਡੰਡੀਆਂ ਹਨ ਅਤੇ ਇਸ ਤੋਂ ਅਗੇ 'ਜਪੁ' ਦੇ ਸ਼ੁਰੂ ਵਿਚ ਅਤੇ ਅਖੀਰ ਵਿਚ ਫੇਰ ਦੋ ਡੰਡੀਆਂ ਹਨ। ਇਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਇਸ ਮੰਗਲ ਦਾ 'ਜਪੁ' ਨਾਲ ਸੰਬੰਧ ਨਹੀਂ ਹੈ। 'ਜਪੁ' ਇਸ ਬਾਣੀ ਦਾ ਨਾਮ ਹੈ ਜਦਕਿ ਮੰਗਲ 'ਜਪੁ' ਦਾ ਆਦਿ ਮੰਗਲ ਹੈ। ਜਿਥੋਂ ਤੱਕ ਇਸ ਮੰਗਲ ਦਾ ਅਤੇ 'ਜਪੁ' ਦੇ ਪਹਿਲੇ ਸਲੋਕ – ਆਦਿ ਸਚੁ... – ਦੇ ਇਕੱਠੇ ਜਾਪ ਦਾ ਸਵਾਲ ਹੈ, ਇਸ ਵਿਚ ਤਾਂ ਕੋਈ ਹਰਜ ਨਹੀਂ ਹੈ, ਸਗੋਂ ਫਾਇਦਾ ਹੀ ਫਾਇਦਾ ਹੈ ਪਰ ਤਕਨੀਕੀ ਤੌਰ ਤੇ ਇਹ ਸਮਝਣਾ ਜ਼ਰੂਰੀ ਹੈ ਕਿ ਮੰਗਲ ਅਲਗ ਹੈ ਅਤੇ 'ਜਪੁ' ਅਲਗ ਹੈ ਅਤੇ ਸਲੋਕ ਅਲਗ ਹੈ। 'ਜਪੁ' ਤੋਂ ਬਾਅਦ ਪਹਿਲਾ ਸਲੋਕ ਹੈ, ਜਿਸ ਤੋਂ ਬਾਅਦ ਸ੍ਰੀ ਜਪੁਜੀ ਸਾਹਿਬ ਦੀਆਂ ੩੮ ਪਉੜੀਆਂ ਹਨ ਅਤੇ ਅਖੀਰ ਵਿਚ ਇਕ ਹੋਰ ਸਲੋਕ ਹੈ। ਇਹ ਹੈ ਜਪੁਜੀ ਸਾਹਿਬ ਦੀ ਰਚਨਾ ਦਾ ਵੇਰਵਾ। | | | |
| ॥ ਜਪੁ ॥ | | ਜਪੁ = ਬਾਣੀ ਦਾ ਨਾਂ ਹੈ ਅਤੇ ਅਰਥ ਹੈ ਜਾਪ। | ਜਪ ਦਾ ਅਰਥ ਹੈ ਜਾਪ। ਇਹ ਬਾਣੀ ਦਾ ਨਾਂ ਹੈ।<br><br>ਇਥੇ ਇਹ ਸ਼ਬਦ ਖ਼ਾਸ ਨਾਂਵ ਹੈ ਨਾ ਕਿ ਕਿਰਿਆਵਾਚੀ ਜੈਸਾ ਕਿ ਕਈ ਦਾਨੇ ਅਰਥ ਕਰਦੇ ਹਨ। ਉਹ "ਗੁਰਪ੍ਰਸਾਦਿ ਜਪੁ" ਇਕੱਠਾ ਉਠਾਉਂਦੇ ਹਨ ਅਤੇ ਅਰਥ ਕਰਦੇ ਹਨ ਕਿ ਗੁਰੂ ਦੀ ਕਿਰਪਾ ਨਾਲ ਜਪ ਪਰ ਇਹ ਅਰਥ ਸਹੀ ਨਹੀਂ ਕਿਉਂਕਿ "ਗੁਰਪ੍ਰਸਾਦਿ" ਮੰਗਲਾਚਰਨ ਦਾ ਹਿੱਸਾ ਹੈ ਅਤੇ ਇਹ ਅਕਾਲ ਪੁਰਖ ਦਾ ਗੁਣ ਹੈ। "ਗੁਰਪ੍ਰਸਾਦਿ" ਤੋਂ ਬਾਅਦ ਡੰਡੀਆਂ ਹਨ ਜਿਸ ਕਰਕੇ ਮੰਗਲਾਚਰਨ ਦਾ "ਜਪੁ" ਨਾਲ ਸੰਬੰਧ ਨਹੀਂ ਰਹਿ ਜਾਂਦਾ। |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਪਦ ਅਰਥ** | **ਸਰਲ ਅਰਥ ਵਿਚਾਰ** |
| ਆਦਿ ਸਚੁ; ਜੁਗਾਦਿ ਸਚੁ ॥ | | ਇਹ ਸ੍ਰੀ ਜਪੁ ਜੀ ਸਾਹਿਬ ਦੇ ਆਦਿ ਦਾ ਸਲੋਕ ਹੈ। ਇਕ ਸਲੋਕ ਇਸ ਬਾਣੀ ਦੇ ਅਖੀਰ ਵਿਚ ਹੈ ਤੇ ਇਹਨਾਂ ਦੋ ਸਲੋਕਾਂ ਦੇ ਵਿਚਾਲੇ ੩੮ ਪਉੜੀਆਂ ਹਨ। | ਅਕਾਲ ਪੁਰਖ ਸ੍ਰਿਸ਼ਟੀ ਦੇ ਬਨਣ ਤੋਂ ਪਹਿਲਾਂ ਸਚ ਸੀ ਭਾਵ ਹੈ ਸੀ ਅਤੇ ਜੁਗਾਂ ਦੇ ਆਰੰਭ ਤੋਂ ਪਹਿਲਾਂ ਭਾਵ ਸਮੇ ਦੀ ਗਿਣਤੀ ਹੋਣ ਤੋਂ ਪਹਿਲਾਂ ਵੀ ਹੈ ਸੀ। |
| ਹੈ ਭੀ ਸਚੁ; ਨਾਨਕ, ਹੋਸੀ ਭੀ ਸਚੁ ॥੧॥ | | | ਅਕਾਲ ਪੁਰਖ ਇਸ ਵਕਤ ਵੀ ਹੈ ਅਤੇ ਅਗੇ ਨੂੰ ਵੀ ਹੋਵੇਗਾ। |
| ਤਤਸਾਰ ਅਤੇ ਸਾਰੰਸ਼: ਇਹ ਸ੍ਰੀ ਜਪੁਜੀ ਸਾਹਿਬ ਦੇ ਆਦਿ ਦਾ ਸਲੋਕ ਹੈ। ਸ੍ਰੀ ਸੁਖਮਨੀ ਸਾਹਿਬ ਵਿਚ ਇਹੋ ਸਲੋਕ ਮਾਮੂਲੀ ਫਰਕ ਨਾਲ ਸਤਾਰਵੀਂ ਅਸ਼ਟਪਦੀ ਤੋਂ ਪਹਿਲਾਂ ਦਰਜ ਹੈ ਜਿਸ ਤੋਂ ਇਹ ਸੰਭਾਵਨਾ ਉਪਜਦੀ ਹੈ ਕਿ ਇਹ ਸਲੋਕ ਪੰਚਮ ਪਾਤਿਸ਼ਾਹ ਦਾ ਹੈ। ਇਸੇ ਤਰ੍ਹਾਂ ਹੀ ਜਪੁਜੀ ਸਾਹਿਬ ਦਾ ਅਖੀਰਲਾ ਸਲੋਕ 'ਪਵਨੁ ਗੁਰੂ...' ਮਾਂਝ ਕੀ ਵਾਰ ਵਿਚ ਦੂਜੇ ਪਾਤਿਸ਼ਾਹ ਦੇ ਨਾਂ ਥਲੇ ਦਰਜ ਹੈ ਜਿਸ ਤੋਂ ਇਦਾਂ ਲਗਦਾ ਹੈ ਕਿ ਸ੍ਰੀ ਜਪੁਜੀ ਸਾਹਿਬ ਵਿਚਲਾ ਇਹ ਸਲੋਕ ਵੀ ਦੂਜੇ ਪਾਤਿਸ਼ਾਹ ਦਾ ਹੀ ਹੈ। ੩੮ ਪਉੜੀਆਂ ਪਹਿਲੇ ਪਾਤਿਸ਼ਾਹ ਦੀਆਂ ਹਨ। ਇਹ ਇਕ ਕਾਰਨ ਹੋ ਸਕਦਾ ਹੈ ਜਿਸ ਕਰਕੇ ਇਸ ਬਾਣੀ ਵਿਚ ਮਹਲਾ ਨਹੀਂ ਹੈ ਕਿਉਂਕਿ ਜੇਕਰ ਸਲੋਕ ਪੰਚਮ ਪਾਤਿਸ਼ਾਹ ਅਤੇ ਦੁਇਮ ਪਾਤਿਸ਼ਾਹ ਦੇ ਹਨ ਅਤੇ ਪਉੜੀਆਂ ਪਹਿਲੇ ਪਾਤਿਸ਼ਾਹ ਦੀਆਂ ਹਨ ਤਾਂ ਇਸ ਬਾਣੀ ਦੇ ਸਿਰਲੇਖ ਵਜੋਂ ਇਕ ਮਹਲੇ ਬਾਰੇ ਲਿਖਣਾ ਮੁਮਕਿਨ ਨਹੀਂ ਸੀ। ਉਦਾਂ ਰਵਾਇਤ ਅਨੁਸਾਰ ਇਹ ਸਮੱਗਰ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹੀ ਮੰਨੀ ਜਾਂਦੀ ਹੈ। | | | |
| ਸੋਚੈ, ਸੋਚਿ ਨ ਹੋਵਈ; ਜੇ, ਸੋਚੀ ਲਖ ਵਾਰ ॥ | | ਸੋਚੈ = ਸੋਚਣ ਨਾਲ; ਸੋਚਿ = ਤਸੱਵਰ, ਸੋਚ, ਪ੍ਰਭੂ ਦੀ ਸੋਚ (ਇਮਾਜੀਨੇਸ਼ਨ); ਜੇ ਸੋਚੀ = ਜੇ ਕੋਈ ਸੋਚੇ।<br><br>'"ਸੋਚੀ" ਦੇ ਅਖੀਰ ਵਿਚ ਨਾਸਕੀ ਉਚਾਰਨ ਨਹੀਂ ਕਿਉਂਕਿ ਇਹ ਉਤਮ ਪੁਰਖੀ ਕਿਰਿਆ ਨਹੀਂ ਹੈ। | ਸੋਚਣ ਕਰਕੇ ਜਾਂ ਮਨ ਖਿਆਲੀ ਮੈਡੀਟੇਸ਼ਨ ਨਾਲ ਰੱਬ ਦਾ ਤਸੱਵਰ ਨਹੀਂ ਆਉਂਦਾ ਭਾਵ ਅਕਾਲ ਪੁਰਖ ਦੀ ਸੋਚ ਜਾਂ ਇਮੈਜੀਨੇਸ਼ਨ ਨਹੀਂ ਆਉਂਦੀ।<br><br>ਕਈ ਦਾਨੇ ਇਸ ਪੰਕਤੀ ਵਿਚ ਆਏ 'ਸੋਚਿ' ਦੇ ਅਰਥ ਸੁੱਚਮ ਦੇ ਕਰਦੇ ਹਨ ਪਰ ਇਹ ਅਰਥ ਦਰੁਸਤ ਨਹੀਂ ਹਨ ਕਿਉਂਕਿ ਸੁੱਚਮ ਦੇ ਅਰਥਾਂ ਵਿਚ 'ਸੋਚ' ਪਾਠ ਹੋਣਾ ਸੀ ਜੈਸਾ ਕਿ ਸ੍ਰੀ ਸੁਖਮਨੀ ਸਾਹਿਬ ਵਿਚ ਆਈ ਪੰਕਤੀ ਦਾ ਹੈ – ਸੋਚ ਕਰੈ ਦਿਨਸੁ ਅਰੁ ਰਾਤਿ॥ ਮਨ ਕੀ ਮੈਲੁ ਨ ਤਨ ਤੇ ਜਾਤਿ ॥ |
| ਚੁਪੈ, ਚੁਪ ਨ ਹੋਵਈ; ਜੇ, ਲਾਇ ਰਹਾ ਲਿਵ ਤਾਰ ॥ | | ਚੁਪੈ = ਚਪ ਰਹਿਆਂ; ਚੁਪ = ਫੁਰਨਾ ਰਹਿਤ ਹੋਣਾ; ਨ ਹੋਵਈ = ਨਹੀਂ ਹੁੰਦੀ; ਲਿਵ ਤਾਰ = ਲਗਾਤਾਰ ਲਿਵ ਲਾਉਣੀ; ਲਿਵ = ਮਨ ਇਕਾਗਰ ਕਰਕੇ ਜੁੜ ਬੈਠਣ ਦੀ ਕਿਰਿਆ।<br><br>'"ਰਹਾ" ਦੇ ਅਖੀਰ ਵਿਚ ਨਾਸਕੀ ਉਚਾਰਨ ਨਹੀਂ ਕਿਉਂਕਿ ਇਹ ਉਤਮ ਪੁਰਖੀ ਕਿਰਿਆ ਨਹੀਂ ਹੈ। | ਚੁਪ ਰਹਿਣ ਨਾਲ ਭਾਵ ਮੋਨ ਧਾਰਨ ਨਾਲ ਚੁਪੀ ਨਹੀਂ ਹੁੰਦੀ ਭਾਵ ਮਨ ਦੇ ਫੁਰਨੇ ਬੰਦ ਨਹੀਂ ਹੁੰਦੇ ਭਾਂਵੇਂ ਕੋਈ ਲਗਾਤਾਰ (ਚੁਪ ਦੀ) ਲਿਵ ਲਾਏ ਰਹੇ।<br><br>ਜਦੋਂ ਜ਼ੁਬਾਨ ਚੁਪ ਕਰਦੀ ਹੈ ਤਾਂ ਇਸ ਨਾਲ ਮਨ ਚੁਪ ਨਹੀਂ ਕਰਦਾ। ਚੁਪ ਹੋਣ ਦਾ ਭਾਵ ਹੈ ਮਨ ਵਿਚੋਂ ਮਾਇਆਵੀ ਫੁਰਨੇ ਬੰਦ ਹੋ ਜਾਣ ਅਤੇ ਇਕ ਅਕਾਲ ਪੁਰਖ ਦਾ ਨਾਮ ਵਸ ਜਾਵੇ। ਗੁਰਮਤਿ ਨਾਮ ਦਾ ਵਿਧੀਪੂਰਵਕ ਅਭਿਆਸ ਨਾਲ ਹੀ ਅਸਲ ਵਿਚ ਚੁਪ ਦੀ ਅਵਸਥਾ ਪ੍ਰਾਪਤ ਹੁੰਦੀ ਹੈ। ਇਸ ਚੁਪ ਦੀ ਅਵਸਥਾ ਵਿਚ ਗੁਰਮਤਿ ਨਾਮ ਦੀ ਧੁਨਿ ਲਗਾਤਾਰ ਹਰ ਵੇਲੇ ਸੁਣਦੀ ਰਹਿੰਦੀ ਹੈ। ਫੋਕਾ ਮੋਨ ਵਰਤ ਕਦੇ ਵੀ ਇਹ ਅਵਸਥਾ ਨਹੀਂ ਪਾਪਤ ਕਰਾ ਸਕਦਾ। |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਪਦ ਅਰਥ** | **ਸਰਲ ਅਰਥ ਵਿਚਾਰ** |
| ਭੁਖਿਆ ਭੁਖ ਨ ਉਤਰੀ; ਜੇ ਬੰਨਾ ਪੁਰੀਆ ਭਾਰ ॥ | ਭੁਖਿਆਂ, ਪੁਰੀਆਂ | ਭੁਖਿਆ ਭੁਖ = ਭੁਖਿਆਂ ਦੀ ਭੁਖ। ਇਥੇ ਭੋਗੀ ਅਤੇ ਅਘੋਰੀ ਆਦਿ ਫਿਰਕਿਆਂ ਵਲ ਇਸ਼ਾਰਾ ਹੈ ਜੋ ਰਸ ਕਸ ਭੋਗ ਕੇ ਮੁਕਤੀ ਹੋਣੀ ਮੰਨਦੇ ਹਨ; ਬੰਨਾ = ਬੰਨ ਲੈਣ; ਪੁਰੀਆ ਭਾਰ = ਪੁਰੀਆਂ ਦੇ ਭਾਰ ਭਾਵ ਪੁਰੀਆਂ ਦੇ ਪਦਾਰਥ। | ਭੁਖਿਆਂ ਦੀ ਭੁਖ ਨਹੀਂ ਉਤਰਦੀ ਭਾਂਵੇਂ ਉਹ ਪੁਰੀਆਂ ਦੇ ਭਾਰ ਬੰਨ ਲੈਣ।<br><br>ਇਥੇ ਇਹ ਅਰਥ ਪ੍ਰਸੰਗਕ ਨਹੀਂ ਕਿ ਭੁਖੇ ਰਹਿਣ ਨਾਲ ਭੁਖ ਨਹੀਂ ਮਿਟਦੀ ਕਿਉਂਕਿ ਪੰਕਤੀ ਵਿਚ "ਜੇ ਬੰਨਾ ਪੁਰੀਆ ਭਾਰ" ਦਾ ਕੀ ਅਰਥ ਇਸ ਨਾਲ ਮੇਲ ਨਹੀਂ ਖਾਂਦਾ। ਜਦੋਂ ਇਨਸਾਨ ਵਰਤ ਰਖਦਾ ਹੈ ਤਾਂ ਉਹ ਪੁਰੀਆਂ ਦੇ ਭਾਰ ਨਹੀਂ ਬੰਨਦਾ। ਇਥੇ ਪੁਰੀਆਂ ਦੇ ਭਾਰ ਬੰਨਣ ਦਾ ਭਾਵ ਹੈ ਕਿ ਚਾਹੇ ਕੋਈ ਇਨਸਾਨ ਪੁਰੀਆਂ ਦੇ ਸਭ ਸਾਜੋ ਸਾਮਾਨ ਹਾਸਲ ਕਰ ਲਵੇ ਪਰ ਫੇਰ ਵੀ ਉਸਦੀ ਪਦਾਰਥਾਂ ਦੀ ਭੁਖ ਨਹੀਂ ਮਿਟ ਸਕਦੀ। ਕਈ ਫਿਰਕੇ ਜਿਵੇਂ ਕਿ ਵਾਮ ਮਾਰਗੀਏ ਅਤੇ ਅਘੋਰੀ ਮਾਇਆਵੀ ਭੋਗ ਭੋਗਕੇ ਮੁਕਤੀ ਹੋਣੀ ਮੰਨਦੇ ਹਨ। ਇਸ ਪੰਕਤੀ ਨਾਲ ਉਨ੍ਹਾਂ ਦੇ ਮਤ ਦਾ ਵੀ ਖੰਡਨ ਹੁੰਦਾ ਹੈ। ਸੋ ਤਤਸਾਰ ਇਹ ਹੈ ਕਿ ਪਦਾਰਥ ਭੋਗਕੇ ਸਚਿਆਰ ਨਹੀਂ ਹੋਇਆ ਜਾ ਸਕਦਾ। |
| ਸਹਸ ਸਿਆਣਪਾ ਲਖ ਹੋਹਿ; ਤ, ਇਕ ਨ ਚਲੈ ਨਾਲਿ ॥ | ਸਿਆਣਪਾਂ, ਹੋਹਿਂ | ਸਹਸ = ਹਜ਼ਾਰ; ਸਿਆਣਪਾ = ਫਿਲਾਸਫੀਆਂ, ਮਨ ਦੀਆਂ ਚਤੁਰਾਈਆਂ;। | ਹਜ਼ਾਰਾਂ ਸਿਆਣਪਾਂ ਭਾਂਵੇਂ ਲਖ ਹੋਣ ਪਰ ਇਕ ਵੀ ਨਾਲ ਨਹੀਂ ਜਾਂਦੀ।<br><br>ਨੋਟ ਕਰੋ ਜੀ - ਸਿਆਣਪਾਂ ਦਾ ਭਾਵ ਮੈਡੀਟੇਸ਼ਨ ਤੋਂ ਮੁਖ਼ਤਲਿਫ਼ (ਫਰਕ) ਹੈ। ਸੋਚਣ ਦਾ ਭਾਵ ਹੈ ਦਿਮਾਗ਼ੀ ਮੈਡੀਟੇਸ਼ਨ (Mental Meditation) ਅਤੇ ਸਿਆਣਪ ਦਾ ਭਾਵ ਹੈ ਫਿਲਾਸਫੀ (Philosophy) ਜਿਵੇਂ ਕਿ ਵੇਦਾਂਤ ਵਾਲੇ ਜਾਂ ਅਫਲਾਤੂਨ (Plato) ਵਰਗੇ ਕਰ ਗਏ ਹਨ। |
| ਕਿਵ ਸਚਿਆਰਾ ਹੋਈਐ; ਕਿਵ ਕੂੜੈ ਤੁਟੈ ਪਾਲਿ ॥ | | ਕਿਵ = ਕਿਵੇਂ: ਸਚਿਆਰਾ = ਸੱਚਾ; ਕੂੜੈ = ਕੂੜ ਦੀ; ਪਾਲਿ = ਕੰਧ, ਪਰਦਾ। | (ਹਜ਼ੂਰ ਸਵਾਲ ਕਰਦੇ ਹਨ ਕਿ ਜੇਕਰ ਉਪਰ ਦਸੇ ਤਰੀਕਿਆਂ ਨਾਲ ਸਚੇ ਨਹੀਂ ਹੋ ਸਕੀਦਾ ਤਾਂ ਫੇਰ) - ਸਚਿਆਰ ਕਿਵੇਂ ਹੋ ਸਕੀਦਾ ਹੈ ਅਤੇ ਭੀਤਰ ਦੀ ਝੂਠ ਦੀ ਕੰਧ (ਪਾਲਿ) ਕਿਵੇਂ ਟੁਟ ਸਕਦੀ ਹੈ? |
| ਹੁਕਮਿ ਰਜਾਈ ਚਲਣਾ; ਨਾਨਕ, ਲਿਖਿਆ ਨਾਲਿ ॥੧॥ | ਰਜ਼ਾਈ | ਹੁਕਮਿ = ਹੁਕਮ ਵਿਚ; ਰਜਾਈ = ਰਜ਼ਾ ਵਾਲਾ ਪ੍ਰਭੂ; ਚਲਣਾ = ਚਲਣਾ ਚਾਹੀਦਾ ਹੈ; ਲਿਖਿਆ ਨਾਲਿ = ਜੇ ਜਨਮ ਤੋਂ ਪਹਿਲਾਂ, ਜੀਵ ਦੇ ਨਾਲ ਹੀ (ਉਸਦੇ ਭਾਗਾਂ ਵਿਚ ਇਹ ਸ਼ੁਭ ਕਰਮ) ਲਿਖਿਆ ਹੋਵੇ। | ਹਜ਼ੂਰ ਫੁਰਮਾਉਂਦੇ ਹਨ ਕਿ ਰਜ਼ਾਈ (ਵਾਹਿਗੁਰੂ) ਦੇ ਹੁਕਮ ਵਿਚ ਚਲਣਾ ਚਾਹੀਦਾ ਹੈ (ਪਰ ਇਹ ਤਾਂ ਹੀ ਕਰ ਹੁੰਦਾ ਹੈ ਜੇਕਰ ਹੁਕਮ ਵਿਚ ਚਲਣ ਦਾ ਭਾਗ, ਜੀਵ ਦੇ) ਨਾਲ ਹੀ (ਜੰਮਣ ਵੇਲੇ) ਲਿਖਿਆ ਹੋਵੇ।<br><br>ਦੂਸਰੇ ਸ਼ਬਦਾਂ ਵਿਚ ਰਜ਼ਾਈ ਦੇ ਹੁਕਮ ਵਿਚ ਤਾਂ ਹੀ ਚਲ ਹੁੰਦਾ ਹੈ ਜੇਕਰ ਜੀਵ ਦੇ ਭਾਗਾਂ ਵਿਚ ਪਹਿਲਾਂ ਹੀ ਲਿਖਿਆ ਹੋਵੇ। |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਪਦ ਅਰਥ** | **ਸਰਲ ਅਰਥ ਵਿਚਾਰ** |

ਤਤਸਾਰ ਅਤੇ ਸਾਰੰਸ਼: ਇਸ ਪਉੜੀ ਵਿਚ ਪਹਿਲਾਂ ਸਤਿਗੁਰਾਂ ਨੇ ਸਚਿਆਰ ਹੋਣ ਦੇ ਪ੍ਰਚਲਤ ਤਰੀਕੇ ਰੱਦ ਕੀਤੇ ਹਨ ਅਤੇ ਅਖੀਰ ਵਿਚ ਆਪਣਾ ਮੱਤ ਦਸਿਆ ਹੈ ਕਿ ਸਚਿਆਰ ਕਿਵੇਂ ਹੋਈਦਾ ਹੈ ਅਤੇ ਕੂੜ ਦੀ ਪਾਲਿ ਭਾਵ ਝੂਠ ਦੀ ਕੰਧ ਕਿਵੇਂ ਟੁੱਟਦੀ ਹੈ। ਹਜ਼ੂਰ ਨੇ ਫੁਰਮਾਇਆ ਹੈ ਕਿ ਰਜ਼ਾਈ (ਰਜ਼ਾ ਵਾਲਾ ਪ੍ਰਭੂ) ਦੇ ਹੁਕਮ ਵਿਚ ਚਲਣਾ ਪੈਣਾ ਹੈ ਤਾਂ ਸਚਿਆਰ ਹੋ ਸਕਣਾ ਹੈ। ਸਵਾਲ ਇਹ ਉਠਦਾ ਹੈ ਕਿ ਰਜ਼ਾਈ ਵਾਹਿਗੁਰੂ ਦੀ ਰਜ਼ਾ ਕੀ ਹੈ ਅਤੇ ਹੁਕਮ ਕੀ ਹੈ? ਸਾਨੂੰ ਕਿਵੇਂ ਪਤਾ ਲਗੇ ਕਿ ਪ੍ਰਭੂ ਦਾ ਹੁਕਮ ਕੀ ਹੈ? ਆਰੰਭ ਦੇ ਮੰਗਲਾਚਰਨ ਮੁਤਾਬਕ ਅਕਾਲ ਪੁਰਖ 'ਗੁਰਪ੍ਰਸਾਦਿ' ਹੈ ਜਿਸਦਾ ਭਾਵ ਹੈ ਕਿ ਅਕਾਲ ਪੁਰਖ ਗੁਰੂ ਦੀ ਕਿਰਪਾ ਨਾਲ ਮਿਲਦਾ ਹੈ। ਸੋ ਰਜ਼ਾਈ ਦੀ ਪਹਿਲੀ ਰਜ਼ਾ ਇਹ ਹੈ ਕਿ ਜੀਵ ਗੁਰੂ ਦੇ ਹੁਕਮ ਵਿਚ ਚਲੇ ਤਾਂ ਜੋ ਗੁਰੂ ਦੀ ਕਿਰਪਾ ਨਾਲ ਉਹ ਰਜ਼ਾਈ ਪ੍ਰਭੂ ਨੂੰ ਮਿਲ ਸਕੇ। ਕੋਈ ਵੀ ਜੀਵ, ਪ੍ਰਭੂ ਨੂੰ ਸਿਧਾ ਨਹੀਂ ਮਿਲ ਸਕਦਾ। ਗੁਰੂ ਦੀ ਕਿਰਪਾ ਜ਼ਰੂਰੀ ਹੈ। ਗੁਰੂ ਦੀ ਕਿਰਪਾ ਤਾਂ ਹੋਵੇਗੀ ਜੇਕਰ ਗੁਰੂ ਦਾ ਹੁਕਮ ਮੰਨਿਆ ਜਾਵੇਗਾ। ਗੁਰੂ ਦਾ ਹੁਕਮ ਗੁਰਬਾਣੀ ਵਿਚ ਦਰਜ ਹੈ। ਦੂਸਰੇ ਸ਼ਬਦਾਂ ਵਿਚ "ਹੁਕਮਿ ਰਜਾਈ ਚਲਣਾ" ਦਾ ਅਸਲ ਅਰਥ ਗੁਰਬਾਣੀ ਦੇ ਦਸੇ ਹੋਏ ਰਸਤੇ ਤੇ ਚਲਣਾ ਹੈ ਕਿਉਂਕਿ ਗੁਰਬਾਣੀ ਹੀ ਹੈ ਜਿਸ ਵਿਚ ਗੁਰੂ ਜੀ ਦੀ ਆਗਿਆ ਦਰਜ ਹੈ। ਫੀ ਜ਼ਮਾਨੀ ਗੁਰਬਾਣੀ ਦੇ ਹੁਕਮ ਮੰਨਣੇ ਅਤੇ ਸ੍ਰੀ ਦਸਮੇਸ਼ ਜੀ ਦੀ ਦਸੀ ਹੋਈ ਰਹਿਤ ਮਰਿਆਦਾ ਧਾਰਨ ਕਰਨ ਨਾਲ ਇਨਸਾਨ "ਹੁਕਮਿ ਰਜਾਈ ਚਲਣਾ" ਦੀ ਸਚਿਆਰ ਹੋਣ ਦੀ ਸ਼ਰਤ ਪੂਰੀ ਕਰ ਸਕਦਾ ਹੈ।

ਪਹਿਲੀ ਪੰਕਤੀ ਵਿਚ 'ਸੋਚਿ' ਦਾ ਅਰਥ ਮੈਡੀਟੇਸ਼ਨ (Meditation) ਭਾਵ ਮਨ ਉਕਤ ਸਮਾਧੀ ਲਾਉਣ ਤੋਂ ਹੈ ਜਿਵੇਂ ਕਿ ਜੋਗੀ ਸੁੰਨ ਸਮਾਧਿ ਲਾਉਣ ਦਾ ਜਤਨ ਕਰਦੇ ਹਨ ਜਦਕਿ ਚੌਥੀ ਪੰਕਤੀ ਵਿਚ "ਸਿਆਣਪਾ" ਤੋਂ ਭਾਵ ਫਿਲਾਸਫੀ (Philosophy)ਦਾ ਹੈ ਜੈਸਾ ਕਿ ਅਦਵੈਤ ਵੇਦਾਂਤ ਵਾਲੇ ਫਿਲਾਸਫੀ ਦੁਆਰਾ ਹੀ ਭਾਵ ਨਿਰੇ ਮਨ ਦੇ ਗਿਆਨ ਦੁਆਰਾ ਹੀ ਮੁਕਤੀ ਹੋਣੀ ਮੰਨਦੇ ਹਨ। ਹਜ਼ੂਰ ਬਾਬਾ ਜੀ ਨੇ ਦੂਸਰੀ ਪੰਕਤੀ ਵਿਚ "ਚੁਪੈ" ਦਾ ਭਾਵ ਮੌਨ ਧਾਰਨ ਕਰਕੇ ਮਨ ਨੂੰ ਖਿੰਡਣ ਤੋਂ ਬਚਾਉਣ ਅਤੇ ਇਸ ਬਿਧਿ ਸਮਾਧੀ ਲਗਾ ਕੇ ਸਚਿਆਰ ਹੋਣ ਦੇ ਸਿਧਾਂਤ ਦਾ ਖੰਡਨ ਕੀਤਾ ਹੈ। ਤੀਜੀ ਪੰਕੀ ਵਿਚ "ਭੁਖਿਆ ਭੁਖ" ਵਿਚ ਚਾਰਵਾਕੀਏ ਨਾਸਤਕ ਜਾਂ ਸ਼ਾਕਤ ਸਾਧੂ ਜੋ ਮਦ, ਮੈਥੁਨ ਆਦਿ ਦੁਆਰਾ ਸਮਾਧਿ ਲਾਉਣੀ ਅਨੁਮਾਨ ਕਰਦੇ ਹਨ ਜਾਂ ਹੋਰ ਭੋਗੀਆਂ ਦਾ ਖੰਡਨ ਹੈ ਜੋ ਕਿ ਅਨਿਕ ਪ੍ਰਕਾਰੀ ਮਾਇਆਵੀ ਭੋਗਾਂ ਨੂੰ ਭੋਗ ਕੇ ਇਸ ਦੁਆਰਾ ਅਨੰਦ ਦੀ ਪ੍ਰਾਪਤੀ ਮੰਨਦੇ ਹਨ।

ਕਈ ਦਾਨੇ "ਸੋਚਿ" ਦਾ ਅਰਥ ਸੁਚਮ ਕਰਦੇ ਹਨ ਜੋ ਕਿ ਸਹੀਂ ਨਹੀਂ ਹੈ। ਜਦੋਂ "ਸ" ਨੂੰ ਹੋੜਾ ਹੋਵੇ ਤਾਂ ਸੁਚਮ ਦੇ ਅਰਥਾਂ ਵਿਚ ਆਏ ਸ਼ਬਦ ਦੇ "ਚ" ਨੂੰ ਸਿਹਾਰੀ ਨਹੀਂ ਹੁੰਦੀ ਹੈ ਜਿਵੇਂ ਕਿ ਸ੍ਰੀ ਸੁਖਮਨੀ ਸਾਹਿਬ ਵਿਚ ਪੰਕਤੀ ਹੈ "ਸੋਚ ਕਰੈ ਦਿਨਸੁ ਅਰੁ ਰਾਤਿ॥ ਮਨ ਕੀ ਮੈਲੁ ਨ ਤਨ ਤੇ ਜਾਤਿ ॥" ਸੋ ਇਥੇ "ਚ" ਦੇ ਸਿਹਾਰੀ ਹੋਣ ਕਰਕੇ ਇਸ ਪੰਕਤੀ ਦਾ ਅਰਥ ਸੋਚਣ ਭਾਵ ਮਨ-ਉਕਤ ਮੈਡੀਟੇਸ਼ਨ ਤੋਂ ਹੈ।

| | | | |
|---|---|---|---|
| ਹੁਕਮੀ, ਹੋਵਨਿ ਆਕਾਰ; ਹੁਕਮੁ, ਨ ਕਹਿਆ ਜਾਈ ॥ | | ਹੁਕਮੀ = ਹੁਕਮ ਦੁਆਰਾ (ਕਰਨ ਕਾਰਕ ਇਕ ਵਚਨ ਨਾਂਵ); ਹੋਵਨਿ = ਹੁੰਦੇ ਹਨ; ਆਕਾਰ = ਪੰਜ ਭੂਤਕ ਆਕਾਰ, ਚੀਜ਼ਾਂ; ਹੁਕਮੁ = ਪ੍ਰਭੂ ਦੀ ਰਜ਼ਾ ਦਾ ਪ੍ਰਤੀਕ। "ਹੁਕਮੁ" ਇਥੇ ਕਰਤਾ ਕਾਰਕ ਇਕ ਵਚਨ ਨਾਂਵ ਹੈ। | ਹੁਕਮ ਰਾਹੀਂ ਆਕਾਰ ਭਾਵ ਦ੍ਰਿਸ਼ਟਮਾਨ ਪਾਸਾਰਾ ਹੁੰਦਾ ਹੈ; ਹੁਕਮ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ ਭਾਵ ਸਮਝਿਆ ਨਹੀਂ ਜਾ ਸਕਦਾ। |
| ਹੁਕਮੀ, ਹੋਵਨਿ ਜੀਅ; ਹੁਕਮਿ, ਮਿਲੈ ਵਡਿਆਈ ॥ | | ਹੁਕਮੀ = ਹੁਕਮ ਦੁਆਰਾ (ਕਰਨ ਕਾਰਕ ਇਕ ਵਚਨ ਨਾਂਵ); ਹੋਵਨਿ = ਹੁੰਦੇ ਹਨ; ਹੁਕਮਿ = ਹੁਕਮ ਦੁਆਰਾ। | ਹੁਕਮ ਰਾਹੀਂ ਜੀਵ ਜੰਤੂ ਪੈਦਾ ਹੁੰਦੇ ਹਨ; ਹੁਕਮ ਅਨੁਸਾਰ ਹੀ ਇਹਨਾਂ ਜੀਵਾਂ ਨੂੰ ਵਡਿਆਈ ਮਿਲਦੀ ਹੈ। |
| ਹੁਕਮੀ, ਉਤਮੁ ਨੀਚੁ; ਹੁਕਮਿ ਲਿਖਿ, ਦੁਖ ਸੁਖ ਪਾਈਅਹਿ ॥ | ਪਾਈਅਹਿੰ | ਹੁਕਮੀ = ਹੁਕਮ ਦੁਆਰਾ; ਹੁਕਮਿ = ਹੁਕਮ ਦੁਆਰਾ; ਪਾਈਅਹਿ = ਪਾਈਦੇ ਹਨ। | ਹੁਕਮ ਅਨੁਸਾਰ ਹੀ ਕਈ ਜੀਵ ਉਤਮ ਅਤੇ ਕਈ ਨੀਚ ਹੁੰਦੇ ਹਨ ਅਤੇ ਹੁਕਮ ਦੁਆਰਾ ਹੀ ਲਿਖੇ ਅਨੁਸਾਰ, ਦੁਖ ਅਤੇ ਸੁਖ ਪਾਏ ਜਾਂਦੇ ਹਨ। |
| ਇਕਨਾ, ਹੁਕਮੀ ਬਖਸੀਸ; ਇਕਿ, ਹੁਕਮੀ ਸਦਾ ਭਵਾਈਅਹਿ ॥ | ਇਕਨਾਂ, ਬਖ਼ਸ਼ੀਸ਼, ਭਵਾਈਅਹਿੰ | ਇਕਨਾ = ਕਈਆਂ ਨੂੰ; ਹੁਕਮੀ = ਹੁਕਮ ਦੁਆਰਾ; ਬਖਸੀਸ = ਕਿਰਪਾ, ਬਖਸ਼ਿਸ਼; ਇਕਿ = ਕਈ; ਭਵਾਈਅਹਿ = ਭਵਾਉਂਦੇ ਹਨ। | ਕਈਆਂ ਤੇ ਹੁਕਮ ਅਨੁਸਾਰ ਕਿਰਪਾ ਹੁੰਦੀ ਹੈ ਅਤੇ ਕਈ ਹੁਕਮ ਅਨੁਸਾਰ ਹੀ ਸਦਾ ਭਵਾਏ ਜਾਂਦੇ ਹਨ। |
| ਹੁਕਮੈ ਅੰਦਰਿ ਸਭੁ ਕੋ; ਬਾਹਰਿ ਹੁਕਮ ਨ ਕੋਇ ॥ | | ਸਭ ਕੋ = ਹਰ ਕੋਈ; ਬਾਹਰਿ ਹੁਕਮ = ਹੁਕਮ ਤੋਂ ਬਾਹਰ। | ਹਰ ਕੋਈ ਹੁਕਮ ਵਿਚ ਹੈ, ਅਤੇ ਹੁਕਮ ਤੋਂ ਬਾਹਰ ਕੋਈ ਨਹੀਂ। |

# ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ

| ਗੁਰਬਾਣੀ ਪਾਠ | ਉਚਾਰਨ ਸੇਧ | ਪਦ ਅਰਥ | ਸਰਲ ਅਰਥ ਵਿਚਾਰ |
|---|---|---|---|
| ਨਾਨਕ, ਹੁਕਮੈ ਜੇ ਬੁਝੈ; ਤ, ਹਉਮੈ ਕਹੈ ਨ ਕੋਇ ॥੨॥ | | ਹੁਕਮੈ = ਹੁਕਮ ਨੂੰ; ਹਉਮੈ ਕਹੈ ਨ ਕੋਇ = ਕੋਈ ਹਉਮੈ ਵਿਚ ਨਹੀ ਕਹਿੰਦਾ। | ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਜੇ ਕੋਈ ਹੁਕਮ ਬੁਝ ਲਵੇ, ਤਾਂ ਉਹ ਫਿਰ ਹਉਮੈ ਵਿਚ ਬੋਲ ਨਹੀਂ ਕਹਿੰਦਾ।<br><br>ਹੁਕਮ ਬੁਝਣ ਨਾਲ ਇਹ ਪਤਾ ਲਗਦਾ ਹੈ ਕਿ ਇਸ ਦੁਨੀਆ ਵਿਚ ਕੇਵਲ ਇਕ ਅਕਾਲ ਪੁਰਖ ਦਾ ਹੁਕਮ ਚਲਦਾ ਹੈ, ਕੇਵਲ ਉਹ ਹੀ ਕਰਤਾ ਪੁਰਖ ਹੈ। ਜਦ ਇਨਸਾਨ ਇਹ ਬੁਝ ਲੈਂਦਾ ਹੈ ਕਿ ਅਕਾਲ ਪੁਰਖ ਦੀ ਮਰਜ਼ੀ ਹੀ ਚਲਦੀ ਹੈ ਅਤੇ ਉਸਦੀ ਮਰਜ਼ੀ ਹੁਕਮ ਦੇ ਰੂਪ ਵਿਚ ਭਾਵ ਨਾਮ ਦੇ ਰੂਪ ਵਿਚ ਸਭ ਕੁਝ ਕਰਦੀ ਹੈ ਤਾਂ ਇਨਸਾਨ ਆਪਣਾ ਦਾਅਵਾ ਛਡ ਦਿੰਦਾ ਹੈ। ਉਸਨੂੰ ਪਤਾ ਲਗ ਜਾਂਦਾ ਹੈ ਕਿ ਉਹ ਕੁਝ ਨਹੀਂ ਕਰਦਾ। ਸਭ ਹੁਕਮੀ ਦਾ ਹੁਕਮ ਕਰ ਰਿਹਾ ਹੈ। ਇਸ ਇੰਕਸ਼ਾਫ ਨਾਲ ਹਉਮੈ ਖਤਮ ਹੋ ਜਾਂਦੀ ਹੈ। |
| ਤਤਸਾਰ ਅਤੇ ਸਾਰੰਸ਼: ਹੁਕਮ ਦਾ ਭਾਵ ਅਕਾਲ ਪੁਰਖ ਦੀ ਮਰਜ਼ੀ ਜਾਂ ਰਜ਼ਾ ਤਾਂ ਹੈ ਹੀ ਪਰ ਨਾਲ ਦੀ ਨਾਲ ਇਸਦਾ ਭਾਵ ਵਿਚ ਹਰ ਥਾਂ ਤੇ ਰਮਿਆ ਹੋਇਆ ਨਾਮ ਵੀ ਹੈ। ਸ੍ਰੀ ਆਸਾ ਕੀ ਵਾਰ ਦੀ ਪਹਿਲੀ ਪਉੜੀ ਦਾ ਇਹ ਵਾਕ ਵਿਚਾਰਨ ਦੀ ਲੋੜ ਹੈ: ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ ॥ ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥ ਸੰਸਾਰ ਉਤਪਤੀ ਤੋਂ ਪਹਿਲਾਂ ਇਕ ਤਾਂ ਅਕਾਲ ਪੁਰਖ ਨੇ ਖੁਦ ਨੂੰ ਸਰਗੁਨ ਸਰੂਪ ਵਿਚ ਅਸਥਾਪਤ ਕੀਤਾ ਅਤੇ ਸੰਸਾਰ ਰਚਨਾ ਲਈ ਨਾਮ ਰੂਪੀ ਸ਼ਕਤੀ ਉਪਾਈ। ਫੇਰ ਇਸ ਨਾਮ ਦੀ ਸ਼ਕਤੀ ਤੋਂ 'ਦੁਯੀ ਕੁਦਰਤਿ ਸਾਜੀਐ' ਦਾ ਕਾਰਜ ਕੀਤਾ। ਇਸ ਪਉੜੀ ਵਿਚ ਗੁਰੂ ਜੀ ਨੇ ਫੁਰਮਾਇਆ ਹੈ ਕਿ ਸਭ ਆਕਾਰ 'ਹੁਕਮੀ' ਜਾਂ 'ਹੁਕਮਿ' ਹੋਏ ਹਨ। ਸੋ ਸਪਸ਼ਟ ਤੌਰ ਤੇ ਹੁਕਮ ਨਾਮ ਰੂਪੀ ਸ਼ਕਤੀ ਹੈ ਜਿਸ ਦੁਆਰਾ ਸਭ ਆਕਾਰ ਹੋਏ ਹਨ ਅਤੇ ਹੋਰ ਸੰਸਾਰ ਦੀ ਸਭ ਕਾਰ ਚਲ ਰਹੀ ਹੈ। | | | |
| ਪ੍ਰਾਤਕਥਨ: ਇਸ ਸਾਰੀ ਪਉੜੀ ਵਿਚ ਬਿਸ਼ਰਾਮ "ਕੋ" ਤੋਂ ਬਾਅਦ ਹੈ। "ਕੋ" ਦਾ ਭਾਵ ਹੈ ਕੌਣ। ਇਹ ਪ੍ਰਸ਼ਨਵਾਚੀ ਪੰਕਤੀਆਂ ਹਨ। ਅਜਿਹੇ ਪ੍ਰਸ਼ਨਾਂ ਦੇ ਉਤਰ ਦੀ ਲੋੜ ਨਹੀਂ ਹੁੰਦੀ। ਪ੍ਰਸ਼ਨ ਵਿਚ ਹੀ ਉਤਰ ਹੈ ਅਤੇ ਉਹ ਉਤਰ ਹੈ "ਨਹੀਂ" ਜਿਵੇਂ ਆਮ ਬੋਲੀ ਵਿਚ ਕਹਿ ਦਈਦਾ ਹੈ ਕਿ "ਕੌਣ ਵਾਹਿਗੁਰੂ ਵਰਗਾ ਹੋ ਸਕਦਾ ਹੈ?" ਇਥੇ ਜਵਾਬ ਦੀ ਲੋੜ ਨਹੀਂ। ਇਸ ਸਵਾਲਮਈ ਫਿਕਰੇ ਵਿਚ ਇਹ ਅਰਥ ਲੁਪਤ ਹੈ ਕਿ ਕੋਈ ਵਾਹਿਗੁਰੂ ਜੀ ਵਰਗਾ ਨਹੀਂ ਹੋ ਸਕਦਾ। | | | |
| ਗਾਵੈ ਕੋ ਤਾਣੁ; ਹੋਵੈ ਕਿਸੈ ਤਾਣੁ ॥ | | ਗਾਵੈ ਕੋ = ਕੌਣ ਗਾ ਸਕਦਾ ਹੈ?; ਤਾਣੁ = ਤਾਕਤ; ਹੋਵੈ ਕਿਸੈ ਤਾਣੁ = ਕਿਸ ਵਿਚ ਇਤਨਾ ਤਾਣ ਹੋ ਸਕਦਾ ਹੈ? | ਕੌਣ ਗਾ ਸਕਦਾ ਹੈ ਉਸਦੇ ਤਾਣ (ਤਾਕਤ) ਨੂੰ, ਕਿਸ ਵਿਚ ਇਤਨਾ ਤਾਣ ਹੋਵੇ (ਭਾਵ ਨਹੀਂ ਗਾ ਸਕਦਾ ਨਾ ਹੀ ਕਿਸੇ ਵਿਚ ਇਤਨਾ ਤਾਣ ਹੈ)। |
| ਗਾਵੈ ਕੋ; ਦਾਤਿ, ਜਾਣੈ ਨੀਸਾਣੁ ॥ | ਨੀਸ਼ਾਣੁ | ਗਾਵੈ ਕੋ = ਕੌਣ ਗਾ ਸਕਦਾ ਹੈ?; ਦਾਤਿ = ਨਾਮ ਰੂਪੀ ਦਾਤਿ; ਨੀਸਾਣੁ = ਰੱਬੀ ਨੀਸਾਣੁ ਜੋ ਗੁਰਮੁਖਾਂ ਦੇ ਮਸਤਕ ਤੇ ਭਗਤੀ ਕਰਨ ਕਰਕੇ ਪ੍ਰਭੂ ਵਲੋਂ ਪਰਵਾਨਗੀ ਵਜੋਂ ਪੈਂਦਾ ਹੈ। | ਕੌਣ ਗਾ ਸਕਦਾ ਹੈ ਉਸਦੀ (ਨਾਮ ਰੂਪੀ ਇਲਾਹੀ) ਦਾਤ ਨੂੰ ਅਤੇ ਕੌਣ ਗਾ ਸਕਦਾ ਹੈ ਅਤੇ ਜਾਣ ਸਕਦਾ ਹੈ (ਗੁਰਮਤਿ ਭਗਤੀ ਦੇ ਫਲ ਵਜੋਂ ਮਸਤਕ ਤੇ ਪਰਵਾਨਗੀ ਦੇ) ਨੀਸਾਣ ਨੂੰ।<br><br>ਗੁਰਮਤਿ ਭਗਤੀ ਦੇ ਫਲ ਵਜੋਂ, ਗੁਰਮੁਖਾਂ ਦੇ ਮਸਤਕ ਤੇ ਇਲਾਹੀ ਪਰਵਾਨਗੀ ਦਾ ਨੀਸ਼ਾਣ ਪਰਗਟ ਹੁੰਦਾ ਹੈ। "ਅਗੈ ਪੁਛ ਨ ਹੋਵਈ ਜੇ ਸਣੁ ਨੀਸਾਣੈ ਜਾਇ॥" ਜੈਸੇ ਗੁਰਵਾਕ ਜਿਸ ਇਲਾਹੀ ਨੀਸਾਣ ਦੀ ਗਲ ਕਰਦੇ ਹਨ, ਉਸੇ ਨੀਸਾਣ ਦਾ ਇਸ ਪੰਕਤੀ ਵਿਚ ਜ਼ਿਕਰ ਹੈ। |
| ਗਾਵੈ ਕੋ; ਗੁਣ, ਵਡਿਆਈਆ ਚਾਰ ॥ | ਵਡਿਆਈਆਂ | ਚਾਰ = ਸੁੰਦਰ। ਇਹ ਅਰਬੀ ਦਾ ਲਫਜ਼ ਹੈ। ਗਿਣਤੀਬੋਧਕ ਅੰਕ '੪' ਨੂੰ ਗੁਰਬਾਣੀ ਵਿਚ "ਚਾਰਿ" ਵਾਂਗ ਲਿਖਿਆ ਜਾਂਦਾ ਹੈ। | ਕੌਣ ਗਾ ਸਕਦਾ ਹੈ ਉਸਦੇ ਗੁਣਾਂ ਨੂੰ ਅਤੇ ਉਸਦੀਆਂ ਵਡਿਆਈਆਂ ਨੂੰ ਜੋ ਕਿ ਚਾਰ ਹਨ ਭਾਵ ਸੁੰਦਰ ਹਨ। |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਪਦ ਅਰਥ | ਸਰਲ ਅਰਥ ਵਿਚਾਰ |
| ਗਾਵੈ ਕੋ; ਵਿਦਿਆ ਵਿਖਮੁ ਵੀਚਾਰੁ ॥ | | ਵਿਦਿਆ = ਬ੍ਰਹਮਵਿਦਿਆ, ਬ੍ਰਹਮਗਿਆਨ; ਵਿਖਮੁ = ਮੁਸ਼ਕਿਲ; ਵੀਚਾਰ = ਸਮਝ, ਨਿਰਣਾ। | ਕੌਣ ਗਾ ਸਕਦਾ ਹੈ ਉਸਦੀ ਵਿਦਿਆ ਨੂੰ ਜਿਸਦਾ ਵਿਚਾਰ ਬਹੁਤ ਬਿਖਮ ਹੈ ਭਾਵ ਔਖਾ ਹੈ। ਵਿਦਿਆ ਤੋਂ ਭਾਵ ਇਥੇ ਬ੍ਰਹਮਵਿਦਿਆ ਤੋਂ ਹੈ। ਇਹ ਬ੍ਰਹਮਵਿਦਿਆ ਸਤਿਗੁਰਾਂ ਨੇ ਗੁਰਬਾਣੀ ਦੇ ਰੂਪ ਵਿਚ ਪਰਗਟ ਕੀਤੀ ਹੈ। |
| ਗਾਵੈ ਕੋ; ਸਾਜਿ ਕਰੇ ਤਨੁ ਖੇਹ ॥ | | ਸਾਜਿ = ਸਾਜ ਕੇ, ਬਣਾ ਕੇ; ਤਨੁ = ਸਰੀਰ; ਖੇਹ = ਮਿਟੀ। | ਕੌਣ ਗਾ ਸਕਦਾ ਹੈ ਉਸਨੂੰ ਜੋ ਕਿ ਸਰੀਰ ਸਾਜ ਕੇ ਖੇਹ ਕਰ ਦਿੰਦਾ ਹੈ। |
| ਗਾਵੈ ਕੋ; ਜੀਅ ਲੈ ਫਿਰਿ ਦੇਹ ॥ | | ਦੇਹ = ਸਰੀਰ। | ਕੌਣ ਗਾ ਸਕਦਾ ਹੈ ਉਸਨੂੰ ਜੋ ਜੀਆਂ ਪਾਸੋਂ ਦੇਹ ਲੈ ਕੇ ਫੇਰ ਦੇ ਦਿੰਦਾ ਹੈ। ਇਸਦਾ ਭਾਵ ਹੈ ਕਿ ਰੱਬ ਜੀਵਾਂ ਨੂੰ ਇਕ ਸਰੀਰ ਦੇ ਕੇ ਵਾਪਸ ਲੈ ਲੈਂਦਾ ਹੈ ਅਤੇ ਫੇਰ ਨਵਾਂ ਸਰੀਰ ਦੇ ਦਿੰਦਾ ਹੈ। ਇਸ ਤਰ੍ਹਾਂ ਆਵਾਗਉਣ ਦਾ ਚੱਕਰ ਚਲਾਈ ਰਖਦਾ ਹੈ। |
| ਗਾਵੈ ਕੋ; ਜਾਪੈ ਦਿਸੈ ਦੂਰਿ ॥ | | ਜਾਪੈ = ਜਾਪਦਾ ਹੈ, ਲਗਦਾ ਹੈ; ਦਿਸੈ ਦੂਰਿ = ਦੂਰ ਭਾਸਦਾ ਹੈ। | ਕੌਣ ਗਾ ਸਕਦਾ ਹੈ ਉਸਨੂੰ ਜੋ ਕਿ ਜਾਪਦਾ ਤਾਂ ਹੈ (ਕਿ ਉਹ ਹੈ) ਪਰ ਦੂਰ ਦਿਸਦਾ ਹੈ। |
| ਗਾਵੈ ਕੋ; ਵੇਖੈ ਹਾਦਰਾ ਹਦੂਰਿ ॥ | | ਹਾਦਰਾ ਹਦੂਰਿ = ਪਾਸ, ਨੇੜੇ। | ਕੌਣ ਗਾ ਸਕਦਾ ਹੈ ਉਸਨੂੰ ਜੋ ਕਿ ਹਾਜ਼ਰ ਹਜ਼ੂਰ ਹੋ ਕਿ ਸਭ ਨੂੰ ਦੇਖਦਾ ਹੈ। |
| ਕਥਨਾ ਕਥੀ; ਨ ਆਵੈ ਤੋਟਿ ॥ | | ਕਥਨਾ = ਕਥਾ; ਕਥੀ = ਕਥੀ ਹੈ (ਕਿਰਿਆਵਾਚੀ); ਤੋਟਿ = ਕਮੀ। | "ਕਥਨਾ" ਦਾ ਭਾਵ ਹੈ ਕਥਾ ਤੇ "ਕਥੀ" ਕਿਰਿਆ ਹੈ। ਪੰਕਤੀ ਦਾ ਭਾਵ ਹੈ - ਕਥਨਾ ਕਥੀ (ਹੈ ਕਈਆਂ ਨੇ) ਪਰ ਇਸ ਕਥਾ ਦੀ ਤੋਟਿ ਨਹੀਂ ਆਉਂਦੀ ਭਾਵ ਕਥਾ ਇਤਨੀ ਜ਼ਿਆਦਾ ਹੈ ਕਿ ਕੱਥ ਨਹੀਂ ਹੁੰਦੀ। |
| ਕਥਿ ਕਥਿ ਕਥੀ ਕੋਟੀ; ਕੋਟਿ ਕੋਟਿ ॥ | ਕੋਟੀਂ | ਬਿਸ਼ਰਾਮ "ਕੋਟੀ" ਤੋਂ ਬਾਅਦ ਹੈ ਨਾ ਕਿ "ਕਥੀ" ਤੋਂ ਬਾਅਦ। | ਕੋਟਾਂ ਨੇ ਕੋਟਿ ਕੋਟਿ ਵਾਰ (ਅਕਾਲ ਪੁਰਖ ਦੀ ਕਥਨੀ) ਕੱਥ ਕੱਥ ਕੇ ਕਥੀ ਹੈ। |
| ਦੇਦਾ ਦੇ; ਲੈਦੇ ਥਕਿ ਪਾਹਿ ॥ | ਦੇਂਦਾ, ਲੈਂਦੇ, ਪਾਹਿੰ | ਦੇਦਾ - ਦੇਣਵਾਲ, ਲੈਦੇ - ਲੈਣਵਾਲੇ। | ਦੇਣਵਾਲਾ ਦਈ ਜਾਂਦਾ ਹੈ ਅਤੇ ਲੈਣ ਵਾਲੇ ਥੱਕ ਜਾਂਦੇ ਹਨ (ਲੈ ਲੈ ਕੇ)। |
| ਜੁਗਾ ਜੁਗੰਤਰਿ; ਖਾਹੀ ਖਾਹਿ ॥ | ਜੁਗਾਂ, ਖਾਹਿੰ | ਜੁਗਾ ਜੁਗੰਤਰਿ = ਜੁਗਾਂ ਜੁਗਾਂ ਤੋਂ; ਖਾਹੀ = ਖਾਣਜੋਗ ਪਦਾਰਥ ਭਾਵ ਪ੍ਰਭੂ ਦੀ ਦਿਤੀ ਹੋਈ ਦਾਤਿ ਜਾਂ ਖੁਰਾਕ। ਇਹ ਕਿਰਦੰਤ ਹੈ ਜੋ ਕਿ ਕਿਰਿਆ ਧਾਤੂ "ਖਾ" ਤੋਂ ਬਣਿਆ ਹੈ ਅਤੇ ਨਾਂਵ ਰੂਪ ਵਿਚ ਵਰਤਿਆ ਗਿਆ ਹੈ। ਖਾਹੀ" ਦਾ ਉਚਾਰਨ "ਖਾਹੀਂ" ਕਰਨਾ ਠੀਕ ਨਹੀਂ ਹੈ।; ਖਾਹਿ = ਖਾਂਦੇ ਹਨ। | (ਲੈਣਵਾਲੇ) ਜੁਗਾਂ ਜੁਗੰਤਰਾਂ ਤਕ (ਦੇਣਵਾਲੇ ਪ੍ਰਭੂ ਦੀ) ਖਾਹੀ ਖਾਂਦੇ ਹਨ। |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਪਦ ਅਰਥ** | **ਸਰਲ ਅਰਥ ਵਿਚਾਰ** |
| ਹੁਕਮੀ ਹੁਕਮੁ; ਚਲਾਏ ਰਾਹੁ ॥ | | ਹੁਕਮੀ = ਹੁਕਮਵਾਲਾ ਪ੍ਰਭੂ; ਹੁਕਮ = ਭਾਣਾ, ਇਕ ਮਰਿਆਦਾ ਜਾਂ ਸਿਸਟਮ ਜਿਸ ਅਧੀਨ ਸੰਸਾਰ ਉਪਜਦਾ ਹੈ ਅਤੇ ਚਲਦਾ ਹੈ। | ਹੁਕਮੀ ਦਾ ਹੁਕਮ ਰਾਹ (ਸੰਸਾਰ ਦਾ ਰਾਹ) ਚਲਾਉਂਦਾ ਹੈ ਭਾਵ ਦੁਨੀਆ ਨੂੰ ਚਲਾਉਣ ਵਾਲਾ ਹੁਕਮੀ ਦਾ ਹੁਕਮ ਹੈ।<br><br>ਵਿਆਕਰਣ ਮੁਤਾਬਕ ਇਸ ਪੰਕਤੀ ਦਾ ਅਰਥ ਹੈ ਹੁਕਮੀ ਦਾ ਹੁਕਮ ਰਾਹ ਚਲਾਉਂਦਾ ਹੈ। ਇਹ ਅਰਥ ਠੀਕ ਨਹੀਂ ਕਿ - ਹੁਕਮੀ, ਆਪਣੇ ਹੁਕਮ ਰਾਹੀਂ ਰਾਹ ਚਲਾਉਂਦਾ ਹੈ ਕਿਉਂਕਿ "ਹੁਕਮੁ" ਦੇ ਅਖੀਰ ਵਿਚ ਔਂਕੜ ਲਗਿਆ ਹੋਣ ਕਰਕੇ ਇਸ ਵਿਚੋਂ ਸੰਬੰਧਕ ਨਹੀਂ ਨਿਕਲ ਸਕਦਾ।<br><br>ਹੁਕਮ ਦਾ ਅਰਥ ਅਸਲ ਵਿਚ ਨਾਮ ਹੀ ਹੈ। ਅਕਾਲ ਪੁਰਖ ਦਾ ਨਾਮ ਸ੍ਰਿਸ਼ਟੀ ਦੇ ਬਨਾਉਣ ਤੋਂ ਪਹਿਲਾਂ ਰਚਿਆ ਗਿਆ ਸੀ ਜੈਸਾ ਕਿ ਸ੍ਰੀ ਆਸਾ ਕੀ ਵਾਰ ਦੀ ਪਹਿਲੀ ਪਉੜੀ ਵਿਚ ਦਰਜ ਹੈ। ਨਾਮ ਅਕਾਲ ਪੁਰਖ ਦੀ ਸ਼ਕਤੀ ਹੈ ਜਿਸ ਦੁਆਰਾ ਸਾਰੀ ਰਚਨਾ ਕੀਤੀ ਗਈ ਹੈ ਅਤੇ ਜੋ ਹੁਣ ਦੁਨੀਆ ਨੂੰ ਥੰਮ ਰਹੀ ਹੈ। |
| ਨਾਨਕ, ਵਿਗਸੈ ਵੇਪਰਵਾਹੁ ॥੩॥ | | ਵਿਗਸੈ = ਪ੍ਰਸੰਨ ਹੁੰਦਾ ਹੈ; ਵੇਪਰਵਾਹੁ = ਫਿਕਰ ਤੋਂ ਰਹਿਤ। | ਗੁਰੂ ਜੀ "ਨਾਨਕ" ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ ਵੇਪਰਵਾਹ ਪ੍ਰਭੂ (ਸਦਾ) ਵਿਗਸਦਾ ਹੈ ਭਾਵ ਸਦਾ ਪ੍ਰਸੰਨ ਰਹਿੰਦਾ ਹੈ। |
| ਸਾਚਾ ਸਾਹਿਬੁ, ਸਾਚੁ ਨਾਇ, ਭਾਖਿਆ ਭਾਉ, ਅਪਾਰੁ ॥ | ਨਾਂਇਂ | ਸਾਚੁ ਨਾਇ = ਸਾਚ ਨਾਉ ਵਾਲਾ; ਭਾਖਿਆ = ਬੋਲੀ; ਭਾਉ = ਪ੍ਰੇਮ। | ਸਾਹਿਬ ਸੱਚਾ ਹੈ, ਸਚੇ ਨਾਉਂ ਵਾਲਾ ਹੈ, ਉਸਦੀ ਬੋਲੀ (ਭਾਖਿਆ) ਭਾਉ (ਪ੍ਰੇਮ) ਹੈ, ਉਹ ਅਪਾਰ (ਬੇਅੰਤ) ਹੈ। |
| ਆਖਹਿ, ਮੰਗਹਿ, ਦੇਹਿ ਦੇਹਿ; ਦਾਤਿ ਕਰੇ ਦਾਤਾਰੁ ॥ | ਆਖਹਿਂ, ਮੰਗਹਿਂ | ਆਖਹਿ = ਆਖਦੇ ਹਨ ਭਾਵ ਸਲਾਹੁੰਦੇ ਹਨ; ਮੰਗਹਿ = ਮੰਗਦੇ ਹਨ; ਦੇਹਿ ਦੇਹਿ = "ਦੇ ਦੇ" ਕਰਕੇ ਮੰਗਦੇ ਹਨ; ਦਾਤਾਰੁ = ਦਾਤਿ ਦੇਣ ਵਾਲਾ ਦਾਤਾ ਅਕਾਲ ਪੁਰਖ। | (ਜੀਵ ਉਸਨੂੰ) ਆਖਦੇ ਹਨ (ਭਾਵ ਸਲਾਹੁੰਦੇ ਹਨ), (ਫੇਰ) ਮੰਗਦੇ ਹਨ "ਦੇਹਿ ਦੇਹਿ" ਕਰਕੇ; ਦਾਤਾਰ ਪ੍ਰਭੂ (ਸੁਣਕੇ) ਦਾਤਿ ਕਰਦਾ ਹੈ ਭਾਵ ਦਾਤਾਂ ਦਿੰਦਾ ਹੈ।<br><br>ਇਸ ਪੰਕਤੀ ਤੋਂ ਗੁਰਮਤਿ ਦਾ ਮੰਗਣ ਵਾਲਾ ਸਿਧਾਂਤ ਉਜਾਗਰ ਹੁੰਦਾ ਹੈ। ਕੁਝ ਮੰਗਣ ਤੋਂ ਪਹਿਲਾਂ ਆਖਣਾ ਭਾਵ ਸਿਫਤਿ ਸਾਲਾਹ ਕਰਨੀ ਚਾਹੀਦੀ ਹੈ ਤਾਂ ਦਾਤਾਰ ਪ੍ਰਭੂ ਦਾਤਿ ਦਿੰਦਾ ਹੈ। ਸਿਫਤਿ ਸਾਲਾਹ ਤੋਂ ਬਿਨਾਂ ਮੰਗਣ ਨਾਲ ਦਾਤਿ ਨਹੀਂ ਮਿਲਦੀ। ਗੁਰਮਤਿ ਅਨੁਸਾਰੀ ਸਿਫਤਿ ਸਾਲਾਹ ਜੋ ਕਿ ਗੁਰਬਾਣੀ ਦੇ ਪਾਠ ਰਾਹੀਂ ਜਾਂ ਕੀਰਤਨ ਰਾਹੀਂ ਜਾਂ ਫੇਰ ਸਚੇ ਨਾਮ ਦੇ ਜਾਪ ਰਾਹੀਂ ਮੁਮਕਿਨ ਹੈ, ਕਰਨ ਨਾਲ ਦਾਤਾਰ ਪ੍ਰਸੰਨ ਹੋ ਕਿ ਮੰਗੀ ਹੋਈ ਦਾਤਿ ਬਖਸ਼ਦਾ ਹੈ। |
| ਫੇਰਿ, ਕਿ ਅਗੈ ਰਖੀਐ; ਜਿਤੁ ਦਿਸੈ ਦਰਬਾਰੁ ॥ | | ਦਰਬਾਰੁ = ਅਕਾਲ ਪੁਰਖ ਦਾ ਦਰਬਾਰ, ਸਚਖੰਡ। | (ਜਦਕਿ ਸਾਡੇ ਪਾਸ ਜੋ ਵੀ ਹੈ, ਸੋ ਉਸਦੀ ਬਖਸ਼ੀ ਹੋਈ ਦਾਤਿ ਹੈ) ਫੇਰ, ਉਸਦੇ ਅਗੇ ਕੀ ਰਖੀਏ ਕਿ ਉਸਦਾ ਦਰਬਾਰ ਦਿੱਸ ਪਵੇ? |
| ਮੁਹੌ, ਕਿ ਬੋਲਣੁ ਬੋਲੀਐ; ਜਿਤੁ ਸੁਣਿ ਧਰੇ ਪਿਆਰੁ ॥ | ਮੁਹੌਂ | ਮੁਹੌ = ਮੂੰਹ ਤੋਂ, ਬੋਲਣੁ = ਬੋਲ, ਸੁਣਿ = ਸੁਣ ਕੇ; ਧਰੇ ਪਿਆਰ = ਪਿਆਰ ਕਰੇ। | ਮੂਹੋਂ ਕੀ ਬੋਲਣ (ਬੋਲ) ਬੋਲੀਏ ਜਿਸਨੂੰ ਸੁਣਕੇ ਉਹ ਪਿਆਰ ਧਰੇ?<br><br>ਇਸ ਪੰਕਤੀ ਤੋਂ ਸਾਬਤ ਹੋ ਜਾਂਦਾ ਹੈ ਕਿ ਇਕ ਖਾਸ ਮਖਸੂਸੀ ਸ਼ਬਦ ਜਾਂ ਬੋਲ ਹੈ ਜਿਸਨੂੰ ਸੁਣ ਕੇ ਪ੍ਰਭੂ ਜੀਵ ਨਾਲ ਪਿਆਰ ਕਰਦਾ ਹੈ। ਇਹ ਬੋਲ ਨਿਸੰਦੇਹ ਗੁਰਮਤਿ ਨਾਮ ਗੁਰਮੰਤ੍ਰ ਵਾਲਾ ਬੋਲ ਹੈ। ਗਿਆ। |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਪਦ ਅਰਥ** | **ਸਰਲ ਅਰਥ ਵਿਚਾਰ** |
| ਅੰਮ੍ਰਿਤ ਵੇਲਾ, ਸਚੁ ਨਾਉ, ਵਡਿਆਈ ਵੀਚਾਰੁ ॥ | ਨਾਂਉਂ | ਅੰਮ੍ਰਿਤ ਵੇਲਾ = ਸੂਰਜ ਚੜ੍ਹਨ ਤੋਂ ਲੈ ਕੇ ਸਵਾ ਪਹਿਰ ਪਹਿਲਾਂ ਦਾ ਸਮਾਂ। ਇਹ ਸਮਾਂ ਗੁਰਮਤਿ ਦੇ ਆਦਿ ਕਾਲ ਤੋਂ ਹੀ ਗੁਰਮੁਖਿ ਪਿਆਰੇ ਸੰਭਾਲਦੇ ਰਹੇ ਹਨ ਅਤੇ ਇਸ ਸਮੇਂ ਪ੍ਰਭੂ ਦੇ ਪਿਆਰ ਵਿਚ ਨਾਮ ਗੁਰਬਾਣੀ ਦਾ ਸੇਵਨ ਕਰਦੇ ਰਹੇ ਹਨ ਅਤੇ ਇਸ ਬਿਧਿ ਸਿਫਤਿ ਸਾਲਾਹ ਕਰਦੇ ਰਹੇ ਹਨ। | ਅੰਮ੍ਰਿਤ ਵੇਲਾ ਹੋਵੇ, ਸੱਚਾ ਨਾਂਉ ਹੋਵੇ ਅਤੇ ਵਡਿਆਈ ਵਿਚਾਰ ਹੋਵੇ।<br><br>ਵਡਿਆਈ ਦਾ ਭਾਵ ਹੈ ਗੁਰਬਾਣੀ। ਗੁਰਬਾਣੀ ਤੋਂ ਛੁੱਟ ਪ੍ਰਭੂ ਦੀ ਵਡਿਆਈ ਹੋਰ ਕਿਥੇ ਦਰਜ ਹੈ ਅਤੇ ਹੋਰ ਕਿਸ ਤਰੀਕੇ ਨਾਲ ਉਸਦੀ ਵਡਿਆਈ ਹੋ ਸਕਦੀ ਹੈ? ਬਸ ਗੁਰਬਾਣੀ ਦਾ ਪਾਠ ਕੀਰਤਨ ਸਮਝ ਕੇ ਕਰਨਾ ਅਤੇ ਧਿਆਨ ਨਾਲ ਤਖਈਅਲ ਵਿਚ ਕਰਨਾ ਅਕਾਲ ਪੁਰਖ ਦੀ ਵਡਿਆਈ ਦਾ ਵਿਚਾਰ ਕਰਨਾ ਹੈ। |
| ਕਰਮੀ ਆਵੈ ਕਪੜਾ; ਨਦਰੀ ਮੋਖੁ ਦੁਆਰੁ ॥ | | ਕਰਮੀ = ਕਰਮ ਨਾਲ, ਮਿਹਰ ਨਾਲ; ਕਪੜਾ = "ਸਿਫਤਿ ਸਰਮ ਕਾ ਕਪੜਾ ਮਾਂਗਉ...॥ ਸਿਫਤਿ ਸਾਲਾਹ ਰੂਪੀ ਕਪੜਾ; ਨਦਰੀ = ਨਦਰਿ ਨਾਲ, ਮਿਹਰ ਨਾਲ; ਮੋਖੁ ਦੁਆਰੁ = ਮੁਕਤ ਦੁਆਰਾ। | ਉਹਦੇ ਕਰਮ (ਮਿਹਰ) ਕਰਕੇ ਪਤਿ ਦਾ ਕਪੜਾ ਮਿਲਦਾ ਹੈ ਤੇ ਤੇ ਉਹਦੀ ਨਦਰਿ ਕਰਕੇ ਮੋਖ ਦੁਆਰਾ ਮਿਲਦਾ ਹੈ।<br><br>ਇਸ ਤੋ ਪਹਿਲੀ ਪੰਕਤੀ ਵਿਚ ਦਸਿਆ ਹੈ ਕਿ ਅੰਮ੍ਰਿਤ ਵੇਲੇ ਦੀ ਸਿਫਤਿ ਸਾਲਾਹ ਹੋਵੇ ਅਤੇ ਇਸ ਪੰਕਤੀ ਵਿਚ ਦਸਿਆ ਹੈ ਕਿ ਇਹ ਸਿਫਤਿ ਸਾਲਾਹ ਦੀ ਦਾਤਿ ਉਸਦੇ ਕਰਮ ਨਾਲ ਮਿਲਦੀ ਹੈ ਅਤੇ ਨਦਰਿ ਨਾਲ ਸਿਫਤਿ ਸਾਲਾਹ ਦਾ ਫਲ ਮੋਖ ਦੁਆਰਾ ਮਿਲਦਾ ਹੈ। ਇਹ ਅਰਥ ਕਿ ਕਰਮਾਂ ਨਾਲ ਸਰੀਰ ਰੂਪੀ ਕਪੜਾ ਮਿਲਦਾ ਹੈ ਇਥੇ ਅਪ੍ਰਸੰਗਕ ਹੈ ਭਾਵ ਢੁਕਦਾ ਨਹੀਂ ਹੈ। |
| ਨਾਨਕ, ਏਵੈ ਜਾਣੀਐ; ਸਭੁ ਆਪੇ ਸਚਿਆਰੁ ॥੪॥ | ਏਵੈਂ | ਏਵੈ = ਇਦਾਂ; ਸਚਿਆਰ = ਸਤਯ + ਆਕਾਰ, ਜਿਸਦਾ ਆਕਾਰ ਸਤਯ ਹੋਵੇ, ਮੁਜੱਸਮ ਸਚ, ਪ੍ਰਭੂ। | ਗੁਰੂ ਜੀ "ਨਾਨਕ" ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ ਇਦਾਂ ਜਾਣੀਏ (ਜਿਵੇਂ ਉਪਰ ਦਸਿਆ ਹੈ) ਉਸ ਪ੍ਰਭੂ ਨੂੰ ਜੋ ਕਿ ਸਭ ਆਪੇ ਹੀ ਹੈ ਅਤੇ ਸਚ ਆਕਾਰ ਹੈ ਭਾਵ ਮੁਜੱਸਮ ਸੱਚ ਹੈ। |
| ਤਤਸਾਰ ਅਤੇ ਸਾਰੰਸ਼: ਜਪੁਜੀ ਸਾਹਿਬ ਦੀ ਚੌਥੀ ਪਉੜੀ ਵਿਚ ਬਹੁਤ ਅਧਿਆਤਮਕ ਗਿਆਨ ਹੈ। ਦੂਸਰੀ ਪੰਕਤੀ ਤੋਂ ਪਤਾ ਲਗਦਾ ਹੈ ਕਿ ਅਕਾਲ ਪੁਰਖ ਤੋਂ ਕੁਝ ਵੀ ਮੰਗਣ ਤੋਂ ਪਹਿਲਾਂ ਉਸਨੂੰ ਆਖਣਾ ਜ਼ਰੂਰੀ ਹੈ। "ਆਖਹਿ" ਤੋਂ ਭਾਵ ਹੈ ਮੰਗਣਵਾਲੇ ਪਹਿਲਾਂ ਅਕਾਲ ਪੁਰਖ ਨੂੰ ਆਖਦੇ ਹਨ ਭਾਵ ਸਲਾਹੁੰਦੇ ਹਨ ਅਤੇ ਫੇਰ "ਮੰਗਹਿ" ਭਾਵ ਮੰਗਦੇ ਹਨ। ਕਿਵੇਂ ਮੰਗਦੇ ਹਨ? "ਦੇਹਿ ਦੇਹਿ" ਕਹਿ ਕੇ ਮੰਗਦੇ ਹਨ ਅਤੇ ਹਕ ਨਾਲ ਮੰਗਦੇ ਹਨ। ਇਸਦਾ ਨਤੀਜਾ ਇਹ ਨਿਕਲਦਾ ਹੈ ਕਿ ਦਾਤਾਰ ਪ੍ਰਭੂ ਦਾਤਿ ਕਰ ਦਿੰਦਾ ਹੈ। ਪੰਕਤੀਆਂ ਨੰਬਰ ੩, ੪ ਅਤੇ ੫ ਸਿਖਾਉਂਦੀਆਂ ਹਨ ਕਿ ਕੁਝ ਹੈ ਜੋ ਆਪਾਂ ਅਕਾਲ ਪੁਰਖ ਦੇ ਅਗੇ ਰਖੀਏ ਤਾਂ ਉਸਦਾ ਦਰਬਾਰ ਦਿਸ ਪੈਂਦਾ ਹੈ ਅਤੇ ਕੁਝ ਅਜਿਹਾ ਬੋਲ ਹੈ ਜਿਸਦੇ ਬੋਲਣ ਨਾਲ ਉਹ ਵਾਹਿਗੁਰੂ ਸਾਡੇ ਤੇ ਪਿਆਰ ਧਰਦਾ ਹੈ। ਤਿਨ ਚੀਜ਼ਾਂ ਚਾਹੀਦੀਆਂ ਹਨ ਜਿਨ੍ਹਾਂ ਸਦਕਾ ਦਰਬਾਰ ਵੀ ਦਿਸ ਪੈਂਦਾ ਹੈ ਅਤੇ ਪਿਆਰ ਵੀ ਮਿਲ ਜਾਂਦਾ ਹੈ। ਪਹਿਲੀ ਚੀਜ਼ ਹੈ ਅੰਮ੍ਰਿਤ ਵੇਲਾ, ਦੂਸਰੀ ਚੀਜ਼ ਹੈ ਅੰਮ੍ਰਿਤ ਵੇਲੇ ਸਚਾ ਨਾਉਂ ਹੋਵੇ ਅਤੇ ਤੀਸਰੀ ਚੀਜ਼ ਹੈ ਅੰਮ੍ਰਿਤ ਵੇਲੇ ਵਡਿਆਈ ਵਿਚਾਰ ਭਾਵ ਗੁਰਬਾਣੀ ਹੋਵੇ। ਜੇ ਅੰਮ੍ਰਿਤ ਵੇਲੇ ਨਾਮ ਜਪਿਆ ਜਾਵੇ ਅਤੇ ਗੁਰਬਾਣੀ ਦਾ ਪਾਠ ਕੀਰਤਨ ਕੀਤਾ ਜਾਵੇ ਤਾਂ ਪ੍ਰਾਪਤੀ ਹੋ ਜਾਂਦੀ ਹੈ। ਫੇਰ ਉਸਦੀ ਕਿਰਪਾ ਨਾਲ ਪਤਿ ਦਾ ਕਪੜਾ ਮਿਲਦਾ ਹੈ ਅਤੇ ਉਸਦੀ ਮਿਹਰ ਨਾਲ ਮੋਖ ਦੁਆਰਾ ਨਸੀਬ ਹੁੰਦਾ ਹੈ। | | | |
| ਥਾਪਿਆ ਨ ਜਾਇ; ਕੀਤਾ ਨ ਹੋਇ ॥ | | ਥਾਪਿਆ = ਅਸਥਾਪਤ ਕਰਨਾ; ਜਾਇ = ਜੰਮਣਾ; ਕੀਤਾ = ਬਨਾਉਣਾ। | ਅਕਾਲ ਪੁਰਖ ਨੂੰ (ਕਿਸੇ ਵਲੋਂ) ਨਾ ਥਾਪਿਆ ਗਿਆ ਹੈ ਨਾ ਹੀ ਜੰਮਿਆ ਗਿਆ ਹੈ; ਉਹ ਕਿਸੇ ਦਾ ਕੀਤਾ ਹੋਇਆ (ਬਣਾਇਆ ਹੋਇਆ) ਨਹੀਂ ਹੈ। |
| ਆਪੇ ਆਪਿ, ਨਿਰੰਜਨੁ ਸੋਇ ॥ | | ਆਪੇ ਆਪਿ = ਆਪਣੇ ਆਪ ਹੀ ਹੈ, ਆਪਣੇ ਆਪ ਤੋਂ; ਨਿਰੰਜਨ = ਨਿਰ + ਅੰਜਨ (ਸੁਰਮਾ) = ਅੰਜਨ ਤੋਂ ਰਹਿਤ, ਮਾਇਆ ਦੀ ਗੰਦਗੀ ਤੋਂ ਰਹਿਤ। | (ਫੇਰ ਉਹ ਕਿਦਾਂ ਹੋਇਆ ਹੈ?) ਉਹ ਆਪੇ ਆਪ ਹੈ ਭਾਵ ਆਪਣੇ ਆਪ ਤੋਂ ਹੀ ਹੈ, ਅਤੇ ਨਿਰੰਜਨ ਹੈ (ਮਾਇਆ ਰੂਪੀ ਅੰਜਨ ਤੋਂ ਰਹਿਤ ਹੈ)। |

## ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ

| ਗੁਰਬਾਣੀ ਪਾਠ | ਉਚਾਰਨ ਸੇਧ | ਪਦ ਅਰਥ | ਸਰਲ ਅਰਥ ਵਿਚਾਰ |
|---|---|---|---|
| ਜਿਨਿ ਸੇਵਿਆ; ਤਿਨਿ ਪਾਇਆ ਮਾਨੁ ॥ | | ਸੇਵਿਆ = ਭਜਿਆ, ਸਿਮਰਿਆ; ਜਿਨਿ = ਜਿਸ ਨੇ। "ਜਿਨਿ" ਇਕ ਵਚਨੀ ਪੜਨਾਂਵ ਹੈ। ਤਿਨਿ = ਤਿਸ ਨੇ, ਉਸ ਨੇ। "ਤਿਨਿ" ਇਕ ਵਚਨੀ ਪੜਨਾਂਵ ਹੈ। ਜਿਨਿ ਅਤੇ ਤਿਨਿ ਦੇ ਬਹੁਵਚਨੀ ਰੂਪ ਹਨ - ਜਿਨ ਅਤੇ ਤਿਨ। | ਜਿਸ ਨੇ ਅਕਾਲ ਪੁਰਖ ਨੂੰ (ਗੁਰਮਤਿ ਅਨੁਸਾਰ) ਸੇਵਿਆ ਹੈ, ਉਸ ਨੇ ਮਾਨ ਪਾਇਆ ਹੈ।<br><br>ਗੁਰਮਤਿ ਵਿਚ ਅਕਾਲ ਪੁਰਖ ਦੀ ਸੇਵਾ ਤੋਂ ਮੁਰਾਦ ਹੈ ਉਸਦੀ ਗੁਰਮਤਿ ਅਨੁਸਾਰ ਭਗਤੀ ਕਰਨੀ ਭਾਵ ਗੁਰਮਤਿ ਦੇ ਦਾਇਰੇ ਵਿਚ ਰਹਿ ਕੇ, ਗੁਰਮਤਿ ਰਹਿਤ ਬਹਿਤ ਰੱਖ ਕੇ ਗੁਰਮਤਿ ਨਾਮ ਜਪਣਾ ਅਤੇ ਗੁਰਬਾਣੀ ਦਾ ਸੇਵਨ ਕਰਨਾ। |
| ਨਾਨਕ, ਗਾਵੀਐ ਗੁਣੀ ਨਿਧਾਨੁ ॥ | | ਗਾਵੀਐ = ਗਾਉਣਾ ਚਾਹੀਦਾ ਹੈ; ਗੁਣੀ ਨਿਧਾਨੁ = ਗੁਣਾਂ ਦਾ ਖਜ਼ਾਨਾ, ਅਕਾਲ ਪੁਰਖ। | ਗੁਰੂ ਸਾਹਿਬ ਜੀ "ਨਾਨਕ" ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ, (ਤਾਂ ਤੇ) ਗੁਣੀ ਨਿਧਾਨ (ਅਕਾਲ ਪੁਰਖ ਨੂੰ) ਗਾਉਣਾ ਚਾਹੀਦਾ ਹੈ ਭਾਵ ਸਲਾਹੁਣਾ ਚਾਹੀਦਾ ਹੈ।<br><br>ਗੁਰਮਤਿ ਵਿਚ ਗਾਉਣ ਤੋਂ ਭਾਵ ਹੈ ਅਕਾਲ ਪੁਰਖ ਦੀ ਗੁਰਬਾਣੀ ਰਾਹੀਂ ਸਿਫਤਿ ਸਾਲਾਹ ਕਰਨੀ ਭਾਵ ਗੁਰਬਾਣੀ ਦਾ ਰਸਕਿ ਰਸਕਿ ਕੀਰਤਨ ਕਰਨਾ। ਆਪਣੀ ਨਿਜੀ ਜਾਂ ਕਿਸੇ ਅਲਪਗ ਦੀ ਰਚੀ ਹੋਈ ਰਚਨਾ ਨੂੰ ਗਾਉਣਾ ਗੁਰਮਤਿ ਵਿਚ ਪਰਵਾਨ ਨਹੀਂ ਹੈ। |
| ਗਾਵੀਐ, ਸੁਣੀਐ, ਮਨਿ ਰਖੀਐ ਭਾਉ ॥ | | ਗਾਵੀਐ = ਨਾਮ ਬਾਣੀ ਗਾਵੀਏ, ਉਚਾਰੀਏ; ਸੁਣੀਐ = ਉਚਾਰੀ ਜਾਂ ਗਾਵੀ ਹੋਈ ਬਾਣੀ ਜਾਂ ਨਾਮ ਨਾਲ ਦੀ ਨਾਲ ਕੰਨਾਂ ਨਾਲ ਸੁਣੀਏ; ਮਨਿ = ਮਨ ਵਿਚ (ਅਧਿਕਰਣ ਕਾਰਕ ਇਕ ਵਚਨ ਨਾਂਵ); ਭਾਉ = ਪਿਆਰ। | ਨਾਮ ਤੇ ਗੁਰਬਾਣੀ ਰੂਪੀ ਹਰਿਜਸ ਨੂੰ ਗਾਈਏ, ਮਨ ਲਾ ਕੇ ਸੁਣੀਏ ਤੇ ਨਾਲ ਦੀ ਨਾਲ, ਮਨ ਵਿਚ ਪਿਆਰ ਰਖੀਏ।<br><br>ਇਸ ਤਰਾਂ ਕਰਨ ਦਾ ਫਲ ਕੀ ਹੈ? ਸੋ ਅਗਲੀ ਪੰਕਤੀ ਵਿਚ ਦਸਦੇ ਹਨ। |
| ਦੁਖੁ ਪਰਹਰਿ, ਸੁਖੁ ਘਰਿ ਲੈ ਜਾਇ ॥ | | ਪਰਹਰਿ = ਰੋਕ ਕੇ; ਘਰਿ = ਘਰ ਵਿਖੇ, ਹਿਰਦੇ ਰੂਪੀ ਘਰ ਵਿਖੇ। | ਦੁਖ ਨੂੰ ਪਰਹਰਿ ਲਈਦਾ ਹੈ ਭਾਵ ਖਤਮ ਕਰ ਦਈਦਾ ਹੈ ਤੇ ਸੁਖ ਹਿਰਦੇ ਰੂਪੀ ਘਰ ਵਿਚ ਲੈ ਆਈਦਾ ਹੈ। |
| ਗੁਰਮੁਖਿ ਨਾਦੰ, ਗੁਰਮੁਖਿ ਵੇਦੰ, ਗੁਰਮੁਖਿ ਰਹਿਆ ਸਮਾਈ ॥ | | ਗੁਰਮੁਖਿ = ਮੁਖੀ ਗੁਰੂ, ਅਕਾਲ ਪੁਰਖ; ਨਾਦੰ = ਇਲਾਹੀ ਨਾਮ ਰੂਪੀ ਨਾਦ ਜੋ ਸਾਰੇ ਬ੍ਰਹਿਮੰਡ ਵਿਚ ਰਮਿਆ ਹੋਇਆ ਹੈ; ਵੇਦੰ = ਤਤੁ ਬ੍ਰਹਮਗਿਆਨ। ਗੁਰਮੁਖਿ ਦੇ ਗੁਰਮਤਿ ਵਿਚ ਇਹ ਚਾਰਿ ਅਰਥ ਪਰਵਾਨ ਹਨ = ਮੁਖੀ ਗੁਰੂ ਅਕਾਲ ਪੁਰਖ, ਮੁਖੀ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ, ਉਹ ਮਨੁਖ ਜਿਸਦਾ ਮੁਖ ਗੁਰੂ ਵਲ ਹੋਵੇ, ਅਤੇ ਗੁਰੂ ਦੇ ਮੁਖ ਰਾਹੀਂ ਜਾਂ ਗੁਰਮਤਿ। ਇਸ ਪੰਕਤੀ ਵਿਚ 'ਗੁਰਮੁਖਿ' ਦਾ ਅਰਥ ਅਕਾਲ ਪੁਰਖ ਫੱਬਦਾ ਹੈ। | ਗੁਰਮੁਖਿ (ਅਕਾਲ ਪੁਰਖ) ਨਾਦ ਰੂਪ ਹੈ, ਗੁਰਮੁਖਿ (ਅਕਾਲ ਪੁਰਖ) ਹੀ ਗਿਆਨ ਰੂਪ ਹੈ ਅਤੇ ਗੁਰਮੁਖਿ (ਅਕਾਲ ਪੁਰਖ) ਸਾਰੇ ਪਾਸੇ, ਹਰ ਜਗ੍ਹਾ ਸਮਾਇਆ ਹੋਇਆ ਹੈ। |
| ਗੁਰੁ ਈਸਰੁ, ਗੁਰੁ ਗੋਰਖੁ ਬਰਮਾ, ਗੁਰੁ ਪਾਰਬਤੀ ਮਾ ਈ ॥ | ਈਸ਼ਰੁ | ਈਸਰੁ = ਸ਼ਿਵ; ਗੋਰਖੁ = ਗੋ+ਰਖੁ = ਧਰਤੀ ਨੂੰ ਰਖਣਵਾਲਾ, ਪਾਲਣਵਾਲਾ, ਵਿਸ਼ਨੂ; ਬਰਮਾ = ਬ੍ਰਹਮਾ; ਪਾਰਬਤੀ = ਭਵਾਨੀ, ਮਾ = ਲਕਸ਼ਮੀ; ਈ = ਸਰਸਵਤੀ। | (ਸਿਖ ਵਾਸਤੇ) ਗੁਰੂ ਹੀ ਸ਼ਿਵ ਹੈ, ਗੁਰੂ ਹੀ ਵਿਸ਼ਨੂ ਅਤੇ ਬ੍ਰਹਮਾ ਹੈ, ਅਤੇ ਗੁਰੂ ਹੀ ਭਵਾਨੀ, ਲਕਸ਼ਮੀ ਅਤੇ ਸਰਸਵਤੀ ਹੈ।<br><br>ਇਸਦਾ ਭਾਵ ਹੈ ਕਿ ਸਿਖ ਗੁਰੂ ਨੂੰ ਛਡਕੇ ਹੋਰ ਕਿਸੇ ਦੇਵੀ ਜਾਂ ਦੇਵਤੇ ਨੂੰ ਨਹੀਂ ਅਰਾਧਦਾ। ਗੁਰੂ ਦੇ ਅਰਾਧਨ ਵਿਚ ਹੀ ਸਭ ਦਾ ਅਰਾਧਨ ਆ ਜਾਂਦਾ ਹੈ। |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਪਦ ਅਰਥ** | **ਸਰਲ ਅਰਥ ਵਿਚਾਰ** |
| ਜੇ ਹਉ ਜਾਣਾ, ਆਖਾ ਨਾਹੀ, ਕਹਣਾ ਕਥਨੁ ਨ ਜਾਈ ॥ | ਹਉਂ, ਜਾਣਾਂ, ਆਖਾਂ, ਨਾਹੀਂ। | ਹਉ = ਮੈਂ; ਜਾਣਾ = ਮੈਂ ਜਾਣਦਾ ਹੋਵਾਂ; ਆਖਾ ਨਾਹੀ = ਕਹਿ ਨਹੀਂ ਸਕਦਾ, ਬਿਆਨ ਨਹੀਂ ਕਰ ਸਕਦਾ; ਕਹਣਾ = ਅਕਾਲ ਪੁਰਖ ਬਾਰੇ ਜਾਣਕਾਰੀ, ਕਿਰਦੰਤ ਹੈ ਨਾਂਵ ਰੂਪ ਵਿਚ; ਕਥਨੁ = ਬਿਆਨ। | ਜੇਕਰ ਮੈਂ ਜਾਣਦਾ ਹੋਵਾਂ (ਅਕਾਲ ਪੁਰਖ ਦੀ ਗਤਿ) ਤਾਂ ਮੈਂ ਆਖਦਾ ਨਹੀਂ (ਕਿਉਂਕਿ ਉਸਦਾ) ਕਹਣਾ ਕਥਨ ਨਹੀਂ ਹੋ ਸਕਦਾ। |
| ਗੁਰਾ ਇਕ ਦੇਹਿ ਬੁਝਾਈ ॥ | ਗੁਰਾਂ | ਗੁਰਾਂ = ਸਤਿਗੁਰਾਂ ਨੇ; ਦੇਹਿ = ਦਿਤੀ ਹੈ। | ਗੁਰਾਂ ਨੇ ਇਕ ਸਿਖਿਆ ਬੁਝਾ ਦਿਤੀ ਹੈ। |
| ਸਭਨਾ ਜੀਆ ਕਾ ਇਕੁ ਦਾਤਾ; ਸੋ ਮੈ ਵਿਸਰਿ ਨ ਜਾਈ ॥੫॥ | ਸਭਨਾਂ, ਜੀਆਂ, ਮੈਂ | ਸਭਨਾ ਜੀਆ ਕਾ = ਸਾਰਿਆਂ ਜੀਵਾਂ ਦਾ; ਮੈ = ਮੈਨੂੰ; ਵਿਸਰਿ = ਭੁੱਲ। | ਪਿਛਲੀ ਪੰਕਤੀ ਵਿਚ ਜ਼ਿਕਰ ਕੀਤੀ ਸਿਖਿਆ ਇਹ ਹੈ ਕਿ - ਸਭਨਾਂ ਜੀਆਂ ਦਾ ਇਕ ਦਾਤਾ ਹੈ ਤੇ ਉਹ ਮੈਨੂੰ ਭੁਲ ਨਾ ਜਾਵੇ। |
| ਤੀਰਥਿ ਨਾਵਾ; ਜੇ ਤਿਸੁ ਭਾਵਾ; ਵਿਣੁ ਭਾਣੇ, ਕਿ ਨਾਇ ਕਰੀ ॥ | ਨ੍ਹਾਵਾਂ, ਭਾਵਾਂ, ਨ੍ਹਾਇ, ਕਰੀਂ | ਤੀਰਥਿ = ਤੀਰਥ ਤੇ (ਅਧਿਕਰਣ ਕਾਰਕ ਇਕਵਚਨ ਨਾਂਵ); ਭਾਵਾ = ਮੈਂ ਭਾਵਾਂ, ਮੈਂ ਚੰਗਾ ਲਗਾਂ; ਜੇ ਤਿਸੁ ਭਾਵਾ = ਜੇ ਮੈਂ ਉਸਨੂੰ ਭਾਵਾਂ ਭਾਵ ਚੰਗਾ ਲਗਾਂ; ਵਿਣੁ ਭਾਣੇ = ਉਸਨੂੰ ਭਾਉਣ ਤੋਂ ਬਿਨਾਂ; ਨਾਵਾ = ਨ੍ਹਾਵਾਂ, ਇਸ਼ਨਾਨ ਕਰਾਂ; ਕਿ ਨਾਇ ਕਰੀ = ਕੀ ਨ੍ਹਾਉਣਾ ਕਰਾਂ।<br><br>ਸੰਤ ਗੁਰਬਚਨ ਸਿੰਘ ਜੀ ਨੇ ਗੁਰਬਾਣੀ ਪਾਠ ਦਰਸ਼ਨ ਨਾਮੇ ਪੋਥੀ ਵਿਚ ਲਿਖਿਆ ਹੈ ਕਿ "ਨਾਵਾ" ਦਾ ਉਚਾਰਨ "ਨ੍ਹਾਵਾਂ" ਕਰਨਾ ਹੈ ਤੇ "ਨਾਇ" ਦਾ ਉਚਾਰਨ "ਨ੍ਹਾਇ" ਕਰਨਾ ਹੈ। | ਮੈਂ ਤੀਰਥ ਤੇ ਤਾਂ ਨ੍ਹਾਵਾਂ ਜੇਕਰ ਉਸਨੂੰ ਭਾਵਾਂ ਭਾਵ ਜੇਕਰ ਉਸਨੂੰ ਮੇਰਾ ਤੀਰਥ ਤੇ ਨ੍ਹਾਉਣਾ ਚੰਗਾ ਲਗੇ; ਬਿਨਾਂ ਚੰਗੇ ਲਗੇ ਤੋਂ, ਮੈਂ (ਤੀਰਥ ਤੇ) ਕੀ ਨ੍ਹਾਉਣਾ ਕਰਾਂ। |
| ਜੇਤੀ ਸਿਰਠਿ ਉਪਾਈ ਵੇਖਾ; ਵਿਣੁ ਕਰਮਾ, ਕਿ ਮਿਲੈ, ਲਈ ॥ | ਵੇਖਾਂ, ਕਰਮਾਂ, ਲਈਂ | ਸਿਰਠਿ = ਸ੍ਰਿਸ਼ਟੀ; ਉਪਾਈ = ਪੈਦਾ ਕੀਤੀ ਹੋਈ; ਵੇਖਾ = ਮੈਂ ਦੇਖਦਾ ਹਾਂ; ਵਿਣੁ = ਬਿਨ; ਕਰਮਾ = ਭਾਗਾਂ; ਕਿ ਮਿਲੈ = ਕੀ ਮਿਲ ਸਕਦਾ ਹੈ?; ਕਿ ਲਈ = ਕੀ ਲਵਾਂ ਮੈਂ, ਮੈਂ ਕੀ ਲੈ ਸਕਦਾ ਹਾਂ? | ਜਿਨੀ ਉਪਾਈ ਹੋਈ ਸ੍ਰਿਸ਼ਟੀ ਮੈਂ ਵੇਖਦਾ ਹਾਂ (ਉਸ ਵਿਚੋਂ ਮੈਨੂੰ) ਬਿਨਾਂ ਕਰਮਾਂ ਤੋਂ ਕੀ ਮਿਲ ਸਕਦਾ ਹੈ ਤੇ ਮੈਂ ਕੀ ਲੈ ਸਕਦਾ ਹਾਂ (ਲਈਂ)।<br><br>ਇਥੇ "ਕਿ" ਪਦ ਦੇਹਲੀ ਦੀਪਕ ਹੈ - ਕਿ ਮਿਲੈ ਤੇ ਕਿ ਲਈ (ਕੀ ਲਵਾਂ)। |
| ਮਤਿ ਵਿਚਿ, ਰਤਨ ਜਵਾਹਰ ਮਾਣਿਕ; ਜੇ, ਇਕ ਗੁਰ ਕੀ ਸਿਖ ਸੁਣੀ ॥ | ਸੁਣੀਂ | ਰਤਨ ਜਵਾਹਰ ਮਾਣਿਕ = ਕੀਮਤੀ ਲਾਲ, ਹੀਰੇ ਆਦਿ ਭਾਵ ਉਚੇ ਸ੍ਰੇਸ਼ਟ ਗੁਰਮਤਿ ਵਿਚਾਰ ਅਤੇ ਹੋਰ ਗੁਝੇ ਗੁਰਮਤੀ ਰਾਜ਼; ਸਿਖ = ਇਥੇ ਸਿਖ ਤੋਂ ਭਾਵ ਹੈ ਸਿਖਿਆ ਭਾਵ ਨਾਮ ਰੂਪੀ ਸਿਖਿਆ ਅਤੇ ਗੁਰਬਾਣੀ ਰੂਪੀ ਸਿਖਿਆ; ਸੁਣੀ = ਮੈਂ ਸੁਣਾਂ। | ਮਤਿ ਵਿਚ ਕੀਮਤੀ ਲਾਲ ਹੀਰੇ ਪਰਗਟ ਹੋ ਜਾਂਦੇ ਹਨ ਜੇ ਮੈਂ ਇਕ (ਭਾਵ ਕੇਵਲ) ਗੁਰੂ ਦੀ ਸਿਖਿਆ ਸੁਣਾਂ।<br><br>ਨਾਮ ਗੁਰਬਾਣੀ ਨੂੰ ਧਿਆਨ ਲਾ ਕੇ ਸੁਨਣ ਕਰਕੇ ਮਤਿ ਵਿਚ ਰਤਨ ਜਵਾਹਰ ਪ੍ਰਾਪਤ ਹੁੰਦੇ ਹਨ। |
| ਗੁਰਾ ਇਕ ਦੇਹਿ ਬੁਝਾਈ ॥ | ਗੁਰਾਂ | ਗੁਰਾ = ਗੁਰਾਂ ਨੇ। ਦੇਹਿ ਬੁਝਾਈ = ਬੁਝਾ ਦਿਤੀ ਹੈ। | ਗੁਰਾਂ ਨੇ ਇਕ ਸਿਖਿਆ ਬੁਝਾ ਦਿਤੀ ਹੈ। |
| ਸਭਨਾ ਜੀਆ ਕਾ ਇਕੁ ਦਾਤਾ; ਸੋ ਮੈ ਵਿਸਰਿ ਨ ਜਾਈ ॥੬॥ | ਸਭਨਾਂ, ਜੀਆਂ | ਸਭਨਾ ਜੀਆ ਕਾ = ਸਾਰਿਆਂ ਜੀਵਾਂ ਦਾ; ਮੈ = ਮੈਨੂੰ; ਵਿਸਰਿ = ਭੁੱਲ। | ਪਿਛਲੀ ਪੰਕਤੀ ਵਿਚ ਜ਼ਿਕਰ ਕੀਤੀ ਸਿਖਿਆ ਇਹ ਹੈ ਕਿ - ਸਭਨਾਂ ਜੀਆਂ ਦਾ ਇਕ ਦਾਤਾ ਹੈ ਤੇ ਉਹ ਮੈਨੂੰ ਭੁਲ ਨਾ ਜਾਵੇ। |
| ਜੇ, ਜੁਗ ਚਾਰੇ ਆਰਜਾ; ਹੋਰ ਦਸੂਣੀ ਹੋਇ ॥ | | ਜੁਗ ਚਾਰੇ = ਚਾਰਾਂ ਹੀ ਜੁਗਾਂ ਜਿੰਨੀ; ਆਰਜਾ = ਉਮਰ; ਦਸੂਣੀ = ਦੱਸ ਗੁਣਾਂ। | ਜੇ ਚਾਰੇ ਜੁਗ ਉਮਰ ਹੋ ਜਾਵੇ ਅਤੇ ਇਸ ਤੋਂ ਦਸ ਗੁਣਾਂ ਹੋਰ ਵਧ ਹੋ ਜਾਵੇ; |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਪਦ ਅਰਥ | ਸਰਲ ਅਰਥ ਵਿਚਾਰ |
| ਨਵਾ ਖੰਡਾ ਵਿਚਿ ਜਾਣੀਐ; ਨਾਲਿ ਚਲੈ ਸਭੁ ਕੋਇ ॥ | ਨਵਾਂ, ਖੰਡਾਂ | ਨਵਾ ਖੰਡਾ = ਧਰਤੀ ਦੇ ਨੌਂ ਖੰਡਾਂ ਵਿਚ; ਨਾਲਿ ਚਲੈ ਸਭੁ ਕੋਇ = ਹਰ ਕੋਈ ਨਾਲ ਚਲੇ ਭਾਵ ਹਰ ਕੋਈ ਸਹਿਮਤ ਹੋਵੇ। | ਧਰਤੀ ਦੇ ਨਵਾਂ ਖੰਡਾਂ ਵਿਚ ਉਹ ਮਸ਼ਹੂਰ ਹੋਵੇ (ਜਾਣਿਆ ਜਾਵੇ) ਅਤੇ ਸਭ ਕੋਈ ਉਸਦੇ ਨਾਲ ਚਲੇ (ਸਹਿਮਤ ਹੋਵੇ); |
| ਚੰਗਾ ਨਾਉ ਰਖਾਇ ਕੈ; ਜਸੁ ਕੀਰਤਿ ਜਗਿ ਲੇਇ ॥ | ਨਾਂਉਂ | ਜਸੁ ਕੀਰਤਿ = ਯਸ਼, ਖਿਆਤੀ, ਸੋਭਾ; ਜਗਿ = ਜਗ ਵਿਚ, ਦੁਨੀਆ ਵਿਚ। | ਉਹ ਚੰਗਾ ਨਾਂ ਰਖਾ ਕੇ ਸਾਰੇ ਜਗ ਵਿਚ ਜਸ ਪ੍ਰਾਪਤ ਕਰੇ ਭਾਵ ਉਸਦੀ ਸਾਰੇ ਪਾਸੇ ਇਜ਼ਤ ਹੋਵੇ। |
| ਜੇ ਤਿਸੁ ਨਦਰਿ ਨ ਆਵਈ; ਤ ਵਾਤ ਨ ਪੁਛੈ ਕੇ ॥ | ਤਂ | ਨਦਰਿ = ਨਜ਼ਰ; ਵਾਤ = ਬਾਤ, ਸਾਰ; ਕੇ = ਕੋਈ। | (ਪਰ ਅਜਿਹਾ ਵਿਅਕਤੀ) ਜੇ ਉਸ (ਪ੍ਰਭੂ) ਦੀ ਨਜ਼ਰ ਵਿਚ ਨਹੀਂ ਆਉਂਦਾ (ਭਾਵ ਪ੍ਰਭੂ ਦਾ ਮਨਜ਼ੂਰੇ ਨਜ਼ਰ ਨਹੀ ਬਣਦਾ) ਤਾਂ ਉਸਦੀ ਕੋਈ ਬਾਤ ਨਹੀਂ ਪੁਛੇਗਾ। |
| ਕੀਟਾ ਅੰਦਰਿ ਕੀਟੁ ਕਰਿ; ਦੋਸੀ, ਦੋਸੁ ਧਰੇ ॥ | ਕੀਟਾਂ, ਦੋਸ਼ੀ, ਦੋਸ਼ | ਕੀਟਾ ਅੰਦਰਿ ਕੀਟੁ = ਕੀੜਿਆਂ ਵਿਚੋਂ ਕੀੜਾ ਭਾਵ ਸਿਰੇ ਦਾ ਕੀੜਾ। ਦੋਸੀ = ਦੋਸ਼ੀ, ਅਪਰਾਧੀ; ਦੋਸੁ ਧਰੇ = ਦੋਸ਼ ਧਰਕੇ। | ਅਕਾਲ ਪੁਰਖ ਉਸਨੂੰ ਕੀੜਿਆਂ ਵਿਚੋਂ ਕੀੜਾ ਬਣਾ ਦਿੰਦਾ ਹੈ; ਉਸਨੂੰ ਦੋਸ਼ੀ ਗਰਦਾਨ ਦਿੰਦਾ ਹੈ, (ਬੇਮੁਖਤਾਈ ਦਾ) ਦੋਸ਼ ਧਰਕੇ।<br><br>ਕੀਟਾਂ ਵਿਚ ਕੀਟ ਕਰਨ ਦਾ ਭਾਵ ਹੈ ਕਿ ਰੱਬ ਉਸਨੂੰ ਕੀੜਿਆਂ ਮਕੌੜਿਆਂ ਵਰਗੀਆਂ ਤ੍ਰਿਗਦ ਜੂਨੀਆਂ ਵਿਚ ਪਾ ਦਿੰਦਾ ਹੈ। ਪਰਲੋਕ ਵਿਚ ਉਸਤੇ ਬੇਮੁਖਤਾਈ ਦਾ ਦੋਸ਼ ਧਰਕੇ ਉਸਨੂੰ ਦੋਸ਼ੀ ਗਰਦਾਨਿਆ ਜਾਂਦਾ ਹੈ। |
| ਨਾਨਕ, ਨਿਰਗੁਣਿ ਗੁਣੁ ਕਰੇ; ਗੁਣਵੰਤਿਆ ਗੁਣੁ ਦੇ ॥ | ਗੁਣਵੰਤਿਆਂ | ਨਿਰਗੁਣਿ = ਨਿਰਗੁਣ ਵਿਅਕਤੀ ਵਿਚ; ਗੁਣੁ ਕਰੇ = ਗੁਣ ਪੈਦਾ ਕਰੇ; ਗੁਣਵੰਤਿਆ = ਗੁਣਾਂ ਵਾਲਿਆਂ ਨੂੰ; ਗੁਣੁ ਦੇ = ਗੁਣ ਦਿੰਦਾ ਹੈ। | ਗੁਰੂ ਜੀ "ਨਾਨਕ" ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ ਅਕਾਲ ਪੁਰਖ ਨਿਰਗੁਣ ਵਿਅਕਤੀ ਵਿਚ ਗੁਣ ਕਰ ਦਿੰਦਾ ਹੈ ਅਤੇ ਗੁਣਵੰਤਿਆਂ ਨੂੰ ਵੀ ਉਹੀ ਗੁਣ ਦਿੰਦਾ ਹੈ। |
| ਤੇਹਾ ਕੋਇ ਨ ਸੁਝਈ; ਜਿ ਤਿਸੁ ਗੁਣੁ ਕੋਇ ਕਰੇ ॥੭॥ | | ਤੇਹਾ = ਤੈਸਾ; ਜਿ ਤਿਸੁ = ਜੋ ਉਸਨੂੰ; ਗੁਣੁ ਕੋਇ ਕਰੇ = ਕੋਈ ਗੁਣ ਕਰ ਸਕੇ ਭਾਵ ਕੋਈ ਗੁਣ ਦੇ ਸਕੇ। | ਤੇਹਾ (ਤੈਸਾ) ਕੋਈ ਨਹੀਂ ਸੁਝਦਾ ਜੋ ਉਸਨੂੰ (ਉਪਰ ਦਸੇ ਬੇਮੁਖ ਦੋਸ਼ੀ ਨੂੰ) ਕੋਈ ਗੁਣ ਕਰ ਸਕੇ ਭਾਵ ਅਜਿਹੇ ਦੋਸ਼ੀ ਨੂੰ ਹੋਰ ਕੋਈ ਨਹੀਂ ਬਖਸ਼ ਸਕਦਾ ਸਿਵਾਏ ਅਕਾਲ ਪੁਰਖ ਦੇ।<br><br>ਇਸ ਪਉੜੀ ਵਿਚ ਗਲ ਹੋ ਰਹੀ ਹੈ ਉਸ ਦੋਸ਼ੀ ਦੀ ਜੋ ਅਕਾਲ ਪੁਰਖ ਦੀ ਨਦਰਿ ਦਾ ਪਾਤਰ ਨਹੀਂ ਬਣਦਾ। ਅਜਿਹੇ ਮਨੁਖ ਨੂੰ ਕੀੜੇ ਅਤੇ ਦੋਸ਼ੀ ਦਾ ਮਰਤਬਾ ਮਿਲਦਾ ਹੈ। ਅਕਾਲ ਪੁਰਖ ਹੀ ਗੁਣ ਦੇਣ ਵਾਲਾ ਹੈ ਨਿਰਗੁਣਾਂ ਅਤੇ ਗੁਣਵੰਤਿਆਂ ਨੂੰ ਪਰ ਹੋਰ ਕੋਈ ਅਜਿਹੇ ਦੋਸ਼ੀ ਨੂੰ ਨਹੀਂ ਬਖਸ਼ ਸਕਦਾ ਜਾਂ ਗੁਣ ਦੇ ਸਕਦਾ। ਇਹ ਅਰਥ ਨਹੀਂ ਠੀਕ ਲਗਦੇ ਕਿ ਕੋਈ ਅਕਾਲ ਪੁਰਖ ਨੂੰ ਗੁਣ ਨਹੀਂ ਦੇ ਸਕਦਾ। ਇਥੇ ਗਲ ਤਾਂ ਦੋਸ਼ੀ ਦੀ ਹੋ ਰਹੀ ਹੈ ਨਾ ਕੇ ਅਕਾਲ ਪੁਰਖ ਨੂੰ ਗੁਣ ਦੇਣ ਦੀ। ਸੋ ਇਹ ਅਰਥ ਅਪ੍ਰਸੰਗਕ ਹਨ ਕਿ ਕੋਈ ਅਕਾਲ ਪੁਰਖ ਨੂੰ ਗੁਣ ਨਹੀਂ ਦੇ ਸਕਦਾ। ਇਹ ਅਰਥ ਜ਼ਿਆਦਾ ਢੁਕਵੇਂ ਲਗਦੇ ਹਨ ਕਿ ਕੋਈ ਇਸ ਪਉੜੀ ਵਿਚ ਦਸੇ ਦੋਸ਼ੀ ਨੂੰ ਗੁਣੁ ਦੇ ਕੇ ਗੁਣਵੰਤਾ ਨਹੀਂ ਬਣਾ ਸਕਦਾ ਕਿਉਂਕਿ ਕੇਵਲ ਅਕਾਲ ਪੁਰਖ ਹੀ ਨਿਰਗੁਣਾਂ ਅਤੇ ਗੁਣਵੰਤਿਆਂ ਨੂੰ ਗੁਣ ਦੇ ਸਕਦਾ ਹੈ। |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਪਦ ਅਰਥ** | **ਸਰਲ ਅਰਥ ਵਿਚਾਰ** |
| ਪ੍ਰਾਤਕਥਨ: ਅਗਲੀਆਂ ਚਾਰ ਪਉੜੀਆਂ ਵਿਚ "ਸੁਣਿਐ" ਦਾ ਭਾਵ ਹੈ ਸੁਨਣ ਕਰਕੇ। ਸਚੇ ਗੁਰੂ ਤੋਂ ਗੁਰਦੀਖਿਅਤ ਹੋਣ ਤੋਂ ਬਾਅਦ, ਗੁਰਮਤਿ ਨਾਮ ਨੂੰ ਪੂਰੇ ਧਿਆਨ ਨਾਲਿ ਸੁਨਣ ਨਾਲ ਕੀ ਕੀ ਫਲ ਪ੍ਰਾਪਤਿ ਹੁੰਦੇ ਹਨ, ਉਹ ਇਹਨਾਂ ਚਾਰ ਪਉੜੀਆਂ ਵਿਚ ਦਰਜ ਹਨ। ਇਹੋ ਹੀ ਫਲ ਗੁਰਬਾਣੀ ਨੂੰ ਚੇਤੰਨ ਹੋ ਕੇ ਧਿਆਨ ਨਾਲ ਮਨ ਬਚ ਕ੍ਰਮ ਕਰਕੇ ਸੁਨਣ ਨਾਲ ਵੀ ਪ੍ਰਾਪਤ ਹੋ ਜਾਂਦੇ ਹਨ। ਕਈ ਰਾਧਾ ਸੁਆਮੀ ਆਦਿ ਦੇਹਧਾਰੀਆਂ ਨੂੰ ਗੁਰੂ ਮੰਨਣ ਵਾਲੇ ਅਤੇ ਹੋਰ ਫਿਲਾਸਫੀ ਘੋਟਣ ਵਾਲੇ ਵਿਅਕਤੀ, ਇਨ੍ਹਾਂ ਪੰਕਤੀਆਂ ਵਿਚ "ਸੁਣਿਐ" ਦਾ ਭਾਵ ਧੁਨਾਤਮਕ ਨਾਮ ਨੂੰ ਸੁਨਣ ਦਾ ਲੈਂਦੇ ਹਨ। ਉਨ੍ਹਾਂ ਦੇ ਮਤ ਮੁਤਾਬਕ ਦੋ ਤਰ੍ਹਾਂ ਦੇ ਨਾਮ ਹੁੰਦੇ ਹਨ: ਇਕ ਵਰਣਾਤਮਕ ਨਾਮ ਜੋ ਕਿ ਲਫਜ਼ਾਂ ਵਿਚ ਆਉਂਦਾ ਹੈ ਅਤੇ ਦੂਸਰਾ ਧੁਨਾਤਮਕ ਨਾਮ ਜੋ ਸੁਰਤਿ ਵਿਚ ਸੁਣਾਈ ਦਿੰਦਾ ਹੈ। ਉਹ ਕੁਝ ਸਮੇਂ ਲਈ ਪੰਜ ਜਾਂ ਤਿਨ ਸ਼ਬਦਾਂ ਵਾਲਾ ਵਰਨਾਤਮਕ ਨਾਮ ਜਪਦੇ ਹਨ ਅਤੇ ਫੇਰ ਚੁੱਪ ਹੋ ਕੇ ਧੁਨਾਤਮਕ ਨਾਮ ਸੁਨਣ ਦੀ ਕੋਸ਼ਿਸ਼ ਕਰਦੇ ਹਨ। ਉਹ ਸੁਰਤਿ ਜਾਂ ਜ਼ਿਹਨ ਵਿਚ ਘੰਟਾ ਵੱਜਣ ਦੀ ਜਾਂ ਬੱਦਲ ਗੱਜਣ ਦੀ ਜਾਂ ਝਰਣੇ ਆਦਿ ਦੀ ਆਵਾਜ਼ ਸੁਨਣ ਦਾ ਜਤਨ ਕਰਦੇ ਹਨ। ਇਸਨੂੰ ਉਹ ਧੁਨਾਤਮਕ ਨਾਮ ਸਮਝਦੇ ਹਨ। ਮਨੋਵਿਗਿਆਨ ਦਾ ਸਿਧਾਂਤ ਹੈ ਕਿ ਜੋ ਕੁਝ ਇਨਸਾਨ ਸੁਰਤਿ ਵਿਚ ਸੁਨਣਾ ਚਾਹੁੰਦਾ ਹੈ ਉਹ ਉਸਨੂੰ ਸੁਨਣ ਲਗ ਜਾਂਦਾ ਹੈ। ਇਹਨਾਂ ਕਲਪਿਤ ਆਵਾਜ਼ਾਂ ਨੂੰ ਸੁਨਣਾ ਉਹ ਨਾਮ ਨੂੰ ਸੁਨਣਾ ਮੰਨਦੇ ਹਨ ਅਤੇ ਇਨ੍ਹਾਂ ਚਾਰ ਪਉੜੀਆਂ ਵਿਚ "ਸੁਣਿਐ" ਦਾ ਮਹਾਤਮ ਉਹ ਇਨ੍ਹਾਂ ਮਨੋਕਲਪਤ ਆਵਾਜ਼ਾਂ ਨੂੰ ਸੁਨਣਾ ਮੰਨਦੇ ਹਨ ਜੋ ਕਿ ਗੁਰਮਤਿ ਵਿਰੁਧ ਹੈ। ਹਕੀਕਤ ਇਹ ਹੈ ਕਿ ਕੇਵਲ ਗੁਰਮਤਿ ਚੌਅਖਰੇ ਨਾਮ ਗੁਰਮੰਤ੍ਰ ਨੂੰ ਅਤੇ ਗੁਰਬਾਣੀ ਨੂੰ ਧਿਆਨ ਨਾਲ ਸੁਨਣ ਨਾਲ ਹੀ ਇਨ੍ਹਾਂ ਚਾਰ ਪਉੜੀਆਂ ਵਿਚਲੇ ਫਲ ਅਤੇ ਮਹਾਤਮ ਸਾਧਕ ਨੂੰ ਪ੍ਰਾਪਤ ਹੋ ਜਾਂਦੇ ਹਨ। ਹੋਰ ਕਿਸੇ ਤਰੀਕੇ ਨਾਲ ਇਨ੍ਹਾਂ ਪਉੜੀਆਂ ਵਿਚਲੇ ਮਹਾਤਮ ਪ੍ਰਾਪਤ ਨਹੀਂ ਹੋ ਸਕਦੇ।<br><br>ਰਾਧਾ ਸੁਆਮੀ ਗੁਰਮਤਿ ਨਾਮ ਅਤੇ ਗੁਰਬਾਣੀ ਨੂੰ ਸੁਨਣ ਦੇ ਵਿਰੋਧ ਵਿਚ ਦਲੀਲ ਦਿੰਦੇ ਹਨ ਕਿ ਰਾਗੀ, ਗ੍ਰੰਥੀ ਅਤੇ ਹੋਰ ਸਿਖ ਬਹੁਤ ਗੁਰਬਾਣੀ ਨੂੰ ਸੁਣਦੇ ਹਨ ਅਤੇ ਨਾਮ ਸੁਣਦੇ ਹਨ ਪਰ ਕਿਸੇ ਨੂੰ ਕੁਝ ਪ੍ਰਾਪਤ ਨਹੀਂ ਹੁੰਦਾ; ਇਸ ਲਈ ਇਥੇ ਸੁਣਿਐ ਮਤਲਬ ਰਾਧਾ ਸੁਆਮੀਆਂ ਦੇ ਧੁਨਾਤਮਕ ਨਾਮ ਹੈ ਪਰ ਉਹਨਾਂ ਦੀ ਇਸ ਦਲੀਲ ਵਿਚ ਕੋਈ ਵਜ਼ਨ ਨਹੀਂ ਹੈ ਕਿਉਂਕਿ ਇਹ ਠੀਕ ਹੈ ਕਿ ਸਿਖ ਗੁਰਬਾਣੀ ਦਾ ਪਾਠ ਕੀਰਤਨ ਕਰਦੇ ਹਨ ਪਰ ਬਹੁਗਿਣਤੀ ਧਿਆਨ ਲਾ ਕੇ, ਸੁਰਤਿ ਲਾ ਕੇ ਇਕ ਰਸ ਗੁਰਬਾਣੀ ਨੂੰ ਕੰਨਾਂ ਨਾਲ ਬੋਲਣ ਵੇਲੇ ਸੁਣਦੇ ਨਹੀਂ ਹਨ ਜਿਸ ਕਾਰਨ ਉਨ੍ਹਾਂ ਨੂੰ ਨਾਮ-ਗੁਰਬਾਣੀ ਸੁਨਣ ਦੇ ਫਲ ਪ੍ਰਾਪਤ ਨਹੀਂ ਹੁੰਦੇ। ਉਹਨਾਂ ਦਾ ਧਿਆਨ ਗੁਰਬਾਣੀ ਵਿਚ ਨਹੀਂ ਹੁੰਦਾ ਜਿਸ ਕਰਕੇ ਗੁਰਬਾਣੀ ਦਾ ਫਲ ਪ੍ਰਾਪਤ ਨਹੀਂ ਹੁੰਦਾ। ਇਸ ਵਿਚ ਗੁਰਮਤਿ ਜਾਂ ਗੁਰਬਾਣੀ ਦਾ ਕਸੂਰ ਨਹੀਂ ਹੈ ਜੇਕਰ ਸਿਖ ਗੁਰਬਾਣੀ ਦੇ ਜਾਪ ਤੋਂ ਪੂਰਾ ਲਾਭ ਨਹੀਂ ਉਠਾ ਰਹੇ। | | | |
| ਸੁਣਿਐ; ਸਿਧ, ਪੀਰ, ਸੁਰਿ, ਨਾਥ ॥ | ਸੁਣਿਐਂ | ਸੁਣਿਐ = ਨਾਮ ਸੁਨਣ ਕਰਕੇ; ਸਿਧ = ਸਿਧੀਆਂ ਦੇ ਮਾਲਕ ਪੁਜੇ ਹੋਏ ਜੋਗੀ; ਪੀਰ = ਪੁਜੇ ਹੋਏ ਮੁਸਲਮਾਨ ਸੰਤ; ਸੁਰਿ = ਦੇਵਤੇ; ਨਾਥ = ਸਿਧਾਂ ਵਿਚੋਂ ਪਹੁੰਚੇ ਹੋਏ ਸਿਧ। ਨਾਥ ਕੁਲ ੯ ਮੰਨੇ ਗਏ ਹਨ ਜਿਵੇਂ ਕਿ ਗੋਰਖਨਾਥ, ਮਛੰਦਰ ਨਾਥ ਆਦਿ। | ਨਾਮ ਸੁਨਣ ਨਾਲ ਸਿਧਾਂ, ਪੀਰਾਂ, ਦੇਵਤਿਆਂ ਅਤੇ ਨਾਥਾਂ ਦਾ ਮਰਤਬਾ ਪ੍ਰਾਪਤ ਹੋ ਜਾਂਦਾ ਹੈ।<br><br>ਇਥੇ ਸਵਾਲ ਪੈਦਾ ਹੁੰਦਾ ਹੈ ਕਿ ਕੀ ਸਿਧਾਂ ਅਤੇ ਪੀਰਾਂ ਆਦਿ ਦਾ ਮਰਤਬਾ ਸਿਖ ਸਾਧਕਾਂ ਨੂੰ ਦਿਵਾਉਣਾ ਘਾਟੇ ਦੀ ਗਲ ਨਹੀਂ ਹੈ? ਗਲ ਸਹੀ ਹੈ ਪਰ ਗੁਰੂ ਜੀ ਇਥੇ ਨਾਮ ਦੀ ਵਡਿਆਈ ਦਸਦੇ ਹੋਏ ਸਮਝਾ ਰਹੇ ਹਨ ਤਾਂ ਕੇ ਮਤਾਂ ਕੋਈ ਸਾਧਕ ਇਹ ਸੋਚੇ ਕਿ ਉਸਨੇ ਸਿਖ ਬਣਕੇ ਕੀ ਹਾਸਲ ਕੀਤਾ। ਸਿਖ ਨੂੰ ਤਾਂ ਬਹੁਤ ਉਚੇ ਮਰਤਬੇ ਪ੍ਰਾਪਤ ਹੁੰਦੇ ਹਨ ਪਰ ਇਹ ਆਨਮਤੀਆਂ ਵਾਲੇ ਮਰਤਬੇ ਜੋ ਕਿ ਸੰਸਾਰੀ ਲੋਕਾਂ ਵਾਸਤੇ ਬਹੁਤ ਅਹਿਮ ਹਨ, ਵੀ ਸਿਖਾਂ ਸਾਧਕਾਂ ਨੂੰ ਸਹਿਜ ਹੀ ਪ੍ਰਾਪਤ ਹੋ ਜਾਂਦੇ ਹਨ। |
| ਸੁਣਿਐ; ਧਰਤਿ, ਧਵਲ, ਆਕਾਸ ॥ | ਸੁਣਿਐਂ, ਆਕਾਸ਼ | ਸੁਣਿਐ = ਨਾਮ ਸੁਨਣ ਕਰਕੇ; ਧਰਤਿ = ਧਰਤੀ; ਧਵਲ = ਉਹ ਧੌਲ (ਬਲਦ) ਜੋ ਧਰਤੀ ਨੂੰ ਚੱਕੀ ਖੜਾ ਹੈ; ਆਕਾਸ = ਅਸਮਾਨ। | ਨਾਮ ਸੁਨਣ ਕਰਕੇ ਧਰਤੀ, ਧਰਤੀ ਨੂੰ ਥੰਮਣ ਵਾਲੀ ਸ਼ਕਤੀ ਧਵਲ (ਜੋ ਕਿ ਧਰਮ ਹੈ), ਅਤੇ ਅਸਮਾਨ ਦੇ ਸਭ ਭੇਦ ਪਤਾ ਲਗ ਜਾਂਦੇ ਹਨ। |
| ਸੁਣਿਐ; ਦੀਪ, ਲੋਅ, ਪਾਤਾਲ ॥ | ਸੁਣਿਐਂ | ਸੁਣਿਐ = ਨਾਮ ਸੁਨਣ ਕਰਕੇ; ਦੀਪ = ਚਾਰ ਪਾਸਿਆਂ ਤੋਂ ਸਮੁੰਦਰ ਨਾਲ ਘਿਰਿਆ ਹੋਇਆ ਧਰਤੀ ਦਾ ਟੁਕੜਾ, ਟਾਪੂ; ਲੋਅ = ਲੋਕ ਜਿਵੇਂ ਕਿ ਸੁਰਲੋਕ, ਜਮਲੋਕ ਆਦਿ; ਪਾਤਾਲ = ਧਰਤੀ ਤੋਂ ਹੇਠਾਂ ਦੀ ਦੁਨੀਆ। | ਨਾਮ ਸੁਨਣ ਕਰਕੇ ਦੀਪਾਂ, ਲੋਆਂ ਅਤੇ ਪਾਤਾਲਾਂ ਬਾਰੇ ਸਭ ਕੁਝ ਪਤਾ ਚਲ ਜਾਂਦਾ ਹੈ। |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਪਦ ਅਰਥ** | **ਸਰਲ ਅਰਥ ਵਿਚਾਰ** |
| ਸੁਣਿਐ; ਪੋਹਿ ਨ ਸਕੈ ਕਾਲੁ ॥ | ਸੁਣਿਐਂ | ਸੁਣਿਐ = ਨਾਮ ਸੁਨਣ ਕਰਕੇ; ਪੋਹਿ = ਛੁਹਣਾ; ਕਾਲੁ = ਮੌਤ ਦਾ ਦੇਵਤਾ; ਉਹ ਸ਼ਕਤੀ ਜੋ ਜੀਵਾਂ ਦੀ ਮੌਤ ਲਈ ਜ਼ਿਮੇਵਾਰ ਹੈ। | ਨਾਮ ਸੁਨਣ ਕਰਕੇ, ਸਾਧਕ ਨੂੰ ਕਾਲ ਛੁਹ ਨਹੀਂ ਸਕਦਾ।<br><br>ਸਿਖ ਸਾਧਕ ਵੀ ਇਸ ਦੁਨੀਆ ਚੋਂ ਕੂਚ ਕਰਦੇ ਹਨ, ਫੇਰ ਇਸ ਪੰਕਤੀ ਦਾ ਕੀ ਭਾਵ ਹੋਇਆ ਕਿ ਉਹਨਾਂ ਨੂੰ ਕਾਲ ਨਹੀਂ ਪੋਂਹਦਾ। ਆਮ ਲੋਕਾਂ ਦੀ ਜਿੰਦ ਕੱਢਣ ਦਾ ਕੰਮ ਕਾਲ ਨਾਂ ਦੀ ਸ਼ਕਤੀ ਜਾਂ ਕਾਲ ਦੇ ਨੁਮਾਇੰਦੇ ਜਮ ਆਦਿ ਕਰਦੇ ਹਨ ਜਦਕਿ ਗੁਰਮੁਖਿ ਜਦੋਂ ਸਰੀਰ ਛਡਦੇ ਹਨ ਤਾਂ ਇਹ ਸਰੀਰ ਛੱਡਣ ਦੀ ਕਿਰਿਆ ਨੂੰ ਅੰਜਾਮ ਦੇਣ ਲਈ ਕਾਲ ਜਾਂ ਜਮ ਨਹੀਂ ਆਉਂਦੇ ਬਲਕਿ ਗੁਰੂ ਜੀ ਦੇ ਨੁਮਾਇੰਦੇ ਸ਼ਹੀਦ ਸਿੰਘ ਜਾਂ ਸਚੰਖਡੀ ਜਾਂ ਕਰਮਖੰਡੀ ਮੁਕਤ ਗੁਰਮੁਖਿ ਆਉਂਦੇ ਹਨ। ਆਮ ਲੋਕਾਂ ਦੀ ਮੌਤ ਹੁੰਦੀ ਹੈ ਜੋ ਕਿ ਬਹੁਤ ਦੁਖਦਾਈ ਹੁੰਦੀ ਹੈ। ਗੁਰਮੁਖਾਂ ਦਾ ਅਕਾਲ ਚਲਾਣਾ ਹੁੰਦਾ ਹੈ ਜੋ ਕਿ ਸੁਖਦਾਈ ਹੁੰਦਾ ਹੈ। |
| ਨਾਨਕ, ਭਗਤਾ ਸਦਾ ਵਿਗਾਸੁ ॥ | ਭਗਤਾਂ | ਭਗਤਾ = ਭਗਤਾਂ ਨੂੰ; ਵਿਗਾਸੁ = ਖੁਸ਼ੀ, ਖੇੜਾ, ਅਨੰਦ। | ਗੁਰੂ ਜੀ "ਨਾਨਕ" ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ ਭਗਤਾਂ ਨੂੰ ਸਦਾ ਵਿਗਾਸ (ਅਨੰਦ, ਖੇੜਾ) ਰਹਿੰਦਾ ਹੈ (ਕਿਉਂਕਿ); |
| ਸੁਣਿਐ; ਦੂਖ ਪਾਪ ਕਾ ਨਾਸੁ ॥੮॥ | ਸੁਣਿਐਂ | ਸੁਣਿਐ = ਨਾਮ ਸੁਨਣ ਕਰਕੇ; | ਨਾਮ ਸੁਨਣ ਕਰਕੇ (ਗੁਰਮੁਖਾਂ ਦੇ) ਦੁਖਾਂ ਤੇ ਪਾਪਾਂ ਦਾ ਨਾਸ ਹੋ ਜਾਂਦਾ ਹੈ। |
| ਸੁਣਿਐ; ਈਸਰੁ, ਬਰਮਾ, ਇੰਦੁ ॥ | ਸੁਣਿਐਂ, ਈਸ਼ਰ, ਬਰੱਮਾ | ਸੁਣਿਐ = ਨਾਮ ਸੁਨਣ ਕਰਕੇ; ਈਸਰੁ = ਸ਼ਿਵਜੀ; ਬਰਮਾ = ਬ੍ਰਹਮਾ; ਇੰਦੁ = ਸੁਰਗ ਦਾ ਰਾਜਾ ਇੰਦਰ। | ਨਾਮ ਸੁਨਣ ਕਰਕੇ ਸ਼ਿਵ, ਬ੍ਰਹਮਾ ਅਤੇ ਇੰਦਰ (ਆਦਿ ਦੇਵਤਿਆਂ) ਦੀਆਂ ਪਦਵੀਆਂ ਪ੍ਰਾਪਤ ਹੋ ਜਾਂਦੀਆਂ ਹਨ।<br><br>ਗੁਰਮੁਖਾਂ ਨੂੰ ਇਹਨਾਂ ਦੇਵਤਿਆਂ ਤੋਂ ਬਹੁਤ ਉਚੇ ਮਰਤਬੇ ਪ੍ਰਾਪਤ ਹੁੰਦੇ ਹਨ ਪਰ ਨਾਮ ਦੀ ਵਡਿਆਈ ਦਰਸਾਉਣ ਲਈ ਗੁਰੁ ਜੀ ਦਸਦੇ ਹਨ ਕਿ ਉਪਰੋਕਤ ਦੇਵਤਿਆਂ ਜਿਨਾਂ ਦੀ ਪੂਜਾ ਸਾਰੀ ਲੁਕਾਈ ਕਰਦੀ ਹੈ, ਦੇ ਮਰਤਬੇ ਵੀ ਗੁਰਮੁਖਾਂ ਨੂੰ ਪ੍ਰਾਪਤ ਹੋ ਜਾਂਦੇ ਹਨ। |
| ਸੁਣਿਐ; ਮੁਖਿ ਸਾਲਾਹਣ ਮੰਦੁ ॥ | ਸੁਣਿਐਂ | ਸੁਣਿਐ = ਨਾਮ ਸੁਨਣ ਕਰਕੇ; ਮੁਖਿ = ਮੁਖ ਤੋਂ; ਸਾਲਾਹਣ = ਸਾਲਾਹੁੰਦੇ ਹਨ; ਮੰਦੁ = ਮੰਦ ਮੰਦ ਮੁਸਕਰਾਉਂਦੇ ਹਨ। | ਨਾਮ ਸੁਨਣ ਨਾਲ, ਸਾਧਕ ਮੁਖ ਤੋਂ (ਪ੍ਰਭੂ ਨੂੰ ਗੁਰਬਾਣੀ ਰਾਹੀਂ) ਸਲਾਹੁੰਦੇ ਹੋਏ ਮੰਦ ਮੰਦ ਮੁਸਕਰਾਉਂਦੇ ਹਨ ਭਾਵ ਅਨੰਦ ਵਿਚ ਲੀਨ ਹੋ ਕੇ ਉਹ ਸਿਫਤਿ ਸਾਲਾਹ ਕਰਦੇ ਹਨ।<br><br>ਨਾਮ ਸੁਨਣ ਨਾਲ ਅਜਿਹੀ ਸ੍ਰੇਸ਼ਟ ਮਤਿ ਅਤੇ ਬੁਧਿ ਦਾ ਪਰਗਾਸ਼ ਹੁੰਦਾ ਹੈ ਕਿ ਅਸਲ ਵਿਚ ਗੁਰਮੁਖਿ ਹੀ ਗੁਰਬਾਣੀ ਰਾਹੀਂ ਅਕਾਲ ਪੁਰਖ ਨੂੰ ਸਲਾਹੁੰਦੇ ਹਨ। ਹੋਰਨਾਂ ਦਾ ਸਲਾਹੁਣਾ ਬਹੁਤ ਉਰੇ ਦਾ ਹੁੰਦਾ ਹੈ। |
| ਸੁਣਿਐ; ਜੋਗ ਜੁਗਤਿ, ਤਨਿ ਭੇਦ ॥ | ਸੁਣਿਐਂ | ਸੁਣਿਐ = ਨਾਮ ਸੁਨਣ ਕਰਕੇ; ਜੋਗ = ਮਿਲਾਪ; ਜੁਗਤਿ = ਜੁਗਤੀ, ਤਕਨੀਕ, ਤਰੀਕਾ; ਜੋਗ ਜੁਗਤਿ = ਪ੍ਰਭੂ ਨਾਲ ਜੋਗ ਭਾਵ ਮਿਲਾਪ ਦੀ ਜੁਗਤੀ; ਤਨਿ ਭੇਦ = ਤਨ ਵਿਚਲੇ ਭੇਦ। | ਨਾਮ ਸੁਨਣ ਨਾਲ ਪ੍ਰਭੂ ਨਾਲ ਜੋਗ ਭਾਵ ਮਿਲਾਪ ਦੀ ਜੁਗਤੀ ਅਤੇ ਤਨ (ਸਰੀਰ) ਵਿਚਲੇ ਭੇਦ ਪਤਾ ਲਗ ਜਾਂਦੇ ਹਨ।<br><br>"ਤਨਿ ਭੇਦ" ਦਾ ਭਾਵ ਹੈ ਕਿ ਇਸ ਅਨਮੋਲ ਮਨੁਖੀ ਕਾਇਆਂ ਵਿਚ ਅਸੰਖ ਗੁਝੀਆਂ ਵਸਤਾਂ ਅਤੇ ਅਸਥਾਨ ਹਨ ਜਿਵੇਂ ਕਿ ਨਾਭਿ ਕਮਲ, ਦਸਮ ਦੁਆਰ, ਹਿਰਦਾ ਆਦਿ। ਇਨ੍ਹਾਂ ਗੁਝਿਆਂ ਭੇਦਾਂ ਦਾ ਪਤਾ ਸਹਿਜੇ ਹੀ ਗੁਰਮਤਿ ਵਿਧੀ ਮੁਤਾਬਕ ਨਾਮ ਜਪਕੇ ਅਤੇ ਸੁਣਕੇ ਪਤਾ ਲਗ ਜਾਂਦਾ ਹੈ। |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਪਦ ਅਰਥ** | **ਸਰਲ ਅਰਥ ਵਿਚਾਰ** |
| ਸੁਣਿਐ; ਸਾਸਤ, ਸਿਮ੍ਰਿਤਿ, ਵੇਦ ॥ | ਸੁਣਿਐਂ, ਸ਼ਾਸਤ | ਸੁਣਿਐ = ਨਾਮ ਸੁਣਣ ਕਰਕੇ; ਸਾਸਤ = ਸ਼ਾਸਤ੍ਰ, ਛੇ ਸ਼ਾਸਤ੍ਰ ਮੰਨੇ ਗਏ ਹਨ ਜੋ ਕਿ ਇਸ ਪ੍ਰਕਾਰ ਹਨ: ਸਾਂਖ, ਨਿਆਇ, ਵੈਸ਼ੇਸ਼ਿਕ, ਯੋਗ, ਮੀਮਾਂਸਾ ਅਤੇ ਵੇਦਾਂਤ; ਸਿਮ੍ਰਿਤਿ = ਸਿਮ੍ਰਿਤੀਆਂ; ੨੭ ਸਿਮ੍ਰਿਤੀਆਂ ਮੰਨੀਆਂ ਗਈਆਂ ਹਨ ਜਿਨਾਂ ਵਿਚ ਹਿੰਦੂ ਮੱਤ ਅਨੁਸਾਰੀ ਜੀਵਨ ਜਾਚ ਦਰਜ ਹੈ, ਜਿਵੇਂ ਕਿ ਮੰਨੂ ਸਿਮ੍ਰਿਤੀ; ਵੇਦ = ਹਿੰਦੂ ਮੱਤ ਦੇ ਸਭ ਤੋਂ ਸ੍ਰੇਸ਼ਟ ਧਾਰਮਕ ਗ੍ਰੰਥ ਜੋ ਕਿ ਗਿਣਤੀ ਵਿਚ ਚਾਰ ਹਨ - ਰਿਗ, ਸਾਮ, ਜੁਜਰ ਅਤੇ ਅਥਰਬਣ। | ਨਾਮ ਸੁਨਣ ਨਾਲ ਛੇ ਸ਼ਾਸਤਰਾਂ, ਸਭ ਸਿਮ੍ਰਿਤੀਆਂ ਅਤੇ ਵੇਦਾਂ ਦਾ ਗਿਆਨ ਸੁਤੇ ਹੀ ਹੋ ਜਾਂਦਾ ਹੈ।<br><br>ਗੁਰਮਤਿ ਨਾਮ ਪ੍ਰਭੂ ਦਾ ਹੀ ਰੂਪ ਹੈ ਅਤੇ ਸਭ ਗਿਆਨ ਨਾਮ ਵਿਚ ਬੰਦ ਹੈ। ਜਦੋਂ ਸਾਧਕ ਨਾਮ ਜਪਦਾ ਹੈ ਤਾਂ ਨਾਮ ਵਿਚ ਬੰਦ ਸਭ ਜਹਾਨ ਦਾ ਗਿਆਨ ਸਾਧਕ ਤਾਂਈਂ ਪਰਗਟ ਹੋ ਜਾਂਦਾ ਹੈ। "ਹਰਿ ਭਜਨੁ ਤਤੁ ਗਿਆਨੁ" ਵਾਲੀ ਪੰਕਤੀ ਅਤੇ ਹੋਰ ਅਨੇਕਾਂ ਗੁਰਪ੍ਰਮਾਣ ਇਸ ਗੁਰਮਤਿ ਸਿਧਾਂਤ ਦਾ ਇੰਕਸ਼ਾਫ ਕਰਦੇ ਹਨ। ਜੇਕਰ ਕਿਸੇ ਦੇ ਮਨ ਵਿਚ ਸ਼ੰਕਾ ਹੋਵੇ ਤਾਂ ਉਹ ਪੂਰਨ ਗੁਰਸਿਖੀ ਧਾਰਨ ਕਰਕੇ ਖੁਦ ਅਜ਼ਮਾ ਕੇ ਦੇਖ ਲਵੇ ਕਿ ਕਿਵੇਂ ਨਾਮ ਨਾਲ ਗੂੜ੍ਹ ਗਿਆਨ ਪਰਗਟ ਹੋ ਜਾਂਦਾ ਹੈ। |
| ਨਾਨਕ, ਭਗਤਾ ਸਦਾ ਵਿਗਾਸੁ ॥ | ਭਗਤਾਂ | ਭਗਤਾ = ਭਗਤਾਂ ਨੂੰ; ਵਿਗਾਸੁ = ਖੁਸ਼ੀ, ਖੇੜਾ, ਅਨੰਦ; | ਗੁਰੂ ਜੀ "ਨਾਨਕ" ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ ਭਗਤਾਂ ਨੂੰ ਸਦਾ ਵਿਗਾਸ (ਅਨੰਦ, ਖੇੜਾ) ਰਹਿੰਦਾ ਹੈ (ਕਿਉਂਕਿ); |
| ਸੁਣਿਐ; ਦੂਖ ਪਾਪ ਕਾ ਨਾਸੁ ॥੯॥ | ਸੁਣਿਐਂ | ਸੁਣਿਐ = ਨਾਮ ਸੁਨਣ ਕਰਕੇ; | ਨਾਮ ਸੁਨਣ ਕਰਕੇ (ਗੁਰਮੁਖਾਂ ਦੇ) ਦੁਖਾਂ ਤੇ ਪਾਪਾਂ ਦਾ ਨਾਸ ਹੋ ਜਾਂਦਾ ਹੈ। |
| ਸੁਣਿਐ; ਸਤੁ, ਸੰਤੋਖੁ, ਗਿਆਨੁ ॥ | ਸੁਣਿਐਂ | ਸੁਣਿਐ = ਨਾਮ ਸੁਨਣ ਕਰਕੇ; ਸਤੁ = ਸਚ ਆਚਾਰ, ਸਦਾਚਾਰ; ਸੰਤੋਖੁ = ਦੁਨੀਆ ਵਿਚੋਂ ਕਿਸੇ ਵੀ ਚੀਜ਼ ਦੀ ਚਾਹਨਾ ਨਾ ਹੋਣੀ ਅਤੇ ਜੋ ਕੁਝ ਹੈ, ਉਸ ਵਿਚ ਖੁਸ਼ ਹੋਣ ਰਹਿਣ ਦਾ ਗੁਣ; ਗਿਆਨ = ਪ੍ਰਭੂ ਦਾ ਗਿਆਨ, ਬ੍ਰਹਮਗਿਆਨ। | ਨਾਮ ਸੁਨਣ ਨਾਲ ਸਾਧਕ ਵਿਚ ਗੁਰਮਤਿ ਸਤੁ, ਸੰਤੋਖ ਅਤੇ ਬ੍ਰਹਮਗਿਆਨ ਉਪਜ ਜਾਂਦੇ ਹਨ। |
| ਸੁਣਿਐ; ਅਠਸਠਿ ਕਾ ਇਸਨਾਨੁ ॥ | ਸੁਣਿਐਂ, ਇਸ਼ਨਾਨ | ਸੁਣਿਐ = ਨਾਮ ਸੁਨਣ ਕਰਕੇ; ਅਠਸਠਿ = ਅੱਠ + ਸੱਠ = ੬੮; ਇਸਨਾਨ = ਨ੍ਹਾਉਣਾ। | ਨਾਮ ਸੁਨਣ ਨਾਲ ਅਠਾਹਠ ਤੀਰਥਾਂ ਦਾ ਇਸ਼ਨਾਨ ਹੋ ਜਾਂਦਾ ਹੈ ਭਾਵ ਜੋ ਫਲ ਇਹਨਾਂ ਤੀਰਥਾਂ ਤੇ ਇਸ਼ਨਾਨ ਦਾ ਹੈ, ਸੋ ਨਾਮ ਜਪਕੇ ਪ੍ਰਾਪਤ ਹੋ ਜਾਂਦਾ ਹੈ। |
| ਸੁਣਿਐ; ਪੜਿ ਪੜਿ ਪਾਵਹਿ ਮਾਨੁ ॥ | ਸੁਣਿਐਂ, ਪਾਵਹਿਂ | ਸੁਣਿਐ = ਨਾਮ ਸੁਨਣ ਕਰਕੇ; ਪੜਿ ਪੜਿ = ਪੜ ਪੜ ਕੇ; ਪਾਵਹਿ = ਪਾਉਂਦੇ ਹਨ; ਮਾਨੁ = ਇਜ਼ਤ। | ਨਾਮ ਸੁਨਣ ਨਾਲ (ਗੁਰਮੁਖਾਂ ਵਿਚ ਉਹ ਕਲਾ ਉਪਜ ਜਾਂਦੀ ਹੈ ਕਿ ਉਹ ਗੁਰਬਾਣੀ ਦਾ ਤਤ-ਵਾਸਤਵੀ ਰੂਪ ਵਿਚ ਪਾਠ ਕਰਦੇ ਹਨ ਅਤੇ ਉਹ) ਗੁਰਬਾਣੀ ਪੜ੍ਹ ਪੜ੍ਹਕੇ ਇਸ ਦੁਨੀਆ ਵਿਚ ਅਤੇ ਪ੍ਰਭੂ ਦੀ ਦਰਗਾਹ ਵਿਚ ਮਾਣ ਪਾਉਂਦੇ ਹਨ। |
| ਸੁਣਿਐ; ਲਾਗੈ ਸਹਜਿ ਧਿਆਨੁ ॥ | ਸੁਣਿਐਂ | ਸੁਣਿਐ = ਨਾਮ ਸੁਨਣ ਕਰਕੇ; ਲਾਗੈ = ਲਗਦਾ ਹੈ; ਸਹਜਿ = ਬਿਨਾਂ ਕਠਿਨਾਈ ਤੋਂ, ਸਹਿਜ ਸੁਭਾਇ ਹੀ; ਧਿਆਨੁ = ਸੁਰਤਿ ਦਾ ਨਾਮ ਵਿਚ ਟਿਕ ਜਾਣ ਦਾ ਨਾਂ; ਉਹ ਅਵਸਥਾ ਜਦੋਂ ਮਨ ਹਰ ਤਰ੍ਹਾਂ ਦੇ ਫੁਰਨਿਆਂ ਤੋਂ ਰਹਿਤ ਹੋ ਕੇ, ਸਭ ਇਛਾਵਾਂ ਤੋਂ ਬੇਪਰਵਾਹ ਹੋ ਕੇ ਕੇਵਲ ਨਾਮ ਦੇ ਰੰਗ ਵਿਚ ਟਿਕ ਜਾਵੇ। | ਨਾਮ ਸੁਨਣ ਨਾਲ ਸਹਿਜ ਸੁਭਾਏ ਹੀ ਧਿਆਨ ਲਗ ਜਾਂਦਾ ਹੈ।<br><br>ਇਸ ਪੰਕਤੀ ਅੰਦਰ ਗੁਰਮਤਿ ਅਨੁਸਾਰੀ ਜੁਗਤੀ ਧਿਆਨ ਲਾਉਣ ਦੀ ਦਸੀ ਗਈ ਹੈ ਕਿ ਨਾਮ ਨੂੰ ਜਪਦੇ ਹੋਏ ਨਾਲੋ ਨਾਲ ਸ੍ਰਵਣਾਂ ਨਾਲ ਸੁਨਣ ਨਾਲ ਧਿਆਨ ਲਗ ਜਾਂਦਾ ਹੈ। ਸਾਧਕ ਨੇ ਧਿਆਨ ਲਾਉਣ ਲਈ, ਇਸ ਜੁਗਤੀ ਤੋਂ ਇਲਾਵਾ ਹੋਰ ਕੋਈ ਤਰੀਕਾ ਨਹੀਂ ਵਰਤਣਾ। ਨਾਮ ਜਪਦੇ ਹੋਏ, ਗੁਰੂ ਸਾਹਿਬਾਨ ਦੀਆਂ ਤਸਵੀਰਾਂ (ਜੋ ਕਿ ਸਭ ਨਕਲੀ ਹਨ) ਜਾਂ ਹੋਰ ਕਿਸੇ ਵੀ ਪੰਜ ਭੂਤਕ ਆਕਾਰ ਵਾਲੀ ਚੀਜ਼ ਦਾ ਧਿਆਨ ਧਰਨ ਦਾ ਗੁਰਮਤਿ ਵਿਚ ਵਿਧਾਨ ਨਹੀਂ ਹੈ। |
| ਨਾਨਕ, ਭਗਤਾ ਸਦਾ ਵਿਗਾਸੁ ॥ | ਭਗਤਾਂ | ਭਗਤਾ = ਭਗਤਾਂ ਨੂੰ; ਵਿਗਾਸੁ = ਖੁਸ਼ੀ, ਖੇੜਾ, ਅਨੰਦ; | ਗੁਰੂ ਜੀ "ਨਾਨਕ" ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ ਭਗਤਾਂ ਨੂੰ ਸਦਾ ਵਿਗਾਸ (ਅਨੰਦ, ਖੇੜਾ) ਰਹਿੰਦਾ ਹੈ (ਕਿਉਂਕਿ); |
| ਸੁਣਿਐ; ਦੂਖ ਪਾਪ ਕਾ ਨਾਸੁ ॥੧੦॥ | ਸੁਣਿਐਂ | ਸੁਣਿਐ = ਨਾਮ ਸੁਨਣ ਕਰਕੇ; | ਨਾਮ ਸੁਨਣ ਕਰਕੇ (ਗੁਰਮੁਖਾਂ ਦੇ) ਦੁਖਾਂ ਤੇ ਪਾਪਾਂ ਦਾ ਨਾਸ ਹੋ ਜਾਂਦਾ ਹੈ। |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਪਦ ਅਰਥ** | **ਸਰਲ ਅਰਥ ਵਿਚਾਰ** |
| ਸੁਣਿਐ; ਸਰਾ ਗੁਣਾ ਕੇ ਗਾਹ ॥ | ਸੁਣਿਐਂ, ਸਰਾਂ, ਗੁਣਾਂ | ਸੁਣਿਐ = ਨਾਮ ਸੁਨਣ ਕਰਕੇ; ਸਰਾ ਗੁਣਾ ਕੇ ਗਾਹ = ਗੁਣਾਂ ਦੇ ਰੱਹਸਮਈ ਸਰੋਵਰਾਂ ਦਾ ਗਾਹ ਭਾਵ ਸੈਰ। | ਨਾਮ ਸੁਨਣ ਨਾਲ ਗੁਣਾਂ ਦੇ ਰਹੱਸਮਈ ਸਰੋਵਰਾਂ ਦੀ ਸੈਰ ਹੋ ਜਾਂਦੀ ਹੈ ਭਾਵ ਸਾਧਕ ਸਭ ਗੁਣਾਂ ਵਾਲਾ ਹੋ ਜਾਂਦਾ ਹੈ।<br><br>ਸੁਰਤਿ ਮੰਡਲਾਂ ਵਿਚ ਗੁਣਾਂ ਦੇ ਰੱਹਸਮਈ ਸਰੋਵਰ ਹਨ ਜਿਨਾਂ ਤਾਂਈਂ ਨਾਮ ਨੂੰ ਸਰਵਣ ਕਰਨਵਾਲੇ ਗੁਰਮੁਖਾਂ ਦੀ ਪਹੁੰਚ ਹੋ ਜਾਂਦੀ ਹੈ। ਇਸ ਅਵਸਥਾ ਤੇ ਪੁੱਜ ਕੇ ਸਾਧਕ ਅੰਦਰ ਅਥਾਹ ਦੈਵੀ ਗੁਣ ਪਰਗਟ ਹੋ ਜਾਂਦੇ ਹਨ। ਜਿਸ ਵੀ ਗੁਣ ਨੂੰ ਚਾਹੇ, ਸਾਧਕ ਆਪਣੇ ਭੀਤਰ ਜਗਾ ਸਕਦਾ ਹੈ। ਇਸੇ ਕਰਕੇ ਹੀ ਗੁਰਮੁਖਿ ਅਗੰਮੀ ਗੁਣਾਂ ਨਾਲ ਭਰਪੂਰ ਹੁੰਦੇ ਹਨ। |
| ਸੁਣਿਐ; ਸੇਖ, ਪੀਰ, ਪਾਤਿਸਾਹ ॥ | ਸੁਣਿਐਂ, ਸ਼ੇਖ, ਪਾਤਿਸ਼ਾਹ | ਸੁਣਿਐ = ਨਾਮ ਸੁਨਣ ਕਰਕੇ; ਸੇਖ = ਮੁਸਲਮਾਨੀ ਮੱਤ ਦੇ ਅਨੁਆਈਆਂ ਦੀ ਇਕ ਉਚੀ ਪਦਵੀ; ਪੀਰ = ਉਚ ਮੁਸਲਮਾਨੀ ਧਾਰਮਕ ਪਦਵੀ, ਮੁਸਲਮਾਨੀ ਸੰਤ; ਪਾਤਿਸਾਹ = ਰਾਜੇ, ਬਾਦਿਸ਼ਾਹ। | ਨਾਮ ਸੁਨਣ ਨਾਲ ਸ਼ੇਖਾਂ, ਪੀਰਾਂ ਅਤੇ ਬਾਦਿਸ਼ਾਹਾਂ ਦੀਆਂ ਪਦਵੀਆਂ ਪ੍ਰਾਪਤ ਹੋ ਜਾਂਦੀਆਂ ਹਨ। |
| ਸੁਣਿਐ; ਅੰਧੇ ਪਾਵਹਿ ਰਾਹੁ ॥ | ਸੁਣਿਐਂ, ਪਾਵਹਿੰ | ਸੁਣਿਐ = ਨਾਮ ਸੁਨਣ ਕਰਕੇ; ਅੰਧੇ = ਅੰਨੇ; ਪਾਵਹਿ = ਪਾ ਲੈਂਦੇ ਹਨ; ਰਾਹੁ = ਰਸਤਾ। | ਨਾਮ ਸੁਨਣ ਨਾਲ ਅੰਨੇ ਵੀ ਰਾਹ ਪਾ ਲੈਂਦੇ ਹਨ।<br><br>ਅੰਧੇ ਤੋਂ ਭਾਵ ਹੈ ਉਹਨਾਂ ਲੋਕਾਂ ਦਾ ਜੋ ਸਚੇ ਮੋਖ ਦੇ ਰਾਹ ਵਲੋਂ ਖੁੰਝੇ ਹੋਏ ਹਨ। ਨਾਮ ਜਪਣ ਨਾਲ ਉਨ੍ਹਾਂ ਨੂੰ ਮੋਖ ਦਾ ਰਾਹ ਲਭ ਪੈਂਦਾ ਹੈ। |
| ਸੁਣਿਐ; ਹਾਥ ਹੋਵੈ ਅਸਗਾਹੁ ॥ | ਸੁਣਿਐਂ | ਸੁਣਿਐ = ਨਾਮ ਸੁਨਣ ਕਰਕੇ; ਅਸਗਾਹੁ = ਜੋ ਗਾਹਿਆ ਨਾ ਜਾ ਸਕੇ, ਬੇਅੰਤ ਪ੍ਰਭੂ; ਹਾਥ ਹੋਵੈ ਅਸਗਾਹੁ = ਅਸਗਾਹ ਪ੍ਰਭੂ ਹੱਥ ਆ ਜਾਂਦਾ ਹੈ। | ਨਾਮ ਸੁਨਣ ਨਾਲ ਅਸਗਾਹ ਪ੍ਰਭੂ ਹਥ ਆ ਜਾਂਦਾ ਹੈ ਜਿਵੇਂ ਹੱਥ ਤੇ ਅਉਲਾ ਧਰਿਆ ਹੋਵੇ ਭਾਵ ਅਗਾਧ ਬੋਧ ਪ੍ਰਭੂ ਸਾਧਕ ਤਾਂਈਂ ਪਰਗਟ ਹੋ ਜਾਂਦਾ ਹੈ।<br><br>ਸੁਣਿਐ ਦੀਆਂ ਚਾਰ ਪਉੜੀਆਂ ਦਾ ਸਿਖਰਲਾ ਫਲ ਗੁਰੂ ਸਾਹਿਬ ਇਹ ਦਸਦੇ ਹਨ ਕਿ ਗੁਰਮਤਿ ਨਾਮ ਨੂੰ ਧਿਆਨ ਨਾਲ ਸੁਨਣਵਾਲੇ ਗੁਰਮੁਖਿ ਅਸਗਾਹ ਪ੍ਰਭੂ ਨੂੰ ਹੀ ਪ੍ਰਾਪਤ ਕਰ ਲੈਂਦੇ ਹਨ। |
| ਨਾਨਕ, ਭਗਤਾ ਸਦਾ ਵਿਗਾਸੁ ॥ | ਭਗਤਾਂ | ਭਗਤਾ = ਭਗਤਾਂ ਨੂੰ; ਵਿਗਾਸੁ = ਖੁਸ਼ੀ, ਖੇੜਾ, ਅਨੰਦ; | ਗੁਰੂ ਜੀ "ਨਾਨਕ" ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ ਭਗਤਾਂ ਨੂੰ ਸਦਾ ਵਿਗਾਸ (ਅਨੰਦ, ਖੇੜਾ) ਰਹਿੰਦਾ ਹੈ (ਕਿਉਂਕਿ); |
| ਸੁਣਿਐ; ਦੂਖ ਪਾਪ ਕਾ ਨਾਸੁ ॥੧੧॥ | ਸੁਣਿਐਂ | ਸੁਣਿਐ = ਨਾਮ ਸੁਨਣ ਕਰਕੇ; | ਨਾਮ ਸੁਨਣ ਕਰਕੇ (ਗੁਰਮੁਖਾਂ ਦੇ) ਦੁਖਾਂ ਤੇ ਪਾਪਾਂ ਦਾ ਨਾਸ ਹੋ ਜਾਂਦਾ ਹੈ। |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਪਦ ਅਰਥ** | **ਸਰਲ ਅਰਥ ਵਿਚਾਰ** |
| ਪ੍ਰਾਤਕਥਨ: ਨਾਮ ਨੂੰ ਮੰਨਣ ਦਾ ਭਾਵ ਹੈ ਗੁਰਦੀਖਿਆ ਲੈ ਕੇ ਨਾਮ ਨੂੰ ਸੁਣਕੇ ਮੰਨਣਾ ਭਾਵ ਇਕ ਤਾਂ ਨਾਮ ਨੂੰ ਸੁਣਕੇ ਮੰਨ ਲੈਣਾ ਭਾਵ ਲਗਾਤਾਰ ਨਾਮ ਸੁਣੀ ਜਾਣਾ ਅਤੇ ਦੂਸਰਾ ਜੋ ਨਾਮ ਨੂੰ ਸੁਨਣ ਦੀ ਮਹਿਮਾ ਗੁਰਬਾਣੀ ਵਿਚ ਦਰਜ ਹੈ ਉਸ ਪਰ ਯਕੀਨ ਲਿਆਉਣਾ। ਜੋ ਮਨ ਕਰਕੇ ਨਾਮ ਨੂੰ ਮੰਨ ਲਵੇ ਉਸਨੂੰ ਇਹ ਫਲ ਪ੍ਰਾਪਤ ਹੁੰਦੇ ਹਨ ਜੋ ਇਨ੍ਹਾਂ ਚਾਰ ਪਉੜੀਆਂ ਵਿਚ ਦਸੇ ਹਨ। ਨਾਮ ਨੂੰ ਮੰਨਣ ਦਾ ਮਤਲਬ ਇਹੋ ਹੀ ਹੈ ਕਿ ਗੁਰਮਤਿ ਅਨੁਸਾਰ ਨਾਮ ਅਭਿਆਸ ਕਰੇ ਅਤੇ ਕਰੀ ਹੀ ਜਾਵੇ। ਨਾਮ ਨੂੰ ਮੰਨਣ ਵਿਚ ਨਾਮ ਨੂੰ ਸੁਨਣਾ ਵੀ ਆ ਜਾਂਦਾ ਅਤੇ ਨਾਮ ਨੂੰ ਸੁਣ ਸੁਣ ਕੇ ਹਿਰਦੇ ਵਿਚ ਵਸਾਉਣਾ ਵੀ ਆ ਜਾਂਦਾ ਹੈ। 'ਸੁਣਿਐ' ਦੀਆਂ ਪਉੜੀਆਂ ਵਿਚ ਨਾਮ ਨੂੰ ਸੁਨਣ ਦੀ ਮਹਿਮਾ ਦਸੀ ਗਈ ਹੈ। ਨਾਮ ਨੂੰ ਸੁਨਣਾ ਨਾਮ ਅਭਿਆਸ ਕਿਰਿਆ ਦਾ ਮੁੱਖ ਅੰਗ ਹੈ। ਨਾਮ ਨੂੰ ਮੰਨਣ ਵਿਚ ਮਨ-ਬਚ-ਕਰਮ ਕਰਕੇ ਨਾਮ ਸਿਮਰਨ ਕਰਨਾ ਸ਼ਾਮਲ ਹੈ।<br><br>ਕਿਸੇ ਵੀ ਅਧਿਆਤਮਕ ਸਿਧਾਂਤ ਨੂੰ ਪੂਰੀ ਤਰ੍ਹਾਂ ਧਾਰਨ ਕਰਨ ਦੇ ਤਿਨ ਪੜਾਅ ਮੰਨੇ ਜਾਂਦੇ ਹਨ = ਸੁਨਣਾ, ਮੰਨਣਾ ਅਤੇ ਨਿਧਿਆਸਣ ਕਰਨਾ। ਸੁਨਣ ਵਿਚ ਧਿਆਨ ਨਾਲ ਕਿਸੇ ਸਿਧਾਂਤ ਨੂੰ ਸੁਨਣਾ ਅਤੇ ਸਮਝਣਾ ਸ਼ਾਮਲ ਹੈ। ਮੰਨਣ ਵਿਚ ਇਸ ਸੁਣੇ ਹੋਏ ਸਿਧਾਂਤ ਨੂੰ ਚੰਗੀ ਤਰ੍ਹਾਂ ਘੋਖਣ ਦਾ ਭਾਵ ਹੈ ਜਿਸਨੂੰ ਅੰਗਰੇਜ਼ੀ ਵਿਚ analysis and contemplation ਕਹਿ ਦਿੰਦੇ ਹਨ। ਮੰਨਣ ਦਾ ਭਾਵ ਹੈ ਸੁਣੇ ਅਤੇ ਸਮਝੇ ਹੋਏ ਸਿਧਾਂਤ ਨੂੰ ਹਰ ਪਹਿਲੂ ਤੋਂ ਤਰਕ ਵਿਤਰਕ ਦੇ ਆਧਾਰ ਤੇ ਵਿਚਾਰਨਾ ਅਤੇ ਇਸ ਤਰ੍ਹਾਂ ਮਨ ਦੇ ਸਾਰੇ ਸ਼ੰਕਿਆਂ ਨੂੰ ਸ਼ਾਤਿ ਕਰ ਦੇਣਾ। ਤੀਜੇ ਪੜਾਅ ਤੇ ਨਿਧਿਆਸਨ ਹੈ ਜਿਸਦਾ ਭਾਵ ਹੈ ਸੁਣੇ, ਸਮਝੇ, ਅਤੇ ਚੰਗੀ ਤਰ੍ਹਾਂ ਵਿਚਾਰੇ ਹੋਏ ਅਤੇ ਸ਼ੰਕੇ-ਰਹਿਤ ਕੀਤੇ ਹੋਏ ਸਿਧਾਂਤ ਨੂੰ ਦ੍ਰਿੜ੍ਹਤਾ ਨਾਲ ਹਿਰਦੇ ਵਿਚ ਧਾਰਨ ਕਰਨਾ। ਇਸ ਨੂੰ ਅੰਗਰੇਜ਼ੀ ਵਿਚ meditating and steadfastly holding it in the mind ਕਹਿ ਸਕਦੇ ਹਾਂ। ਗੁਰਬਾਣੀ ਦੀਆਂ ਪੰਕਤੀਆਂ ਵਿਚ ਆਏ ਸਿਧਾਂਤਾਂ ਨੂੰ ਇਸ ਤਰ੍ਹਾਂ ਹੀ ਸੁਣ ਕੇ, ਸਮਝ ਕੇ, ਸ਼ੰਕੇ ਸ਼ਾਂਤਿ ਕਰਕੇ, ਹਿਰਦੇ ਵਿਚ ਧਾਰਨ ਕਰਨਾ ਚਾਹੀਦਾ ਹੈ। ਨਾਮ ਨੂੰ ਸੁਨਣ ਅਤੇ ਮੰਨਣ ਵਿਚ ਨਾਮ ਨੂੰ ਜਪਦੇ ਹੋਏ ਸੁਨਣਾ, ਨਾਮ ਨੂੰ ਸਮਝਣਾ ਅਤੇ ਨਾਮ ਵਿਚ ਪਿਆਰ ਧਰਨਾ, ਨਾਮ ਨੂੰ ਸਰਬ ਕਲਿਆਣਕਾਰੀ ਅਤੇ ਮੁਕਤੀ ਦਾ ਸਾਧਨ ਜਾਨਣਾ ਅਤੇ ਬਹੁਤ ਫੋਰਸ ਨਾਲ ਅਤੇ ਦ੍ਰਿੜਤਾ ਨਾਲ ਹਿਰਦੇ ਵਿਚ ਧਾਰੀ ਰਖਣਾ ਸ਼ਾਮਲ ਹੈ। ਨਾਮ ਨੂੰ ਹਿਰਦੇ ਵਿਚ ਧਾਰੀ ਰਖਣ ਤੋ ਭਾਵ ਹੈ ਕਿ ਨਾਮ ਦਾ ਵਿਚਾਰ ਜਾਂ ਫੁਰਨਾ ਇਸ ਕਦਰ ਦ੍ਰਿੜਤਾ ਨਾਲ ਕਾਇਮ ਰਖਣਾ ਕਿ ਹੋਰ ਕੋਈ ਖਿਆਲ ਨਾ ਆਉਣੇ ਪਾਏ। ਇਹਨਾਂ ਪੜਾਵਾਂ ਨੂੰ ਤੈਅ ਕਰਨ ਨਾਲ ਨਾਮ ਦਾ ਸੁਨਣਾ ਅਤੇ ਮੰਨਣਾ ਹੋ ਜਾਂਦਾ ਹੈ। | | | |
| ਮੰਨੇ ਕੀ ਗਤਿ; ਕਹੀ ਨ ਜਾਇ ॥ | | ਮੰਨੇ = ਨਾਮ ਨੂੰ ਮੰਨਣ; ਗਤਿ = ਗਤੀ, ਕਰਣੀ; ਕਹੀ ਨ ਜਾਇ = ਕਹੀ ਨਹੀਂ ਜਾ ਸਕਦੀ ਭਾਵ ਬਿਆਨ ਨਹੀਂ ਹੋ ਸਕਦੀ। | ਨਾਮ ਨੂੰ ਮੰਨਣ (ਮੰਨੇ) ਦੀ ਗਤਿ ਕਹੀ ਨਹੀਂ ਜਾ ਸਕਦੀ ਭਾਵ ਬਿਆਨ ਨਹੀਂ ਹੋ ਸਕਦੀ। |
| ਜੇ ਕੋ ਕਹੈ; ਪਿਛੈ ਪਛੁਤਾਇ ॥ | | ਜੇ ਕੋ = ਜੇ ਕੋਈ; ਪਿਛੈ = ਬਾਅਦ ਵਿਚ। | ਜੇ ਕੋਈ (ਮੰਨੇ ਦੀ ਗਤਿ) ਕਹੇ ਤਾਂ ਉਹ ਪਿਛੋਂ ਪਛਤਾਉਂਦਾ ਹੈ (ਕਿਉਂਕਿ ਉਹ ਕਹਿਣ ਤੋਂ ਕਾਸਿਰ (ਅਸੰਮ੍ਰਥ) ਰਹਿੰਦਾ ਹੈ) |
| ਕਾਗਦਿ, ਕਲਮ ਨ ਲਿਖਣਹਾਰੁ ॥ | | ਕਾਗਦਿ = ਕਾਗਜ਼ ਤੇ; ਕਲਮ = ਲਿਖਣ ਦਾ ਸਾਧਨ, ਪੈਨ; ਲਿਖਣਹਾਰੁ = ਲਿਖਣਵਾਲਾ, ਲਿਖਾਰੀ। | (ਮੰਨੇ ਦੀ ਗਤਿ ਨੂੰ) ਕਾਗਜ਼ ਤੇ (ਪੂਰੀ ਤਰ੍ਹਾਂ ਲਿਖਣ ਲਈ) ਨਾ ਤਾਂ ਕਲਮ ਹੈ ਅਤੇ ਨਾ ਹੀ ਲਿਖਾਰੀ ਹੈ।<br><br>ਇਸ ਪੰਕਤੀ ਦਾ ਭਾਵ ਹੈ ਕਿ ਨਾਮ ਮੰਨਣ ਦੀ ਐਨੀ ਮਹਾਨ ਵਡਿਆਈ ਹੈ ਕਿ ਕੋਈ ਲਿਖਾਰੀ ਕਿਸੇ ਕਲਮ ਨਾਲ ਕਿਸੇ ਕਾਗਜ਼ ਤੇ ਇਸਨੂੰ ਬਿਆਨ ਨਹੀਂ ਕਰ ਸਕਦਾ। |
| ਮੰਨੇ ਕਾ, ਬਹਿ ਕਰਨਿ ਵੀਚਾਰੁ ॥ | | ਮੰਨੇ = ਮੰਨਣ; ਬਹਿ = ਬੈਠ ਕੇ; ਕਰਨਿ = ਪਏ ਕਰਨ।<br><br>ਪੰਕਤੀ ਦਾ ਅਨਵੈ: ਮੰਨੇ ਦਾ ਵਿਚਾਰੁ ਬਹਿ ਕਰਨਿ। | (ਭਾਂਵੇਂ ਵਿਚਾਰਵਾਨ, ਨਾਮ ਨੂੰ) ਮੰਨਣ ਦਾ ਬਹਿ ਕੇ ਵਿਚਾਰ ਪਏ ਕਰਨ।<br><br>ਇਹ ਪੰਕਤੀ ਪਿਛਲੀ ਪੰਕਤੀ ਨਾਲ ਸੰਬੰਧਤ ਹੈ। ਅਸਲ ਵਿਚ ਅਰਥ ਇਸ ਪੰਕਤੀ ਤੋਂ ਤੁਰਦਾ ਹੈ ਕਿ ਭਾਂਵੇਂ ਵਿਚਾਰਵਾਨ ਦਾਨੇ ਲੋਕ ਜਿੰਨਾ ਮਰਜ਼ੀ ਬਹਿ ਕੇ ਵਿਚਾਰ ਕਰ ਲੈਣ, ਫੇਰ ਵੀ ਉਨ੍ਹਾਂ ਵਿਚੋਂ ਕੋਈ ਐਸਾ ਲਿਖਾਰੀ ਨਹੀਂ ਹੋ ਸਕਦਾ ਨਾ ਉਸ ਪਾਸ ਅਜਿਹੀ ਕਲਮ ਹੋ ਸਕਦੀ ਹੈ ਜਿਸ ਨਾਲ ਉਹ ਕਾਗਜ਼ ਤੇ ਨਾਮ ਨੂੰ ਮੰਨਣ ਦੀ ਗਤਿ ਕਹਿ ਸਕੇ। |

| ਗੁਰਬਾਣੀ ਪਾਠ | ਉਚਾਰਨ ਸੇਧ | ਪਦ ਅਰਥ | ਸਰਲ ਅਰਥ ਵਿਚਾਰ |
|---|---|---|---|
| ਐਸਾ, ਨਾਮੁ ਨਿਰੰਜਨੁ ਹੋਇ ॥ | | ਐਸਾ ਹੋਇ = ਐਸਾ ਹੈ; ਨਾਮੁ ਨਿਰੰਜਨੁ = ਮਾਇਆ ਤੋਂ ਰਹਿਤ ਨਾਮ। ਨਾਮੁ ਨਿਰੰਜਨੁ ਨੂੰ ਇਕੱਠਾ ਉਠਾਉਣ ਤੋਂ ਇਹ ਵੀ ਸੰਕੇਤ ਹੈ ਕਿ ਨਾਮ ਅਤੇ ਨਿਰੰਜਨ ਪ੍ਰਭੂ ਅਭੇਦ ਹਨ।<br><br>ਐਸਾ ਨਾਮੁ" ਇਕੱਠਾ ਨਹੀਂ ਉਚਾਰਨਾ। "ਐਸਾ" ਦੇ ਬਾਅਦ ਛੋਟਾ ਬਿਸ਼ਰਾਮ ਹੈ। ਮਤਲਬ ਹੈ, "ਐਸਾ ਹੈ ਨਾਮ ਨਿਰੰਜਨ – ਜੈਸਾ ਉਪਰ ਵਰਨਣ ਕੀਤਾ ਗਿਆ ਹੈ। | ਐਸਾ ਹੈ ਨਾਮ ਨਿਰੰਜਨ (ਜੈਸਾ ਮੰਨੇ ਦੀਆਂ ਪਉੜੀਆਂ ਵਿਚ ਵਰਨਣ ਕੀਤਾ ਗਿਆ ਹੈ)। |
| ਜੇ ਕੋ, ਮੰਨਿ ਜਾਣੈ ਮਨਿ, ਕੋਇ ॥੧੨॥ | | ਜੇ ਕੋ = ਜੇ ਕੋਈ; ਮੰਨਿ ਜਾਣੈ = ਨਾਮ ਨੂੰ ਮੰਨਣਾ ਜਾਣਦਾ ਹੋਵੇ; ਮਨਿ = ਮਨ ਵਿਚ, ਮਨ ਕਰਕੇ; ਕੋਇ = ਐਸਾ ਕੋਈ ਵਿਰਲਾ ਹੀ ਹੁੰਦਾ ਹੈ। | ਨਾਮ ਨਿਰੰਜਨ ਦੀ ਸੋਝੀ ਕਿਸ ਨੂੰ ਆਉਂਦੀ ਹੈ? ਜਵਾਬ ਹੈ: "ਜੇ ਕੋਈ, (ਨਾਮ ਨੂੰ) ਮੰਨਣਾ ਜਾਣਦਾ ਹੋਵੇ ਮਨ ਵਿਚ ਜਾਂ ਮਨ ਕਰਕੇ ਅਰਥਾਥ ਜੇ ਕੋਈ ਨਾਮ ਨੂੰ ਮਨ ਕਰਕੇ ਮੰਨਣ ਕਰਨ ਦੀਆਂ ਜੁਗਤੀਆਂ ਜਾਣਦਾ ਹੋਵੇ ਅਤੇ ਕਮਾਈਆਂ ਕਰਨੀਆਂ ਜਾਣਦਾ ਹੋਵੇ, ਪਰ ਐਸਾ ਕੋਈ ਹੀ ਹੁੰਦਾ ਹੈ"।<br><br>''ਜਾਣੈ' ਪਦ ਤੋਂ ਇਹ ਸ਼ੰਕਾ ਉਠਦੀ ਹੈ ਕਿ ਕੇਵਲ ਨਾਮ ਨੂੰ ਮੰਨਣ ਬਾਰੇ ਜਾਨਣ ਮਾਤਰ ਨਾਲ ਕਿਵੇਂ ਨਾਮ ਦਾ ਮੰਨਣਾ ਹੋ ਸਕਦਾ ਹੈ। ਇਸਦਾ ਜਵਾਬ ਹੈ ਕਿ ਅਸਲ ਵਿਚ 'ਜਾਣੈ' ਭਾਵ ਨਾਮ ਨੂੰ ਮੰਨਣ ਜਾਨਣ ਦੀ ਅਵਸਥਾ ਕੇਵਲ ਅਮਲੀ (Practical) ਤੌਰ ਤੇ ਨਾਮ ਅਭਿਆਸ ਕਰਨ ਨਾਲ ਹੀ ਆਉਂਦੀ ਹੈ; ਕਥਨੀ ਮਾਤਰ ਨਾਲ ਜਾਂ ਕੇਵਲ ਕਿਤਾਬੀ ਗਿਆਨ ਨਾਲ ਨਹੀਂ। |
| ਮੰਨੈ, ਸੁਰਤਿ ਹੋਵੈ ਮਨਿ ਬੁਧਿ ॥ | | ਮੰਨੈ = ਨਾਮ ਨੂੰ ਮੰਨਣ ਕਰਕੇ; ਸੁਰਤਿ = ਧਿਆਨ ਲਾਉਣਵਾਲਾ ਅੰਤਰਮੁਖੀ ਅੰਗ; ਮਨਿ = ਮਨ ਵਿਚ; ਬੁਧਿ = ਪੜਚੋਲ ਕਰਨਵਾਲਾ ਅਤੇ ਤਰਕ ਵਿਚਾਰ ਕਰਨਵਾਲਾ ਅੰਤਰਮੁਖੀ ਅੰਗ।<br><br>"ਹੋਵੈ" ਇਥੇ ਦੇਹੁਲੀ ਦੀਪਕ ਹੈ = ਮਨ ਵਿਚ ਸੁਰਤਿ ਹੋਵੈ ਅਤੇ ਬੁਧਿ ਹੋਵੈ। | ਨਾਮ ਨੂੰ ਮੰਨਣ ਕਰਕੇ ਮਨ ਵਿਚ (ਤੱਤ ਗੁਰਮਤਿ) ਸੁਰਤਿ ਅਤੇ ਬੁਧਿ ਹੋ ਜਾਂਦੀ ਹੈ।<br><br>ਜਿਵੇਂ ਸਰੀਰ ਦੇ ਅੰਗ ਹੁੰਦੇ ਹਨ, ਇਵੇਂ ਹੀ ਆਤਮਾ ਦੇ ਅੰਗ ਵੀ ਹੁੰਦੇ ਹਨ ਜਿਵੇਂ ਕਿ ਮਨ, ਬੁਧਿ, ਮਤਿ, ਚਿਤ ਆਦਿ। ਇਨ੍ਹਾਂ ਦੇ ਅਲਗ ਅਲਗ ਫਰਜ਼ ਜਾਂ ਕਰਤਵ ਹਨ। ਇਹ ਅੰਗ ਮਨ ਦੇ ਨਾਲ ਸਹਿਯੋਗੀ ਦੇ ਤੌਰ ਤੇ ਕੰਮ ਕਰਦੇ ਹਨ। ਆਤਮਾ ਦੀ ਕਾਰਯ ਸ਼ਕਤੀ ਦਾ ਨਾਂ ਹੈ ਮਨ। ਧਿਆਨ ਲਾਉਣ ਵਾਲੇ ਅੰਗ ਦਾ ਨਾਂ ਸੁਰਤਿ ਹੈ ਅਤੇ ਕਿਸੇ ਚੀਜ਼ ਦੀ ਪੜਚੋਲ ਕਰਨ ਵਾਲੇ ਅਤੇ ਤਰਕ ਵਿਚਾਰ ਕਰਨਵਾਲੇ ਅੰਗ ਦਾ ਨਾਂ ਬੁਧਿ ਹੈ। ਇਸੇ ਤਰ੍ਹਾਂ ਹੀ ਚਿਤ ਦਾ ਕੰਮ ਸਭ ਯਾਦਾਂ ਸੰਭਾਲ ਕੇ ਰਖਣ ਦਾ ਹੈ ਅਤੇ ਮਤਿ ਦਾ ਭਾਵ ਹੈ ਮਨ ਦੀ ਸਮਝ। ਮਤਿ ਵਿਚ ਸਭ ਧਾਰਨਾਵਾਂ, ਆਦਤਾਂ ਆਦਿ ਆਉਂਦੀਆਂ ਹਨ। ਬਾਹਰਲੇ ਗਿਆਨ ਇੰਦਰਿਆਂ ਨਾਲ ਜੋ ਵੀ ਅੰਦਰ ਜਾਂਦਾ ਹੈ, ਉਸ ਅਨੁਸਾਰ ਮਨ ਦੀ ਮਤਿ, ਬੁਧਿ, ਸੁਰਤਿ ਆਦਿ ਮੁਤਾਸਰ ਹੁੰਦੇ ਹਨ। ਨਾਮ ਗੁਰਬਾਣੀ ਸੁਣਕੇ ਮਤਿ ਅਤੇ ਬੁਧਿ ਉਜਲ ਹੁੰਦੀਆਂ ਹਨ ਜਿਸ ਸਦਕਾ ਮਨ ਚੰਗੇ ਕੰਮ ਕਰਦਾ ਹੈ। ਇਸ ਬਾਰੇ ਤਫਸੀਲ ਨਾਲ ੩੬ਵੀਂ ਪਉੜੀ ਵਿਚ ਵਿਚਾਰ ਕੀਤੀ ਜਾਵੇਗੀ। |
| ਮੰਨੈ, ਸਗਲ ਭਵਣ ਕੀ ਸੁਧਿ ॥ | | ਮੰਨੈ = ਨਾਮ ਨੂੰ ਮੰਨਣ ਕਰਕੇ; ਸਗਲ = ਸਾਰੇ; ਭਵਣ = ਸ੍ਰਿਸ਼ਟੀ ਦੇ ਭਵਨ ਭਾਵ ਸ੍ਰਿਸ਼ਟੀ ਦੇ ਅਲਗ ਅਲਗ ਲੋਕ ਅਤੇ ਮੰਡਲ ਆਦਿ; ਸੁਧਿ = ਸੋਝੀ, ਸਮਝ। | ਨਾਮ ਨੂੰ ਮੰਨਣ ਕਰਕੇ ਸਗਲ ਭਵਣਾਂ ਦੀ ਸੋਝੀ ਹੋ ਜਾਂਦੀ ਹੈ। ਦੂਸਰੇ ਸ਼ਬਦਾਂ ਵਿਚ ਨਾਮ ਨੂੰ ਮੰਨਣ ਨਾਲ ਸਾਰੀ ਸ੍ਰਿਸ਼ਟੀ ਵਿਚਲੇ ਖੰਡਾਂ ਮੰਡਲਾਂ ਦੀ ਸੋਝੀ ਹੋ ਜਾਂਦੀ ਹੈ। |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਪਦ ਅਰਥ** | **ਸਰਲ ਅਰਥ ਵਿਚਾਰ** |
| ਮੰਨੈ, ਮੁਹਿ ਚੋਟਾ ਨਾ ਖਾਇ ॥ | ਮੂੰਹਿ; ਚੋਟਾਂ | ਮੰਨੈ = ਨਾਮ ਨੂੰ ਮੰਨਣ ਕਰਕੇ; ਮੁਹਿ = ਮੋਹ ਮਾਇਆ ਵਲੋਂ ਮੁਸ ਕੇ ਜਾਂ ਠਗ ਹੋ ਕੇ; ਚੋਟਾ = ਚੋਟਾਂ, ਸੱਟਾਂ। | ਨਾਮ ਨੂੰ ਮੰਨਣ ਕਰਕੇ ਗੁਰਮੁਖਿ ਸਾਧਕ (ਮਾਇਆ ਵਲੋਂ ਮੁਸਕੇ ਭਾਵ ਠਗ ਹੋ ਕੇ, ਜਨਮ ਮਰਨ ਦੇ ਗੇੜ ਰੁਪੀ) ਚੋਟਾਂ ਨਹੀਂ ਖਾਂਦਾ।<br><br>ਜੋ ਨਾਮ ਨੂੰ ਮੰਨਦਾ ਹੈ, ਉਹ ਮਾਇਆ ਤੋਂ ਠਗ ਨਹੀਂ ਹੁੰਦਾ ਅਤੇ ਠਗਿਆ ਕੇ ਜਨਮ ਮਰਨ ਦੀਆਂ ਅਸਹਿ ਚੋਟਾਂ ਨਹੀਂ ਖਾਂਦਾ। |
| ਮੰਨੈ, ਜਮ ਕੈ ਸਾਥਿ ਨ ਜਾਇ ॥ | | ਮੰਨੈ = ਨਾਮ ਨੂੰ ਮੰਨਣ ਕਰਕੇ। ਜਮ = ਮੌਤ ਦੇ ਫਰਿਸ਼ਤੇ; ਧਰਮਰਾਏ ਦੇ ਦੂਤ ਜੋ ਮਨੁਖਾਂ ਦੀ ਜਿੰਦ ਕੱਢਣ ਲਈ ਨੀਯਤ ਕੀਤੇ ਗਏ ਹਨ। | ਨਾਮ ਨੂੰ ਮੰਨਣ ਕਰਕੇ ਗੁਰਮੁਖਿ ਸਾਧਕ ਜਮਾਂ ਨਾਲ ਪਰਲੋਕ ਨਹੀਂ ਜਾਂਦਾ।<br><br>ਇਸ ਪੰਕਤੀ ਤੋਂ ਇਹ ਸੇਧ ਮਿਲਦੀ ਹੈ ਕਿ ਗੁਰਸਿਖਾਂ ਨੂੰ ਅਕਾਲ ਚਲਾਣੇ ਵੇਲੇ ਆਮ ਲੋਕਾਂ ਵਾਂਗ, ਜਮ ਨਹੀਂ ਲੈਣ ਆਉਂਦੇ ਬਲਕਿ ਉਹਨਾਂ ਨੂੰ ਲੈਣ ਲਈ ਸ਼ਹੀਦ ਸਿੰਘ ਜਾਂ ਦਰਗਾਹ ਦੇ ਬਖਸ਼ੇ ਹੋਏ ਗੁਰਮੁਖਿ ਆਉਂਦੇ ਹਨ ਅਤੇ ਧਰਮਰਾਏ ਕਾ ਦਫਤਰ ਸੋਧਕੇ, ਆਪਣੇ ਨਾਲ ਗੁਰਪੁਰੀ ਲੈ ਜਾਂਦੇ ਹਨ। |
| ਐਸਾ, ਨਾਮੁ ਨਿਰੰਜਨੁ ਹੋਇ ॥ | | ਐਸਾ ਹੋਇ = ਐਸਾ ਹੈ; ਨਾਮੁ ਨਿਰੰਜਨੁ = ਮਾਇਆ ਤੋਂ ਰਹਿਤ ਨਾਮ। ਨਾਮੁ ਨਿਰੰਜਨੁ ਨੂੰ ਇਕੱਠਾ ਉਠਾਉਣ ਤੋਂ ਇਹ ਵੀ ਸੰਕੇਤ ਹੈ ਕਿ ਨਾਮ ਅਤੇ ਨਿਰੰਜਨ ਪ੍ਰਭੂ ਅਭੇਦ ਹਨ।<br><br>ਐਸਾ ਨਾਮੁ" ਇਕੱਠਾ ਨਹੀਂ ਉਚਾਰਨਾ। "ਐਸਾ" ਦੇ ਬਾਅਦ ਛੋਟਾ ਬਿਸ਼ਰਾਮ ਹੈ। ਮਤਲਬ ਹੈ, "ਐਸਾ ਹੈ ਨਾਮ ਨਿਰੰਜਨ – ਜੈਸਾ ਉਪਰ ਵਰਨਣ ਕੀਤਾ ਗਿਆ ਹੈ। | ਐਸਾ ਹੈ ਨਾਮ ਨਿਰੰਜਨ (ਜੈਸਾ ਮੰਨੇ ਦੀਆਂ ਪਉੜੀਆਂ ਵਿਚ ਵਰਨਣ ਕੀਤਾ ਗਿਆ ਹੈ)। |
| ਜੇ ਕੋ, ਮੰਨਿ ਜਾਣੈ ਮਨਿ, ਕੋਇ ॥੧੩॥ | | ਜੇ ਕੋ = ਜੇ ਕੋਈ; ਮੰਨਿ ਜਾਣੈ = ਨਾਮ ਨੂੰ ਮੰਨਣਾ ਜਾਣਦਾ ਹੋਵੇ; ਮਨਿ = ਮਨ ਵਿਚ, ਮਨ ਕਰਕੇ; ਕੋਇ = ਐਸਾ ਕੋਈ ਵਿਰਲਾ ਹੀ ਹੁੰਦਾ ਹੈ। | ਨਾਮ ਨਿਰੰਜਨ ਦੀ ਸੋਝੀ ਕਿਸ ਨੂੰ ਆਉਂਦੀ ਹੈ? ਜਵਾਬ ਹੈ: "ਜੇ ਕੋਈ, (ਨਾਮ ਨੂੰ) ਮੰਨਣਾ ਜਾਣਦਾ ਹੋਵੇ ਮਨ ਵਿਚ ਜਾਂ ਮਨ ਕਰਕੇ ਅਰਥਾਥ ਜੇ ਕੋਈ ਨਾਮ ਨੂੰ ਮਨ ਕਰਕੇ ਮੰਨਣ ਕਰਨ ਦੀਆਂ ਜੁਗਤੀਆਂ ਜਾਣਦਾ ਹੋਵੇ ਅਤੇ ਕਮਾਈਆਂ ਕਰਨੀਆਂ ਜਾਣਦਾ ਹੋਵੇ, ਪਰ ਐਸਾ ਕੋਈ ਹੀ ਹੁੰਦਾ ਹੈ"।<br><br>''ਜਾਣੈ' ਪਦ ਤੋਂ ਇਹ ਸ਼ੰਕਾ ਉਠਦੀ ਹੈ ਕਿ ਕੇਵਲ ਨਾਮ ਨੂੰ ਮੰਨਣ ਬਾਰੇ ਜਾਨਣ ਮਾਤਰ ਨਾਲ ਕਿਵੇਂ ਨਾਮ ਦਾ ਮੰਨਣਾ ਹੋ ਸਕਦਾ ਹੈ। ਇਸਦਾ ਜਵਾਬ ਹੈ ਕਿ ਅਸਲ ਵਿਚ 'ਜਾਣੈ' ਭਾਵ ਨਾਮ ਨੂੰ ਮੰਨਣ ਜਾਨਣ ਦੀ ਅਵਸਥਾ ਕੇਵਲ ਅਮਲੀ ਤੌਰ ਤੇ ਨਾਮ ਅਭਿਆਸ ਕਰਨ ਨਾਲ ਹੀ ਆਉਂਦੀ ਹੈ; ਕਥਨੀ ਮਾਤਰ ਨਾਲ ਜਾਂ ਕੇਵਲ ਕਿਤਾਬੀ ਗਿਆਨ ਨਾਲ ਨਹੀਂ। |
| ਮੰਨੈ, ਮਾਰਗਿ ਠਾਕ ਨ ਪਾਇ ॥ | | ਮੰਨੈ = ਨਾਮ ਨੂੰ ਮੰਨਣ ਕਰਕੇ; ਮਾਰਗਿ = ਸਚਖੰਡ ਦੇ ਆਤਮਕ ਮਾਰਗ ਤੇ; ਠਾਕ = ਰੋਕ, ਰੁਕਾਵਟ; ਨ ਪਾਇ = ਨਹੀਂ ਪਾਉਂਦਾ। | ਨਾਮ ਨੂੰ ਮੰਨਣ ਨਾਲ (ਸਚਖੰਡ ਦਰਗਾਹ ਦੇ ਆਤਮਕ) ਮਾਰਗ ਤੇ ਕੋਈ ਠਾਕ (ਰੁਕਾਵਟ) ਨਹੀਂ ਪਾਉਂਦਾ। |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਪਦ ਅਰਥ** | **ਸਰਲ ਅਰਥ ਵਿਚਾਰ** |
| ਮੰਨੈ, ਪਤਿ ਸਿਉ ਪਰਗਟੁ ਜਾਇ ॥ | | ਮੰਨੈ = ਨਾਮ ਨੂੰ ਮੰਨਣ ਕਰਕੇ; ਪਤਿ = ਇਜ਼ਤ; ਸਿਉ = ਨਾਲ, ਸੰਗਿ; ਪਰਗਟ = ਸਰੇਆਮ, ਪਰਗਟ ਪਾਹਾਰੇ; ਜਾਇ = ਜਾਂਦਾ ਹੈ। | ਨਾਮ ਨੂੰ ਮੰਨਣ ਨਾਲ ਸਾਧਕ ਪਰਗਟ ਪਾਹਾਰੇ ਇਜ਼ਤ ਨਾਲ (ਦਰਗਹ) ਜਾਂਦਾ ਹੈ।<br><br>ਇਸਤੋਂ ਪਹਿਲੀ ਪੰਕਤੀ ਵਿਚ ਦਸਿਆ ਗਿਆ ਹੈ ਕਿ ਗੁਰਮੁਖਾਂ ਨੂੰ ਸਚਖੰਡ ਦੇ ਆਤਮਕ ਮਾਰਗੇ ਤੇ ਕੋਈ ਰੁਕਾਵਟ ਨਹੀਂ ਪਾਉਂਦਾ ਅਤੇ ਇਸ ਪੰਕਤੀ ਵਿਚ ਉਸੇ ਗਲ ਨੂੰ ਹੋਰ ਸਪਸ਼ਟ ਕੀਤਾ ਗਿਆ ਹੈ ਕਿ ਗੁਰਮੁਖਿ ਪਰਗਟ ਤੌਰ ਤੇ ਇਜ਼ਤ ਨਾਲ (ਬਿਨਾਂ ਕਿਸੇ ਰੁਕਾਵਟ) ਦਰਗਾਹ ਜਾਂਦੇ ਹਨ। |
| ਮੰਨੈ, ਮਗੁ ਨ ਚਲੈ ਪੰਥੁ ॥ | | ਮੰਨੈ = ਨਾਮ ਨੂੰ ਮੰਨਣ ਕਰਕੇ; ਮਗੁ = ਮਾਰਗ; ਨ ਚਲੈ = ਚਲਾਇਮਾਨ ਨਹੀਂ ਹੁੰਦਾ ਭਾਵ ਖਤਮ ਨਹੀਂ ਹੁੰਦਾ; ਪੰਥ = ਗੁਰਮਤਿ ਪੰਥ। ਮਗੁ ਅਤੇ ਪੰਥੁ ਦੋਨੋ ਸਮਾਨ ਅਰਥਕ ਸ਼ਬਦ ਹਨ ਅਤੇ ਇਸ ਤਰ੍ਹਾਂ ਵਰਤੇ ਗਏ ਹਨ ਜਿਵੇਂ "ਤੁਲਿ" ਅਤੇ ਸਮਸਰਿ" ਇਸ ਪੰਕਤੀ ਵਿਚ ਸਮਾਨ ਅਰਥਕ ਸ਼ਬਦ ਹਨ - "ਤੁਲਿ ਬ੍ਰਹਮ ਸਮਸਰਿ"। | ਨਾਮ ਨੂੰ ਮੰਨਣ ਕਰਕੇ, ਨਾਮ ਨੂੰ ਮੰਨਣਵਾਲਿਆਂ ਦਾ ਸਚਖੰਡ ਦਰਗਾਹੀ ਮਾਰਗ (ਮਗੁ), ਪਰਗਟ ਪੰਥ ਚਲਾਇਮਾਨ (ਖਤਮ) ਨਹੀਂ ਹੁੰਦਾ। ਕਿਉਂ ਚਲਾਇਮਾਨ ਨਹੀਂ ਹੁੰਦਾ? ਇਸਦਾ ਉਤਰ ਅਗਲੀ ਪੰਕਤੀ ਵਿਚ ਹੈ।<br><br>ਇਸਤੋਂ ਪਹਿਲੀਆਂ ਪੰਕਤੀਆਂ ਦਸਦੀਆਂ ਹਨ ਕਿ ਸਚਖੰਡ ਦਰਗਾਹ ਨੂੰ ਜਾਂਦੇ ਕੋਈ ਰੁਕਾਵਟ ਨਹੀਂ ਆਉਂਦੀ ਅਤੇ ਇਸ ਪੰਕਤੀ ਵਿਚ ਹਜ਼ੂਰ ਦਸਦੇ ਹਨ ਕਿ ਸਚਖੰਡ ਨੂੰ ਜਾਂਦਾ ਇਹਰਸਤਾ ਜਾਂ ਮਾਰਗ ਵੀ ਕਦੇ ਨਸ਼ਟ ਨਹੀਂ ਹੁੰਦਾ। |
| ਮੰਨੈ, ਧਰਮ ਸੇਤੀ ਸਨਬੰਧੁ ॥ | | ਮੰਨੈ = ਨਾਮ ਨੂੰ ਮੰਨਣ ਕਰਕੇ; ਧਰਮ = ਨਾਮ ਰੂਪੀ ਸ਼ਕਤੀ ਜੋ ਸਭ ਸ੍ਰਿਸ਼ਟੀ ਵਿਚ ਰਮੀ ਹੋਈ ਹੈ ਅਤੇ ਜਿਸਦੇ ਆਸਰੇ ਸਭ ਖੰਡ ਬ੍ਰਹਿਮੰਡ ਖੜੇ ਹਨ। ਧਰਮ ਦਾ ਮਤਲਬ ਗੁਰਮਤਿ ਧਰਮ ਵੀ ਹੈ। ਸੇਤੀ = ਨਾਲ; ਸਨਬੰਧੁ = ਸੰਬੰਧ। | ਨਾਮ ਨੂੰ ਮੰਨਣ ਕਰਕੇ, ਧਰਮ ਨਾਲ ਸੰਬੰਧ ਬਣਦਾ ਹੈ।<br><br>ਇਸ ਪੰਕਤੀ ਤੋਂ ਸਿਧ ਹੈ ਕਿ ਜੋ ਨਾਮ ਨੂੰ ਨਹੀਂ ਮੰਨਦੇ, ਉਹਨਾਂ ਦਾ ਗੁਰਮਤਿ ਧਰਮ ਨਾਲ ਕੋਈ ਸੰਬੰਧ ਨਹੀਂ ਹੈ। ਧਰਮ ਦਾ ਅਰਥ ਨਾਮ ਦਾ ਉਹ ਰੂਪ ਵੀ ਹੈ ਜਿਸਦੇ ਆਸਰੇ ਇਹ ਸਾਰੀ ਸ੍ਰਿਸ਼ਟੀ ਖੜੀ ਹੈ। ਗੁਰਮਤਿ ਨਾਮ ਨੂੰ ਮੰਨਣ ਕਰਕੇ ਗੁਰਮੁਖਿ ਦਾ ਸੰਬੰਧ ਉਸ ਨਾਮ ਰੂਪੀ ਸ਼ਕਤੀ ਨਾਲ ਜੁੜ ਜਾਂਦਾ ਹੈ ਜੋ ਸਾਰੇ ਪਾਸੇ ਰਮੀ ਹੋਈ ਹੈ। ਇਸੇ ਕਾਰਨ ਗੁਰਮੁਖਾਂ ਦਾ ਗੁਰਮਤਿ ਮਾਰਗ ਜੋ ਉਨ੍ਹਾਂ ਨੂੰ ਸਚਖੰਡ ਲੈ ਜਾਂਦਾ ਹੈ, ਕਦੇ ਨਸ਼ਟ ਨਹੀਂ ਹੁੰਦਾ। |
| ਐਸਾ, ਨਾਮੁ ਨਿਰੰਜਨੁ ਹੋਇ ॥ | | ਐਸਾ ਹੋਇ = ਐਸਾ ਹੈ; ਨਾਮੁ ਨਿਰੰਜਨੁ = ਮਾਇਆ ਤੋਂ ਰਹਿਤ ਨਾਮ। ਨਾਮੁ ਨਿਰੰਜਨੁ ਨੂੰ ਇਕੱਠਾ ਉਠਾਉਣ ਤੋਂ ਇਹ ਵੀ ਸੰਕੇਤ ਹੈ ਕਿ ਨਾਮ ਅਤੇ ਨਿਰੰਜਨ ਪ੍ਰਭੂ ਅਭੇਦ ਹਨ।<br><br>ਐਸਾ ਨਾਮੁ" ਇਕੱਠਾ ਨਹੀਂ ਉਚਾਰਨਾ। "ਐਸਾ" ਦੇ ਬਾਅਦ ਛੋਟਾ ਬਿਸ਼ਰਾਮ ਹੈ। ਮਤਲਬ ਹੈ, "ਐਸਾ ਹੈ ਨਾਮ ਨਿਰੰਜਨ - ਜੈਸਾ ਉਪਰ ਵਰਨਣ ਕੀਤਾ ਗਿਆ ਹੈ। | ਐਸਾ ਹੈ ਨਾਮ ਨਿਰੰਜਨ (ਜੈਸਾ ਮੰਨੇ ਦੀਆਂ ਪਉੜੀਆਂ ਵਿਚ ਵਰਨਣ ਕੀਤਾ ਗਿਆ ਹੈ)। |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਪਦ ਅਰਥ** | **ਸਰਲ ਅਰਥ ਵਿਚਾਰ** |
| ਜੇ ਕੋ, ਮੰਨਿ ਜਾਣੈ ਮਨਿ, ਕੋਇ ॥੧੪॥ | | ਜੇ ਕੋ = ਜੇ ਕੋਈ; ਮੰਨਿ ਜਾਣੈ = ਨਾਮ ਨੂੰ ਮੰਨਣਾ ਜਾਣਦਾ ਹੋਵੇ; ਮਨਿ = ਮਨ ਵਿਚ, ਮਨ ਕਰਕੇ; ਕੋਇ = ਐਸਾ ਕੋਈ ਵਿਰਲਾ ਹੀ ਹੁੰਦਾ ਹੈ। | ਨਾਮ ਨਿਰੰਜਨ ਦੀ ਸੋਝੀ ਕਿਸ ਨੂੰ ਆਉਂਦੀ ਹੈ? ਜਵਾਬ ਹੈ: "ਜੇ ਕੋਈ, (ਨਾਮ ਨੂੰ) ਮੰਨਣਾ ਜਾਣਦਾ ਹੋਵੇ ਮਨ ਵਿਚ ਜਾਂ ਮਨ ਕਰਕੇ ਅਰਥਾਥ ਜੇ ਕੋਈ ਨਾਮ ਨੂੰ ਮਨ ਕਰਕੇ ਮੰਨਣ ਕਰਨ ਦੀਆਂ ਜੁਗਤੀਆਂ ਜਾਣਦਾ ਹੋਵੇ ਅਤੇ ਕਮਾਈਆਂ ਕਰਨੀਆਂ ਜਾਣਦਾ ਹੋਵੇ, ਪਰ ਐਸਾ ਕੋਈ ਹੀ ਹੁੰਦਾ ਹੈ"।<br><br>''ਜਾਣੈ' ਪਦ ਤੋਂ ਇਹ ਸ਼ੰਕਾ ਉਠਦੀ ਹੈ ਕਿ ਕੇਵਲ ਨਾਮ ਨੂੰ ਮੰਨਣ ਬਾਰੇ ਜਾਨਣ ਮਾਤਰ ਨਾਲ ਕਿਵੇਂ ਨਾਮ ਦਾ ਮੰਨਣਾ ਹੋ ਸਕਦਾ ਹੈ। ਇਸਦਾ ਜਵਾਬ ਹੈ ਕਿ ਅਸਲ ਵਿਚ 'ਜਾਣੈ' ਭਾਵ ਨਾਮ ਨੂੰ ਮੰਨਣ ਜਾਨਣ ਦੀ ਅਵਸਥਾ ਕੇਵਲ ਅਮਲੀ ਤੌਰ ਤੇ ਨਾਮ ਅਭਿਆਸ ਕਰਨ ਨਾਲ ਹੀ ਆਉਂਦੀ ਹੈ; ਕਥਨੀ ਮਾਤਰ ਨਾਲ ਜਾਂ ਕੇਵਲ ਕਿਤਾਬੀ ਗਿਆਨ ਨਾਲ ਨਹੀਂ। |
| ਮੰਨੈ, ਪਾਵਹਿ ਮੋਖੁ ਦੁਆਰੁ ॥ | ਪਾਵਹਿਂ | ਮੰਨੈ = ਨਾਮ ਨੂੰ ਮੰਨਣ ਕਰਕੇ; ਪਾਵਹਿ = ਪਾਉਂਦੇ ਹਨ, ਪਾ ਲੈਂਦੇ ਹਨ; ਮੋਖੁ ਦੁਆਰੁ = ਮੋਖ ਦੁਆਰਾ ਮੁਕਤ ਦੁਆਰ, ਧੁਰਿ ਸਚਖੰਡ ਦਰਗਾਹੀ ਦੁਆਰ। | ਨਾਮ ਮੰਨਣ ਕਰਕੇ ਗੁਰਮੁਖਿ ਮੋਖ ਦੁਆਰਾ ਭਾਵ ਸਚਖੰਡ ਦਰਗਾਹੀ ਦੁਆਰ ਪਾ ਲੈਂਦੇ ਹਨ। |
| ਮੰਨੈ, ਪਰਵਾਰੈ ਸਾਧਾਰੁ ॥ | | ਮੰਨੈ = ਨਾਮ ਨੂੰ ਮੰਨਣ ਕਰਕੇ; ਪਰਵਾਰੈ = ਪਰਿਵਾਰ ਨੂੰ; ਸਾਧਾਰ = ਸਾ+ਆਧਾਰ, ਆਧਾਰ ਸਹਿਤ; ਪਰਵਾਰੈ ਸਾਧਾਰ = ਪਰਿਵਾਰ ਨੂੰ ਆਧਾਰ ਸਹਿਤ ਕਰਦਾ ਹੈ ਭਾਵ ਆਪਣਾ ਆਧਾਰ ਦਿੰਦਾ ਹੈ ਅਤੇ ਤਾਰ ਲੈਂਦਾ ਹੈ। | ਨਾਮ ਮੰਨਣ ਕਰਕੇ ਗੁਰਮੁਖਿ ਪਰਵਾਰ ਨੂੰ ਸਾਧਾਰ ਲੈਂਦੇ ਹਨ ਭਾਵ ਪਰਿਵਾਰ ਨੂੰ ਆਧਾਰ ਦਿੰਦੇ ਹਨ ਅਤੇ ਮੁਕਤ ਕਰਾਉਂਦੇ ਹਨ ਜੈਸਾ ਕਿ ਗੁਰਵਾਕ ਹੈ: ਹਰਿ ਜਨੁ ਪਰਵਾਰੁ ਸਧਾਰੁ ਹੈ ਇਕੀਹ ਕੁਲੀ ਸਭੁ ਜਗਤੁ ਛਡਾਵੈ ॥੨॥<br><br>ਕੀ ਮੁਕਤ ਗੁਰਮੁਖਿ ਦੇ ਪਰਿਵਾਰ ਵਾਲੇ ਕੁਝ ਕੀਤੇ ਬਗੈਰ ਹੀ ਤਰ ਜਾਂਦੇ ਹਨ? ਨਹੀਂ। ਮੁਕਤ ਗੁਰਮੁਖਿ ਦੇ ਬਦੌਲਤ ਪਰਿਵਾਰ ਨੂੰ ਸਤਿਗੁਰੂ ਭੇਟਦੇ ਹਨ ਅਤੇ ਗੁਰਮਤਿ ਨਸੀਬ ਹੁੰਦੀ ਹੈ। ਉਹ ਤਰਦੇ ਜ਼ਰੂਰ ਹਨ ਪਰ ਗੁਰਮਤਿ ਅਨੁਸਾਰ ਗੁਰਮੁਖਿ ਬਣਕੇ ਤਰਦੇ ਹਨ। ਮੁਕਤ ਗੁਰਮੁਖਿ ਸਦਕਾ ਉਨ੍ਹਾਂ ਦੇ ਕਰਮਾਂ ਵਿਚ ਗੁਰਸਿਖੀ ਲਿਖੀ ਜਾਂਦੀ ਹੈ। |
| ਮੰਨੈ, ਤਰੈ, ਤਾਰੇ ਗੁਰੁ ਸਿਖ ॥ | | ਮੰਨੈ = ਨਾਮ ਨੂੰ ਮੰਨਣ ਕਰਕੇ; ਤਰੈ = ਤਰਦਾ ਹੈ; ਤਾਰੇ ਗੁਰੁ ਸਿਖ = ਜੇਕਰ ਗੁਰੂ ਤਾਰੇ ਸਿਖ ਨੂੰ। | ਨਾਮ ਨੂੰ ਮੰਨਣ ਕਰਕੇ, ਗੁਰਮੁਖਿ ਤਰਦਾ ਹੈ ਪਰ ਜੇਕਰ ਗੁਰੂ ਸਿਖ ਨੂੰ ਤਾਰੇ।<br><br>"ਤਾਰੇ ਗੁਰੁ ਸਿਖ" ਵਾਲੀ ਅਧਪੰਕਤੀ ਅਭਿਮਾਨ ਤੋੜਨ ਲਈ ਹੈ ਕਿ ਮਤਾਂ ਕੋਈ ਸੋਚ ਲਵੇ ਕਿ ਉਹ ਆਪਣੀ ਘਾਲ ਕਮਾਈ ਨਾਲ ਤਰ ਜਾਵੇਗਾ। ਨਾਮ ਨੂੰ ਮੰਨਣ ਕਰਕੇ ਗੁਰਸਿਖ ਤਰਦਾ ਜ਼ਰੂਰ ਹੈ ਪਰ ਗੁਰੂ ਤਾਰੇ, ਤਾਂ ਤਰਦਾ ਹੈ। ਸਿਖ ਦੀ ਘਾਲ ਥਾਂਇਂ ਤਾਂ ਗੁਰੂ ਨੇ ਹੀ ਪਾਉਣੀ ਹੈ। ਸੋ ਕਮਾਈਆਂ ਕਰਕੇ ਕੋਈ ਸਿਖ ਮੁਕਤੀ ਤੇ ਦਾਅਵਾ ਨਹੀਂ ਕਰ ਸਕਦਾ। ਸਿਖ ਸਦਾ ਹੀ ਗੁਰੂ ਦਾ ਤਾਰਿਆ ਹੋਇਆ ਤਰਦਾ ਹੈ ਅਤੇ ਇਹ ਗੁਰੂ ਦਾ ਵਡੱਪਣ ਹੈ ਕਿ ਉਹ ਸਿਖ ਦੀ ਕਮਾਈ ਥਾਂਇਂ ਪਾ ਲੈਂਦਾ ਹੈ। |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਪਦ ਅਰਥ** | **ਸਰਲ ਅਰਥ ਵਿਚਾਰ** |
| ਮੰਨੈ, ਨਾਨਕ, ਭਵਹਿ ਨ ਭਿਖ ॥ | ਭਵਹਿਂ | ਮੰਨੈ = ਨਾਮ ਨੂੰ ਮੰਨਣ ਕਰਕੇ; ਭਵਹਿ ਨਾ = ਭਉਂਦੇ ਨਹੀਂ, ਭਟਕਦੇ ਨਹੀਂ; ਭਿਖ = ਦੁਨਿਆਵੀ ਜਾਂ ਰੂਹਾਨੀ ਪਦਾਰਥਾਂ ਦੀ ਭਿਖਿਆ। | ਗੁਰੂ ਜੀ "ਨਾਨਕ" ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ ਨਾਮ ਨੂੰ ਮੰਨਣ ਕਰਕੇ ਗੁਰਮੁਖਿ ਸੰਸਾਰੀ ਜਾਂ ਆਤਮਕ ਪਦਾਰਥਾਂ ਦੀ ਭਿਖਿਆ ਲਈ ਭਉਂਦੇ ਭਾਵ ਭਟਕਦੇ ਨਹੀਂ।<br><br>ਇਸ ਪੰਕਤੀ ਤੋਂ ਇਹ ਸੇਧ ਮਿਲਦੀ ਹੈ ਕਿ ਗੁਰਮੁਖਿ ਜਿਨਾਂ ਨੂੰ ਨਾਮ ਦੀ ਦਾਤਿ ਗੁਰੂ ਦੁਆਰਿਓਂ ਪ੍ਰਾਪਤ ਹੋ ਜਾਂਦੀ ਹੈ ਅਤੇ ਜੋ ਨਾਮ ਨੂੰ ਸੁਨਣਾ ਤੇ ਮੰਨਣਾ ਕਰਦੇ ਹਨ, ਉਹ ਫੇਰ ਸੰਸਾਰੀ ਜਾਂ ਆਤਮਕ ਪਦਾਰਥਾਂ ਦੀ ਭਿਖਿਆ ਲਈ ਦਰ ਦਰ ਤੇ ਨਹੀਂ ਮੰਗਦੇ ਫਿਰਦੇ ਕਿਉਂਕਿ ਨਾਮ ਦੇ ਮੰਨਣ ਨਾਲ ਹੀ ਉਹਨਾਂ ਨੂੰ ਸਭ ਦਾਤਾਂ ਪ੍ਰਾਪਤ ਹੋ ਜਾਂਦੀਆਂ ਹਨ। |
| ਐਸਾ, ਨਾਮੁ ਨਿਰੰਜਨੁ, ਹੋਇ ॥ | | ਐਸਾ ਹੋਇ = ਐਸਾ ਹੈ; ਨਾਮੁ ਨਿਰੰਜਨੁ = ਮਾਇਆ ਤੋਂ ਰਹਿਤ ਨਾਮ। ਨਾਮੁ ਨਿਰੰਜਨੁ ਨੂੰ ਇਕੱਠਾ ਉਠਾਉਣ ਤੋਂ ਇਹ ਵੀ ਸੰਕੇਤ ਹੈ ਕਿ ਨਾਮ ਅਤੇ ਨਿਰੰਜਨ ਪ੍ਰਭੂ ਅਭੇਦ ਹਨ।<br><br>ਐਸਾ ਨਾਮੁ" ਇਕੱਠਾ ਨਹੀਂ ਉਚਾਰਨਾ। "ਐਸਾ" ਦੇ ਬਾਅਦ ਛੋਟਾ ਬਿਸ਼ਰਾਮ ਹੈ। ਮਤਲਬ ਹੈ, "ਐਸਾ ਹੈ ਨਾਮ ਨਿਰੰਜਨ – ਜੈਸਾ ਉਪਰ ਵਰਨਣ ਕੀਤਾ ਗਿਆ ਹੈ। | ਐਸਾ ਹੈ ਨਾਮ ਨਿਰੰਜਨ (ਜੈਸਾ ਮੰਨੇ ਦੀਆਂ ਪਉੜੀਆਂ ਵਿਚ ਵਰਨਣ ਕੀਤਾ ਗਿਆ ਹੈ)। |
| ਜੇ ਕੋ, ਮੰਨਿ ਜਾਣੈ ਮਨਿ, ਕੋਇ ॥੧੫॥ | | ਜੇ ਕੋ = ਜੇ ਕੋਈ; ਮੰਨਿ ਜਾਣੈ = ਨਾਮ ਨੂੰ ਮੰਨਣਾ ਜਾਣਦਾ ਹੋਵੇ; ਮਨਿ = ਮਨ ਵਿਚ, ਮਨ ਕਰਕੇ; ਕੋਇ = ਐਸਾ ਕੋਈ ਵਿਰਲਾ ਹੀ ਹੁੰਦਾ ਹੈ। | ਨਾਮ ਨਿਰੰਜਨ ਦੀ ਸੋਝੀ ਕਿਸ ਨੂੰ ਆਉਂਦੀ ਹੈ? ਜਵਾਬ ਹੈ: "ਜੇ ਕੋਈ, (ਨਾਮ ਨੂੰ) ਮੰਨਣਾ ਜਾਣਦਾ ਹੋਵੇ ਮਨ ਵਿਚ ਜਾਂ ਮਨ ਕਰਕੇ ਅਰਥਾਥ ਜੇ ਕੋਈ ਨਾਮ ਨੂੰ ਮਨ ਕਰਕੇ ਮੰਨਣ ਕਰਨ ਦੀਆਂ ਜੁਗਤੀਆਂ ਜਾਣਦਾ ਹੋਵੇ ਅਤੇ ਕਮਾਈਆਂ ਕਰਨੀਆਂ ਜਾਣਦਾ ਹੋਵੇ, ਪਰ ਐਸਾ ਕੋਈ ਹੀ ਹੁੰਦਾ ਹੈ"।<br><br>''ਜਾਣੈ' ਪਦ ਤੋਂ ਇਹ ਸ਼ੰਕਾ ਉਠਦੀ ਹੈ ਕਿ ਕੇਵਲ ਨਾਮ ਨੂੰ ਮੰਨਣ ਬਾਰੇ ਜਾਨਣ ਮਾਤਰ ਨਾਲ ਕਿਵੇਂ ਨਾਮ ਦਾ ਮੰਨਣਾ ਹੋ ਸਕਦਾ ਹੈ। ਇਸਦਾ ਜਵਾਬ ਹੈ ਕਿ ਅਸਲ ਵਿਚ 'ਜਾਣੈ' ਭਾਵ ਨਾਮ ਨੂੰ ਮੰਨਣ ਜਾਨਣ ਦੀ ਅਵਸਥਾ ਕੇਵਲ ਅਮਲੀ ਤੌਰ ਤੇ ਨਾਮ ਅਭਿਆਸ ਕਰਨ ਨਾਲ ਹੀ ਆਉਂਦੀ ਹੈ; ਕਥਨੀ ਮਾਤਰ ਨਾਲ ਜਾਂ ਕੇਵਲ ਕਿਤਾਬੀ ਗਿਆਨ ਨਾਲ ਨਹੀਂ। |
| ਪ੍ਰਾਤਕਥਨ: ਇਸ ਪਉੜੀ ਦੀਆਂ ਪਹਿਲੀਆਂ ਚਾਰ ਪੰਕਤੀਆਂ ਉਹਨਾਂ ਗੁਰਮੁਖਾਂ ਦੀ ਮਹਿਮਾ ਵਿਚ ਹਨ ਜੋ ਨਾਮ ਨੂੰ ਸੁਣ ਕੇ ਅਤੇ ਮੰਨ ਕੇ ਅਕਾਲ ਪੁਰਖ ਨਾਲ ਇਕ ਮਿਕ ਹੋ ਜਾਂਦੇ ਹਨ। ਬਾਕੀ ਦੀ ਪਉੜੀ ਅਕਾਲ ਪੁਰਖ ਦੀ ਬਾਹਰਮੁਖੀ ਰਚਨਾ ਨਾਲ ਸੰਬੰਧਤ ਹੈ ਅਤੇ ਗੁਰੂ ਜੀ ਨੇ ਧਰਤੀ ਨੂੰ ਥੰਮਣ ਨਾਲ ਸੰਬੰਧਤ ਵਹਿਮ ਭਰਮ ਇਸ ਪਉੜੀ ਵਿਚ ਦੂਰ ਕੀਤੇ ਹਨ। | | | |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਪਦ ਅਰਥ** | **ਸਰਲ ਅਰਥ ਵਿਚਾਰ** |
| ਪੰਚ ਪਰਵਾਣ; ਪੰਚ ਪਰਧਾਨੁ ॥ | | ਪੰਚ = ਸ੍ਰੇਸ਼ਟ ਜਨ, ਉਹ ਸ੍ਰੇਸ਼ਟ ਜਨ ਹਨ ਜੋ ਪਿਛਲੀਆਂ ੮ ਪਉੜੀਆਂ ਮੁਤਾਬਕ, ਨਾਮ ਨੂੰ ਸੁਣ ਕੇ ਅਤੇ ਮੰਨ ਕੇ ਗੁਰੂ ਦੇ ਦੁਆਰ ਤੇ ਪਰਵਾਣ ਚੜ ਜਾਂਦੇ ਹਨ। ਪਰਵਾਣ = ਗੁਰੂ ਕਰਤਾਰ ਵਲੋਂ ਕਬੂਲ ਹੋਏ ਅਤੇ ਬਖਸ਼ੇ ਹੋਏ, ਰਬ ਦੇ ਮਨਜ਼ੂਰਸ਼ੁਦਾ; ਪਰਧਾਨੁ = ਮੁਖੀ।<br><br>ਇਹਨਾਂ ਚਾਰ ਪੰਕਤੀਆਂ ਵਿਚ 'ਪੰਚ' ਦਾ ਅਰਥ ਗਿਣਤੀਬੋਧਕ ਪੰਜ ਨਹੀਂ ਹੈ ਕਿਉਂਕਿ ਦਰ ਤੇ ਪਰਵਾਨ ਹੋਏ ਜਨਾਂ ਦੀ ਗਿਣਤੀ ਪੰਜਾਂ ਤੋਂ ਕਿਤੇ ਵਧ ਹੈ। | (ਅਕਾਲ ਪੁਰਖ ਵਲੋਂ) ਪੰਚ ਹੀ ਪਰਵਾਨ (ਕਬੂਲ, ਮਨਜ਼ੂਰਸ਼ੁਦਾ) ਹਨ ਅਤੇ ਪੰਚ ਹੀ ਪਰਧਾਨ (ਮੁਖੀਏ) ਹਨ।<br><br>ਸੁਣਿਐ ਅਤੇ ਮੰਨੇ ਦੀਆਂ ਪਉੜੀਆਂ ਮੁਤਾਬਕ ਜੋ ਗੁਰਮਖਿ ਜਨ ਨਾਮ ਨੂੰ ਸੁਣ ਅਤੇ ਮੰਨ ਲੈਂਦੇ ਹਨ, ਉਹ ਪੰਚ ਕਹਾਉਂਦੇ ਹਨ। ਕੇਵਲ ਇਹ ਪੰਚ ਹੀ ਅਕਾਲ ਪੁਰਖ ਦੇ ਦਰ ਤੇ ਪਰਵਾਨ ਅਤੇ ਪਰਧਾਨ ਹੁੰਦੇ ਹਨ। ਹੋਰ ਸੰਸਾਰੀ ਤੌਰ ਤੇ ਕੋਈ ਲੱਖ ਪਰਧਾਨ ਬਣਿਆ ਫਿਰੇ, ਉਹ ਦਰ ਤੇ ਕਬੂਲ ਨਹੀਂ। |
| ਪੰਚੇ ਪਾਵਹਿ ਦਰਗਹਿ ਮਾਨੁ ॥ | ਪਾਵਹਿੰ | ਪੰਚੇ = ਪੰਚ ਹੀ, ਕੇਵਲ ਪੰਚ; ਪਾਵਹਿ = ਪਾਉਂਦੇ ਹਨ; ਦਰਗਹਿ = ਵਾਹਿਗੁਰੂ ਦੀ ਦਰਗਾਹ ਵਿਖੇ; ਮਾਨੁ = ਇਜ਼ਤ। | ਪੰਚ ਜਨ ਹੀ (ਅਕਾਲ ਪੁਰਖ ਦੀ) ਦਰਗਾਹ ਵਿਖੇ ਮਾਣ ਪਾਉਂਦੇ ਹਨ।<br><br>ਜੋ ਮਨ ਕਰਕੇ ਨਾਮ ਨਹੀਂ ਜਪਦੇ ਉਨ੍ਹਾਂ ਦੀ ਦਰਗਾਹ ਕੋਈ ਇਜ਼ਤ ਨਹੀਂ ਹੁੰਦੀ ਜੈਸਾ ਕਿ ਇਹ ਗੁਰਵਾਕ ਦਸਦਾ ਹੈ: ਹਰਿ ਕਾ ਨਾਮੁ ਜਿਨਿ ਮਨਿ ਨ ਆਰਾਧਾ ॥ ਚੋਰ ਕੀ ਨਿਆਈ ਜਮ ਪੁਰਿ ਬਾਧਾ ॥੬॥ ਮਨਮੁਖਾਂ ਨੂੰ ਧਰਮਰਾਏ ਦੀ ਦਰਗਾਹ ਵਿਚ ਵੀ ਕੌੜੇ ਬੋਲ ਸੁਨਣੇ ਪੈਂਦੇ ਹਨ ਪਰ ਗੁਰਮੁਖਾਂ ਨੂੰ ਕੋਈ ਉਇ ਉਇ ਜਾਂ ਰੇ ਰੇ ਨਹੀਂ ਕਹਿੰਦਾ ਜੈਸਾ ਕਿ ਗੁਰਵਾਕ ਹੈ: ਰੇ ਰੇ ਦਰਗਹ ਕਹੈ ਨ ਕੋਊ ॥ ਆਉ ਬੈਠੁ ਆਦਰੁ ਸੁਭ ਦੇਊ ॥ ਇਸ ਪੰਕਤੀ ਮੁਤਾਬਕ ਗੁਰਮੁਖਾਂ ਨੂੰ ਧਰਮਰਾਏ ਦੀ ਦਰਗਾਹ ਵਿਚ ਆਦਰ ਮਿਲਦਾ ਹੈ। |
| ਪੰਚੇ ਸੋਹਹਿ ਦਰਿ ਰਾਜਾਨੁ ॥ | ਸੋਹਹਿੰ = ਸੋਹੇਂ | ਪੰਚੇ = ਪੰਚ ਹੀ, ਕੇਵਲ ਪੰਚ; ਸੋਹਹਿ = ਸੋਂਹਦੇ ਹਨ; ਦਰਿ = ਪਰਮੇਸ਼ਰ ਦੇ ਦਰ ਤੇ; ਰਾਜਾਨੁ = ਰਾਜਾਨ ਵਾਂਗ, ਰਾਜੇ ਵਾਂਗ। | ਪੰਚ ਹੀ ਪ੍ਰਭੂ ਦੇ ਦਰ ਤੇ ਵਡੇ ਰਾਜੇ ਵਾਂਗ ਸੋਂਹਦੇ ਹਨ ਭਾਵ ਉਹਨਾਂ ਦਾ ਸਤਿਕਾਰ ਪ੍ਰਭੂ ਦੇ ਦਰ ਤੇ ਰਾਜਾਨ (ਰਾਜੇ) ਵਾਂਗ ਹੁੰਦਾ ਹੈ।<br><br>ਇਹ ਅਰਥ ਠੀਕ ਨਹੀਂ ਕਿ ਪੰਚ ਜਨ ਰਾਜਾਨ (ਪ੍ਰਭੂ) ਦੇ ਦਰ ਤੇ ਸੋਂਹਦੇ ਹਨ ਕਿਉਂਕਿ "ਰਾਜਾਨੁ" ਪਦ ਦੇ ਛੇਕੜਲੇ ਔਂਕੜ ਕਰਕੇ, ਇਸ ਵਿਚੋਂ ਸੰਬੰਧਕ ਦਾ ਅਰਥ ਨਹੀਂ ਨਿਕਲ ਸਕਦਾ। |
| ਪੰਚਾ ਕਾ, ਗੁਰੁ ਏਕੁ ਧਿਆਨੁ ॥ | ਪੰਚਾਂ | ਪੰਚਾ ਕਾ = ਪੰਚਾਂ ਦਾ; ਗੁਰੁ = ਗੁਰੂ ਸਾਹਿਬ, ਅਸਲ ਵਿਚ "ਗੁਰੁ" ਦਾ ਭਾਵ ਨਾਮ ਗੁਰਮੰਤ੍ਰ ਹੀ ਹੈ; ਏਕੁ = ਕੇਵਲ।<br><br>ਪੰਕਤੀ ਦਾ ਅਨਵੈ: ਪੰਚਾ ਕਾ ਧਿਆਨ ਏਕ ਗੁਰੁ। | ਪੰਚਾਂ ਦਾ ਧਿਆਨ, ਬਸ ਇਕ ਗੁਰੂ ਭਾਵ ਨਾਮ ਗੁਰਮੰਤ੍ਰ ਹੁੰਦਾ ਹੈ।<br><br>ਸਮੱਗਰ ਗੁਰਬਾਣੀ ਵਿਚ ਗੁਰਮਤਿ ਨਾਮ ਨੂੰ ਗੁਪਤ ਰਖਿਆ ਗਿਆ ਹੈ ਅਤੇ ਉਸਦੀ ਥਾਂ ਤੇ "ਗੁਰ ਗੁਰ" ਜਾਂ "ਵਾਹੁ" "ਵਾਹੁ" ਜਾਂ ਹੋਰ ਕਿਰਤਮ ਨਾਮ, ਸੰਕੇਤਕ ਵਜੋਂ ਵਰਤੇ ਗਏ ਹਨ। ਗੁਰਮਖਿ ਜਨ ਗੁਰੂ ਸਾਹਿਬਾਨ ਤੇ ਧਿਆਨ ਨਾਮ ਗੁਰਬਾਣੀ ਰਾਹੀਂ ਹੀ ਧਰਦੇ ਹਨ ਕਿਉਂਕਿ "ਗੁਰ ਮੂਰਤਿ ਗੁਰ ਸਬਦ ਹੈ"। ਇਸ ਕਾਰਨ "ਗੁਰੁ ਏਕੁ ਧਿਆਨੁ" ਦਾ ਅਸਲ ਭਾਵ ਹੈ ਕਿ ਗੁਰਮੁਖਾਂ ਦਾ ਧਿਆਨ ਕੇਵਲ ਗੁਰਮਤਿ ਨਾਮ ਹੁੰਦਾ ਹੈ। |
| ਪ੍ਰਾਤਕਥਨ: ਇਥੋਂ ਤਕ ਨਾਮ ਨਾਲ ਸੰਬੰਧਤ ਅੰਤਰਮੁਖੀ ਵਿਚਾਰ ਸੀ ਪਰ ਹੁਣ ਵਾਹਿਗੁਰੂ ਦੀ ਦ੍ਰਿਸ਼ਟਮਾਨ ਸ੍ਰਿਸ਼ਟੀ ਦੀ ਵਿਚਾਰ ਰਾਹੀਂ ਉਸਦੀ ਸਿਫਤਿ ਸਾਲਾਹ ਆਰੰਭ ਹੁੰਦੀ ਹੈ। | | | |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਪਦ ਅਰਥ** | **ਸਰਲ ਅਰਥ ਵਿਚਾਰ** |
| ਜੇ ਕੋ ਕਹੈ, ਕਰੈ ਵੀਚਾਰੁ ॥ | | ਜੇ ਕੋ = ਜੇ ਕੋਈ; ਕਰੈ ਵੀਚਾਰੁ = ਵਿਚਾਰ ਕਰੇ।<br><br>"ਕਹੈ" ਤੋਂ ਭਾਵ ਵਿਚਾਰ ਨੂੰ ਪਰਗਟ ਕਰਨ ਦਾ ਹੈ ਅਤੇ "ਕਰੈ" ਤੋਂ ਭਾਵ ਨਿਜੀ ਤੌਰ ਤੇ ਵਿਚਾਰ ਕਰਨ ਦਾ ਹੈ। | ਜੇ ਕੋਈ (ਕਰਤੇ ਦੇ ਕਰਤਬਾਂ ਦਾ) ਵਿਚਾਰ ਕਰੇ ਅਤੇ ਬਿਆਨ ਕਰੇ (ਤਾਂ ਨਹੀਂ ਕਰ ਸਕਦਾ ਕਿਉਂਕਿ); |
| ਕਰਤੇ ਕੈ ਕਰਣੈ, ਨਾਹੀ ਸੁਮਾਰੁ ॥ | ਸ਼ੁਮਾਰ | ਕਰਤੇ ਕੈ = ਕਰਤੇ ਅਕਾਲ ਪੁਰਖ ਦੇ; ਕਰਣੈ = ਕੀਤੇ ਹੋਏ ਕਰਣਿਆਂ ਦਾ ਭਾਵ ਕੰਮਾਂ ਦਾ ਜਾਂ ਕਰਤਬਾਂ ਦਾ; ਸੁਮਾਰ = ਗਿਣਤੀ; ਕਰਣੈ ਨਾਹੀ ਸੁਮਾਰੁ = ਕਰਣਿਆਂ ਦਾ ਸ਼ੁਮਾਰ ਨਹੀਂ ਹੋ ਸਕਦਾ ਭਾਵ ਕੰਮਾਂ ਦੀ ਗਿਣਤੀ ਨਹੀਂ ਹੋ ਸਕਦੀ। | ਕਰਤੇ ਦੇ ਕਰਣਿਆਂ ਦਾ ਭਾਵ ਕੀਤੇ ਕੰਮਾਂ ਦਾ ਸ਼ੁਮਾਰ ਨਹੀਂ ਹੋ ਸਕਦਾ ਭਾਵ ਗਿਣਤੀ ਨਹੀਂ ਹੋ ਸਕਦੀ।<br><br>ਪਿਛਲੀ ਪੰਕਤੀ ਅਤੇ ਇਸ ਪੰਕਤੀ ਦਾ ਅਰਥ ਇਸ ਪੰਕਤੀ ਤੋਂ ਤੁਰਦਾ ਹੈ। ਭਾਵ ਹੈ ਕਿ ਕਰਤੇ ਅਕਾਲ ਪੁਰਖ ਦੇ ਕਰਣਿਆਂ ਦਾ ਸ਼ੁਮਾਰ ਨਹੀਂ ਹੋ ਸਕਦਾ ਭਾਂਵੇਂ ਕੋਈ ਵਿਚਾਰ ਕਰਕੇ ਦੇਖ ਲਵੇ ਅਤੇ ਕਹਿ ਕੇ ਦੇਖ ਲਵੇ ਪਰ ਉਹ ਨਾ ਤਾਂ ਵਿਚਾਰ ਪੂਰੀ ਤਰ੍ਹਾਂ ਕਰ ਸਕਦਾ ਹੈ ਨਾ ਕਹਿ ਸਕਦਾ ਹੈ। |
| ਧੌਲੁ ਧਰਮੁ; ਦਇਆ ਕਾ ਪੂਤੁ ॥ | | ਧੌਲ = ਧਉਲਾ (ਚਿੱਟਾ) ਬਲਦ; ਧਰਮੁ = ਜੋਤਿ ਰੂਪ ਨਾਮ ਜਿਸਦੇ ਆਸਰੇ ਸਭ ਸ੍ਰਿਸ਼ਟੀ ਖੜੀ ਹੈ ਜੈਸਾ ਕਿ "ਨਾਮ ਕੇ ਧਾਰੇ ਖੰਡ ਬ੍ਰਹਮੰਡ॥" ਆਦਿ ਪੰਕਤੀਆਂ ਤੋਂ ਜ਼ਾਹਰ ਹੈ। ਸੋ ਧਰਤੀ ਨਾਮ ਦੀ ਸ਼ਕਤੀ ਦੇ ਆਸਰੇ ਖੜੀ ਹੈ। ਇਸ ਪੰਕਤੀ ਵਿਚ "ਧਰਮੁ" ਦਾ ਮਤਲਬ ਨਾਮ ਸ਼ਕਤੀ ਹੈ ਜਿਸ ਰਾਹੀਂ ਸਭ ਸੰਸਾਰ ਬਣਿਆ ਹੈ ਅਤੇ ਹੁਣ ਥੰਮਿਆ ਹੋਇਆ ਹੈ। | ਉਹ ਧਉਲਾ ਬੌਲਦ (ਜਿਸ ਨੇ ਧਰਤੀ ਚੱਕੀ ਹੋਈ ਹੈ) ਧਰਮ ਹੈ ਜੋ ਕਿ ਦਇਆ ਦਾ ਪੁੱਤਰ ਹੈ।<br><br>ਇਸ ਪੰਕਤੀ ਦਾ ਅਰਥ ਇਹ ਨਹੀਂ ਹੈ ਨਾਮ ਰੂਪੀ ਧਰਮ ਸਚੀਂ ਹੀ ਦਇਆ ਦਾ ਪੁਤਰ ਹੈ ਬਲਕਿ ਇਹ ਹੈ ਕਿ ਸੂਖਮ, ਗੁਪਤ ਅਤੇ ਜੋਤਿ ਰੂਪ ਨਾਮ ਦੀ ਪ੍ਰਾਪਤੀ ਤਾਂ ਹੁੰਦੀ ਹੈ ਜੇ ਦਇਆ ਧਾਰਨ ਕੀਤੀ ਜਾਵੇ। ਗੁਰਮੁਤਿ ਗੁਣਾਂ ਨੂੰ ਧਾਰਨ ਕਰਕੇ ਕੀਤੀ ਭਗਤੀ ਦਾ ਫਲ ਦੇਹੀ ਵਿਚ ਗੁਪਤ ਵਸਣ ਵਾਲੇ ਨਉਨਿਧਿ ਅੰਮ੍ਰਿਤ ਪ੍ਰਭੂ ਦੇ ਨਾਮ ਦੀ ਪ੍ਰਾਪਤੀ ਹੈ। ਨਾਮ ਗੁਰਮੰਤ੍ਰ ਇਸ ਗੁਪਤ ਰਮੇ ਹੋਏ ਨਾਮ ਦਾ ਅਸਥੂਲ ਰੂਪ ਹੈ। ਗੁਰਮਤਿ ਨਾਮ ਦਾ ਜਾਪ ਗੁਪਤ ਨਉਨਿਧਿ ਅੰਮ੍ਰਿਤ ਨਾਮ ਨਾਲ ਸਾਧਕ ਨੂੰ ਜੋੜ ਦਿੰਦਾ ਹੈ। |
| ਸੰਤੋਖੁ ਥਾਪਿ ਰਖਿਆ ਜਿਨਿ, ਸੂਤਿ ॥ | | ਸੰਤੋਖੁ = ਇਕ ਗੁਰਮਤਿ ਧਰਮ ਦਾ ਗੁਣ ਜਿਸ ਸਦਕਾ ਜੀਵ ਅਧਿਅਤਮਕ ਅਨੰਦ ਵਿਚ ਹੀ ਖੁਸ਼ ਰਹਿੰਦਾ ਹੈ ਅਤੇ ਕਿਸੇ ਵੀ ਸੰਸਾਰੀ ਵਸਤੂ ਦੀ ਲੋਚਨਾ ਨਹੀਂ ਕਰਦਾ; ਥਾਪਿ = ਅਸਥਾਪਤ ਕੀਤਾ; ਜਿਨਿ = ਜਿਸ ਧਰਮ ਨੇ; ਸੂਤਿ = ਸੂਤਰ ਵਿਚ, ਕੰਟਰੋਲ ਵਿਚ; ਥਾਪਿ ਰਖਿਆ ਜਿਨਿ ਸੂਤਿ = ਜਿਸ ਧਰਮ ਨੇ ਸੰਤੋਖ ਨੂੰ ਥਾਪਿ ਰਖਿਆ ਹੈ ਸੂਤਰ ਵਿਚ। | ਜਿਸ ਧਰਮ ਨੇ, ਸੰਤੋਖ (ਵਾਲੇ ਮੁਖ ਗੁਰਮਤਿ ਗੁਣ) ਨੂੰ ਥਾਪਿ ਕੇ ਆਪਣੇ ਸੂਤਿ ਵਿਚ ਰਖਿਆ ਹੋਇਆ ਹੈ ਭਾਵ ਸੰਤੋਖ ਪੂਰੀ ਤਰ੍ਹਾਂ ਗੁਰਮਤਿ ਧਰਮ ਦੇ ਅਧੀਨ ਹੈ।<br><br>ਇਸਦਾ ਸਾਧਨਾ ਪੱਖ ਇਹ ਹੈ ਕਿ ਗੁਰਮਤਿ ਧਰਮ ਧਾਰਨ ਕੀਤੇ ਬਗ਼ੈਰ ਕਦੇ ਵੀ ਸੰਤੋਖ ਵਾਲਾ ਗੁਣ ਸਾਧਕ ਵਿਚ ਨਹੀਂ ਆ ਸਕਦਾ। ਜਿਥੇ ਗੁਰਮਤਿ ਧਰਮ ਹੋਵੇਗਾ, ਉਥੇ ਸੰਤੋਖ ਵੀ ਹੋਵੇਗਾ ਅਤੇ ਕੇਵਲ ਉਥੇ ਹੀ ਹੋਵੇਗਾ। ਇਹ ਸੰਤੋਖ ਵਾਲਾ ਗੁਣ ਤਤ ਗੁਰਮਤਿ ਦੇ ਧਾਰਣੀ ਗੁਰਮੁਖਾਂ ਨੂੰ ਪ੍ਰਾਪਤ ਹੁੰਦਾ ਹੈ। |
| ਜੇ ਕੋ ਬੁਝੈ; ਹੋਵੈ ਸਚਿਆਰੁ ॥ | | ਜੇ ਕੋ ਬੁਝੈ = ਜੇ ਕੋਈ ਬੁਝ ਲਵੇ; ਸਚਿਆਰ = ਸੱਚਾ, ਜਿਸਨੇ ਸਚ (ਨਾਮ ਰੂਪੀ ਸਚ) ਧਾਰਨ ਕੀਤਾ ਹੋਵੇ। | ਜੇਕਰ ਕੋਈ ਬੁਝ ਲਵੇ (ਗੁਰਮਤਿ ਨਾਮ ਧਰਮ ਨੂੰ ਅਤੇ ਇਸ ਨਾਲ ਸੰਬੰਧਤ ਦਇਆ, ਸੰਤੋਖ ਆਦਿ ਗੁਰਮਤਿ ਗੁਣਾਂ ਨੂੰ) ਤਾਂ ਉਹ ਸਚਿਆਰ ਹੋ ਜਾਂਦਾ ਹੈ।<br><br>ਇਸ ਗੁਰਮਤਿ ਨਾਮ ਰੂਪੀ ਧਰਮ ਦੀ ਸੋਝੀ ਗੁਰੂ ਦੁਆਰਿਓਂ, ਗੁਰੂ ਵਾਲੇ ਬਣਕੇ, ਰਹਿਤ ਰੱਖਕੇ ਨਾਮ ਸਿਮਰਨ ਕਰਕੇ ਹੀ ਆਉਂਦੀ ਹੈ। ਹੋਰ ਕਿਸੇ ਤਰੀਕੇ ਨਾਲ ਨਹੀਂ। |
| ਧਵਲੈ ਉਪਰਿ, ਕੇਤਾ ਭਾਰੁ ॥ | | ਧਵਲੈ ਉਪਰਿ = ਬਲਦ ਉਪਰ, ਕੇਤਾ = ਕਿੰਨਾ, ਬਹੁਤ; ਕੇਤਾ ਭਾਰੁ = ਕਿੰਨਾ ਹੀ ਭਾਰ, ਬਹੁਤ ਭਾਰ। | ਧਉਲੇ ਬਲਦ ਉਪਰ ਕਿੰਨਾ ਹੀ ਭਾਰ ਹੈ ਭਾਵ ਬਹੁਤ ਭਾਰ ਹੈ।<br><br>ਗੁਰੂ ਸਾਹਿਬ ਸਮਝਾ ਰਹੇ ਹਨ ਕਿ ਜੇ ਇਹ ਵਿਚਾਰ ਮੰਨਿਆ ਜਾਵੇ ਕਿ ਧਰਤੀ ਬੌਲਦ ਨੇ ਥੰਮੀ ਹੋਈ ਹੈ ਤਾਂ ਸੋਚੋ ਕਿ ਇਸ ਧੌਲੇ ਬੌਲਦ ਉਪਰ ਕਿੰਨਾ ਕੁ ਭਾਰ ਹੈ ਭਾਵ ਬਹੁਤ ਭਾਰ ਹੈ। |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਪਦ ਅਰਥ** | **ਸਰਲ ਅਰਥ ਵਿਚਾਰ** |
| ਧਰਤੀ ਹੋਰੁ, ਪਰੈ ਹੋਰੁ, ਹੋਰੁ ॥ | | ਧਰਤੀ ਹੋਰੁ = ਬਲਦ ਦੇ ਥਲੇ ਧਰਤੀ ਹੋਰ ਹੈ (ਜਿਸ ਤੇ ਬਲਦ ਖੜਾ ਹੈ); ਪਰੈ ਹੋਰੁ = ਉਸ ਤੋਂ ਪਰੇ ਹੋਰ ਧਰਤੀ ਹੋਵੇਗੀ ਜਿਸ ਦੇ ਆਸਰੇ ਬਲਦ ਦੇ ਥਲੇ ਵਾਲੀ ਧਰਤੀ ਖੜੀ ਹੋਵੇਗੀ; ਹੋਰੁ = ਹੋਰ ਤੋਂ ਪਰੇ ਹੋਰ ਧਰਤੀ ਹੋਵੇਗੀ। | ਧੌਲਾ ਬਲਦ ਜਿਸ ਉਪਰ ਖੜਾ ਹੈ ਉਹ ਹੋਰ ਧਰਤੀ ਹੈ, ਅਤੇ ਉਸ ਤੋਂ ਪਰੇ ਹੋਰ ਧਰਤੀ ਹੈ ਅਤੇ ਹੋਰ (ਧਰਤੀਆਂ ਵੀ) ਹਨ (ਪਰੇ ਤੋਂ ਪਰੇ)।<br><br>ਆਪਣੀ ਇਸ ਧਰਤੀ ਨੂੰ ਥੰਮਣ ਵਾਲਾ ਬੌਲਦ ਜਿਸ ਧਰਤੀ ਤੇ ਖੜਾ ਹੈ, ਉਹ ਧਰਤੀ ਕਿਸ ਦੇ ਆਸਰੇ ਖੜੀ ਹੈ? ਜੇ ਕਹੋ ਕਿ ਉਸਦੇ ਥਲੇ ਹੋਰ ਧਰਤੀ ਹੈ ਤਾਂ ਫੇਰ ਦਸੋ ਕਿ ਉਹ ਵਾਲੀ ਧਰਤੀ ਕਿਸ ਦੇ ਆਸਰੇ ਹੈ? |
| ਤਿਸ ਤੇ ਭਾਰੁ; ਤਲੈ ਕਵਣੁ ਜੋਰੁ ॥ | | ਤਿਸ ਤੇ ਭਾਰੁ = ਸਭ ਤੋਂ ਥਲੇ ਵਾਲੀ ਧਰਤੀ ਤੇ ਭਾਰ ਹੈ; ਤਲੈ = ਥਲੇ, ਹੇਠਾਂ; ਤਲੈ ਕਵਣੁ ਜ਼ੋਰੁ = ਉਸਦੇ ਥਲੇ ਕੀ ਜ਼ੋਰ ਹੈ? | ਸਭ ਤੋਂ ਥਲੇ ਵਾਲੀ ਜੋ ਧਰਤੀ ਹੈ, ਉਸਤੇ (ਬਹੁਤ) ਭਾਰ ਹੈ, (ਸੋ ਦਸੋ ਕਿ) ਉਸਦੇ ਥਲੇ ਕੀ ਜ਼ੋਰ ਹੈ?<br><br>ਪਿਛਲੀਆਂ ਤਿਨ ਪੰਕਤੀਆਂ ਦਾ ਸਾਰ ਇਹ ਹੈ ਕਿ ਅਖੀਰ ਵਿਚ ਮੰਨਣਾ ਪਵੇਗਾ ਕਿ ਪਰੇ ਤੋਂ ਪਰੇ, ਅਤੇ ਸਭ ਤੋਂ ਥਲੇ ਜੋ ਧਰਤੀ ਹੈ, ਉਹ ਰਬ ਆਸਰੇ ਖੜੀ ਹੈ ਸੋ ਕਿਉਂ ਨਾ ਪਹਿਲਾਂ ਹੀ ਇਹ ਮੰਨ ਲਿਆ ਜਾਵੇ ਕਿ ਆਪਣੀ ਇਹ ਧਰਤੀ ਨਾਮ ਰੂਪੀ ਸ਼ਕਤੀ ਭਾਵ ਧਰਮ ਦੇ ਆਸਰੇ ਖੜੀ ਹੈ। |
| ਪ੍ਰਾਤਕਥਨ: ਇਥੇ ਤਕ ਹਜ਼ੂਰ ਨੇ ਧਰਤੀ ਨੂੰ ਹੇਠਾਂ ਤੋਂ ਥੰਮਣ ਵਾਲੀ ਸ਼ਕਤੀ ਦੀ ਗਲ ਕੀਤੀ ਹੈ ਅਤੇ ਹੁਣ ਧਰਤੀ ਦੇ ਉਪਰ ਵਸਦੇ ਜੀਵਾਂ ਦੀ ਗਲ ਕਰਦੇ ਹਨ। ਅਗਲੀਆਂ ਚਾਰਿ ਪੰਕਤੀਆਂ ਵਿਚ ਜੀਵਾਂ ਦੇ ਬਹੁਤਾਤ ਅਤੇ ਉਨ੍ਹਾਂ ਦੇ ਲੇਖੇ ਜੋਖੇ ਦੀ ਬੇਅੰਤਤਾ ਦੀ ਗਲ ਕੀਤੀ ਗਈ ਹੈ। | | | |
| ਜੀਅ, ਜਾਤਿ, ਰੰਗਾ ਕੇ ਨਾਵ ॥ | ਰੰਗਾਂ, ਨਾਂਵ | ਜੀਅ = ਜੀਵ ਜੰਤੂ; ਜਾਤਿ = ਕਈ ਜਾਤਾਂ ਦੇ ਭਾਵ ਇਕੋ ਜੂਨੀ ਵਿਚ ਅਲਗ ਅਲਗ ਕਿਸਮ ਦੇ ਜੀਵ ਜੰਤ ਜਿਵੇਂ ਕਿ ਕੁਤੇ ਜਾਂ ਸਪ ਆਦਿ ਕਈ ਨਸਲਾਂ ਦੇ ਹੁੰਦੇ ਹਨ; ਰੰਗਾ = ਰੰਗਾਂ ਦੇ ਜਿਵੇਂ ਕਿ ਕਾਲੇ, ਚਿਟੇ ਆਦਿ; ਕੇ = ਕਈ, ਅਨੇਕ; ਨਾਵ = ਨਾਂਵਾਂ ਦੇ।<br><br>ਕੇ" ਦਾ ਅਰਥ ਹੈ ਕਈ ਅਤੇ ਇਹ ਚਾਰੇ ਹੀ ਨਾਂਵਾਂ ਨਾਲ ਲਗਦਾ ਹੈ ਜਿਵੇਂ ਕਿ - ਕਈ ਜੀਅ, ਕਈ ਜਾਤਾਂ ਦੇ, ਕਈ ਰੰਗਾਂ ਦੇ, ਅਤੇ ਕਈ ਨਾਂਵਾਂ ਦੇ। "ਕੇ" ਇਸ ਪੰਕਤੀ ਵਿਚ "ਜੀਅ", "ਜਾਤਿ", "ਰੰਗਾ" ਅਤੇ "ਨਾਵ" ਦਾ ਸਾਂਝਾ ਵਿਸ਼ੇਸ਼ਣ ਹੈ। | (ਪ੍ਰਭੂ ਦੀ ਸ੍ਰਿਸ਼ਟੀ ਵਿਚ) ਕਈ ਜੀਵ ਹਨ, ਕਈ ਜਾਤਾਂ ਦੇ ਹਨ, ਕਈ ਰੰਗਾਂ ਦੇ ਅਤੇ ਕਈ ਉਹਨਾਂ ਦੇ ਨਾਂ ਹਨ। |
| ਸਭਨਾ, ਲਿਖਿਆ ਵੁੜੀ ਕਲਾਮ ॥ | ਸਭਨਾਂ | ਸਭਨਾ = ਸਭਨਾਂ ਉਪਰ; ਵੁੜੀ ਕਲਾਮ = ਚਲ ਰਹੀ ਕਰਮ ਲਿਖਣ ਵਾਲੀ ਕਲਮ। "ਵੁੜੀ ਕਲਾਮ" ਇਸ ਕਰਕੇ ਕਿਹਾ ਹੈ ਕਿਉਂਕਿ ਅਕਾਲ ਪੁਰਖ ਲਗਾਤਾਰ ਸਾਡੇ ਵਲੋਂ ਕੀਤੇ ਜਾ ਰਹੇ ਕਰਮਾਂ ਅਨੁਸਾਰ ਸਾਡੇ ਭਵਿਖ ਦੇ ਭਾਗ ਲਿਖ ਰਹੇ ਹਨ। | ਸਭਨਾਂ (ਜੀਆਂ ਦੇ ਮੱਥੇ ਤੇ) ਪ੍ਰਭੂ ਦੀ ਲਗਾਤਾਰ ਚੱਲ ਰਹੀ ਕਲਮ ਨਾਲ (ਕਰਮਾਂ ਦਾ) ਲੇਖਾ ਲਿਖਿਆ ਹੋਇਆ ਹੈ। |
| ਏਹੁ ਲੇਖਾ, ਲਿਖਿ ਜਾਣੈ ਕੋਇ ॥ | | ਏਹੁ ਲੇਖਾ = ਪ੍ਰਭੂ ਦੀ ਵੁੜੀ ਕਲਾਮ ਨਾਲ ਲਿਖਿਆ ਹੋਇਆ ਜੀਵਾਂ ਦਾ ਲੇਖਾ; ਲਿਖਿ ਜਾਣੈ ਕੋਇ = ਕੀ ਕੋਈ ਲਿਖਣਾ ਜਾਣ ਸਕਦਾ ਹੈ? | ਇਹ ਲੇਖਾ (ਜੀਵਾਂ ਦਾ) ਕੀ ਕੋਈ ਲਿਖਣਾ ਜਾਣ ਸਕਦਾ ਹੈ? ਭਾਵ ਨਹੀਂ ਜਾਣ ਸਕਦਾ। |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਪਦ ਅਰਥ** | **ਸਰਲ ਅਰਥ ਵਿਚਾਰ** |
| ਲੇਖਾ ਲਿਖਿਆ, ਕੇਤਾ ਹੋਇ ॥ | | ਲੇਖਾ ਲਿਖਿਆ = ਜੀਵਾਂ ਦਾ ਲਿਖਿਆ ਹੋਇਆ ਲੇਖਾ; ਕੇਤਾ ਹੋਇ = ਕਿੰਨਾ ਸਾਰਾ ਹੋਇ ਭਾਵ ਬਹੁਤ ਹੋਇ। | ਲੇਖਾ ਲਿਖਿਆ ਹੋਇਆ ਕਿੰਨਾ ਹੀ ਹੋਵੇਗਾ ਭਾਵ ਬਹੁਤ ਹੋਵੇਗਾ। |
| ਪ੍ਰਾਤਕਥਨ: ਅਗਲੀਆਂ ਪੰਕਤੀਆਂ ਵਿਚ ਅਕਾਲ ਪੁਰਖ ਦੇ ਸਰੂਪ ਅਤੇ ਸ਼ਕਤੀ ਦੀ ਗਲ ਕੀਤੀ ਹੈ ਅਤੇ ਦਸਿਆ ਹੈ ਕਿ ਕਿਵੇਂ ਅਕਾਲ ਪੁਰਖ ਨੇ ਦੁਨੀਆ ਉਪਾਈ ਹੈ। | | | |
| ਕੇਤਾ ਤਾਣੁ; ਸੁਆਲਿਹੁ ਰੂਪੁ ॥ | | ਕੇਤਾ ਤਾਣੁ = ਕਿੰਨਾ ਸਾਰਾ ਤਾਣੁ ਭਾਵ ਬਹੁਤ ਤਾਣ, ਬਹੁਤ ਤਾਕਤ; ਸੁਆਲਿਹੁ ਰੂਪੁ = ਸੁੰਦਰ ਰੂਪ। | ਪ੍ਰਭੂ ਦਾ ਕਿੰਨਾ ਹੀ ਤਾਣ ਹੈ ਭਾਵ ਬਹੁਤ ਤਾਣ ਹੈ ਅਤੇ ਉਸਦਾ ਰੂਪ ਸੁੰਦਰ ਹੈ। |
| ਕੇਤੀ ਦਾਤਿ, ਜਾਣੈ ਕੌਣੁ ਕੂਤੁ ॥ | | ਕੇਤੀ ਦਾਤਿ = ਕਿੰਨੀ ਸਾਰੀ ਦਾਤਿ ਹੈ ਭਾਵ ਬਹੁਤ ਜ਼ਿਆਦਾ ਵਡੀ ਦਾਤਿ ਹੈ, ਇਥੇ ਦਾਤਿ ਦਾ ਭਾਵ ਨਾਮ ਰੂਪੀ ਦਾਤਿ ਹੈ; ਕੂਤੁ = ਅੰਦਾਜ਼ਾ; ਇਸ ਸ਼ਬਦ ਦਾ ਮੂਲ ਅਰਥ ਹੈ ਖੁਰਾਕ। ਜ਼ਿਮੀਦਾਰ ਖੜੀ ਫਸਲ ਦੇਖਕੇ ਕੂਤੁ ਭਾਵ ਅਦਾਜ਼ਾ ਲਾ ਲੈਂਦੇ ਹਨ ਕਿ ਝਾੜ ਕਿੰਨਾ ਹੋਵੇਗਾ। ਇਸ ਕਰਕੇ ਹੌਲੀ ਹੌਲੀ ਇਸ ਸ਼ਬਦ ਦਾ ਅਰਥ ਅੰਦਾਜ਼ਾ ਹੋ ਗਿਆ; ਜਾਣੈ ਕੋਣ ਕੂਤੁ = ਕੌਣ ਜਾਣ ਸਕਦਾ ਹੈ ਅੰਦਾਜ਼ਾ? | ਉਸਦੀ (ਨਾਮ ਰੂਪੀ) ਦਾਤਿ ਕੇਤੀ ਹੈ ਭਾਵ ਬਹੁਤ ਵਡੀ ਹੈ; ਇਸ ਦਾਤਿ ਬਾਰੇ ਕੌਣ ਜਾਣ ਸਕਦਾ ਹੈ ਕੂਤ (ਅੰਦਾਜ਼ਾ)? ਭਾਵ ਕੋਈ ਨਹੀਂ ਜਾਣ ਸਕਦਾ। |
| ਕੀਤਾ ਪਸਾਉ; ਏਕੋ ਕਵਾਉ ॥ | | ਕੀਤਾ ਪਸਾਉ = ਪਸਾਰਾ ਕੀਤਾ ਹੈ; ਕੀਤਾ ਏਕੋ ਕਵਾਉ = ਇਕੋ ਕਵਾਉ (ਸ਼ਬਦ, ਬੋਲ, ਗੁਰਮਤਿ ਨਾਮ) ਕੀਤਾ ਹੈ; ਨਾਮ ਰੂਪੀ ਸ਼ਕਤੀ।<br><br>'"ਕੀਤਾ" ਇਥੇ ਦੇਹੁਲੀ ਦੀਪਕ ਹੈ = ਕੀਤਾ ਪਸਾਉ ਅਤੇ ਕੀਤਾ ਏਕੋ ਕਵਾਉ। | ਸਭ ਪਸਾਰਾ ਉਸਦਾ ਕੀਤਾ ਹੋਇਆ ਹੈ ਅਤੇ ਇਕੋ ਕਵਾਉ (ਗੁਰਮਤਿ ਨਾਮ) ਵੀ ਕੀਤਾ ਹੈ (ਇਸ ਸੰਸਾਰ ਤੋਂ ਪਾਰ ਉਤਰਨ ਲਈ)।<br><br>ਇਹ ਅਰਥ ਕਰਨਾ ਕਿ ਸਾਰਾ "ਪਸਾਉ ਕੀਤਾ ਹੈ, ਇਕ ਕਵਾਉ ਤੋਂ" ਸਹੀ ਨਹੀਂ ਲਗਦਾ ਕਿਉਂਕਿ "ਕਵਾਉ" ਵਿਚੋਂ ਇਹ ਅਰਥ ਨਹੀਂ ਨਿਕਲ ਸਕਦਾ ਕਿ "ਕਵਾਉ ਤੋਂ"। "ਕਵਾਉ" ਅਪਾਦਾਨ ਕਾਰਕ ਵਾਲਾ ਇਕ ਵਚਨ ਨਾਂਵ ਨਹੀਂ ਹੈ ਬਲਕਿ ਇਥੇ ਇਕਵਚਨ ਕਰਮ ਕਾਰਕ ਵਾਲਾ ਨਾਂਵ ਹੈ। "ਕਵਾਉ" ਦੀ ਥਾਂ "ਕਵਾਇ" ਹੁੰਦਾ ਤਾਂ ਇਹ ਅਰਥ ਬਣ ਸਕਦਾ ਸੀ। ਨਾਮ ਦੀ ਰਚਨਾ ਪਹਿਲਾਂ ਹੋਈ ਹੈ ਅਤੇ ਫੇਰ ਕੁਦਰਤਿ ਦੀ। ਹਾਲਾਂਕਿ ਨਾਮ ਰਾਹੀਂ ਹੀ ਕੁਦਰਤਿ ਦੀ ਰਚਨਾ ਹੋਈ ਹੈ ਪਰ ਇਸ ਪੰਕਤੀ ਵਿਚ, "ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ ॥" ਵਾਲੀ ਪੰਕਤੀ ਵਾਂਗ ਕੇਵਲ ਇਤਨਾ ਜ਼ਿਕਰ ਕੀਤਾ ਹੈ ਕਿ ਉਸੇ ਨੇ ਪਸਾਉ ਕੀਤਾ ਹੈ ਅਤੇ ਉਸੇ ਨੇ ਪਸਾਉ ਨੂੰ ਬਨਾਉਣ ਵਾਲੀ ਸ਼ਕਤੀ ਨਾਮ ਦੀ ਰਚਨਾ ਕੀਤੀ ਹੈ। |
| ਤਿਸ ਤੇ ਹੋਏ, ਲਖ ਦਰੀਆਉ ॥ | | ਤਿਸ ਤੇ = ਉਸ ਤੋਂ ਭਾਵ ਇਕ ਕਵਾਉ ਤੋਂ ਭਾਵ ਨਾਮ ਤੋਂ ਜੈਸਾ ਕਿ ਗੁਰਵਾਕ ਹੈ "ਨਾਮ ਕੇ ਧਾਰੇ ਖੰਡ ਬ੍ਰਹਮੰਡ ॥"; ਦਰੀਆਉ = ਦਰੀਆਉ ਦਾ ਅਖਰੀ ਮਤਲਬ ਹੈ ਦਰਿਆ ਪਰ ਇਥੇ ਅੰਤ੍ਰੀਵੀ ਭਾਵ ਹੈ ਕਿ ਕਈ ਪ੍ਰਣਾਲੀਆਂ ਦਾ, ਕਈ ਰੂਪਾਂ ਰੰਗਾਂ ਦਾ ਸੰਸਾਰ ਪੈਦਾ ਕੀਤਾ। | ਉਸ ਤੋਂ (ਏਕੋ ਕਵਾਉ ਤੋਂ) ਲੱਖਾਂ ਦਰਿਆ ਹੋਏ ਹਨ ਭਾਵ ਏਕੋ ਕਵਾਉ ਭਾਵ ਨਾਮ ਤੋਂ ਕਈ ਪ੍ਰਣਾਲੀਆਂ, ਰੂਪਾਂ, ਰੰਗਾਂ ਅਤੇ ਭਾਂਤਾਂ ਦਾ ਸੰਸਾਰ ਹੋਇਆ ਹੈ। |
| ਕੁਦਰਤਿ ਕਵਣ, ਕਹਾ ਵੀਚਾਰੁ ॥ | ਕਹਾਂ | ਕੁਦਰਤਿ = ਤਾਕਤ, ਸਮਰਥਾ; ਕਵਣ = ਕੀ; ਕਹਾ = ਮੈਂ ਕਹਾਂ। | ਮੇਰੇ ਵਿਚ ਕੀ ਕੁਦਰਤ (ਤਾਕਤ) ਹੈ ਕਿ ਮੈਂ (ਤੇਰੇ ਬਾਰੇ) ਵਿਚਾਰ ਕਹਾਂ। |
| ਵਾਰਿਆ ਨ ਜਾਵਾ ਏਕ ਵਾਰ ॥ | ਜਾਵਾਂ | ਵਾਰਿਆ = ਕੁਰਬਾਨ; ਜਾਵਾ = ਮੈਂ ਜਾਵਾਂ। | ਮੈਂ ਤੇਰੇ ਤੋਂ ਇਕ ਵਾਰੀ ਵਾਰਿਆ ਨਾ ਜਾਵਾਂ (ਬਲਕਿ ਅਨੇਕਾਂ ਵਾਰੀ ਕੁਰਬਾਨ ਹੋਵਾਂ)। |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਪਦ ਅਰਥ** | **ਸਰਲ ਅਰਥ ਵਿਚਾਰ** |
| ਜੋ ਤੁਧੁ ਭਾਵੈ; ਸਾਈ ਭਲੀ ਕਾਰ ॥ | | ਜੋ ਤੁਧੁ ਭਾਵੈ = ਜੋ ਤੈਨੂੰ ਚੰਗੀ ਲਗੇ; ਸਾਈ = ਉਹੀ; ਭਲੀ ਕਾਰ = ਚੰਗਾ ਕੰਮ।<br><br>ਸਾਈ ਦਾ ਉਚਾਰਨ ਸਾਂਈਂ ਨਹੀਂ ਕਰਨਾ ਕਿਉਂਕਿ ਇਸ ਸ਼ਬਦ ਦਾ ਅਰਥ ਇਥੇ ਮਾਲਕ ਪ੍ਰਭੂ ਨਹੀਂ ਹੈ ਬਲਕਿ "ਉਹੀ" ਹੈ। | ਜੋ ਤੈਨੂੰ (ਹੇ ਪ੍ਰਭੂ) ਚੰਗੀ ਲਗੇ, ਉਹੀ ਕਾਰ (ਕੰਮ) ਭਲੀ ਹੈ। |
| ਤੂ ਸਦਾ ਸਲਾਮਤਿ, ਨਿਰੰਕਾਰ ॥੧੯॥ | | ਸਦਾ = ਹਮੇਸ਼ਾਂ; ਸਲਾਮਤਿ = ਸੁਰਖਿਅਤ, ਸਦਾ ਸੁਖ ਸੇਤੀ ਜੀਵਤ, ਅਪਦਾ ਰਹਿਤ ਜੀਵਤ; ਨਿਰੰਕਾਰ = ਹੇ ਨਿਰੰਕਾਰ, ਹੇ ਤ੍ਰੈਗੁਣੀ ਆਕਾਰ ਤੋਂ ਰਹਿਤ। | ਤੂੰ ਸਦਾ ਸਲਾਮਤਿ (ਸਦਾ ਰਹਿਣ ਵਾਲਾ) ਹੈਂ, ਹੇ ਨਿਰੰਕਾਰ! |
| ਪ੍ਰਾਤਕਥਨ: ਇਸ ਪਉੜੀ ਵਿਚ ਅਧਿਆਤਮਕ ਦੁਨੀਆ ਦੀ ਬੇਅੰਤਤਾ ਦਰਸਾਈ ਗਈ ਹੈ ਪਰ ਇਹ ਸਾਰਾ ਵਰਨਣ ਆਨਮਤੀਆਂ ਬਾਰੇ ਹੈ, ਗੁਰਮਤਿ ਦੀ ਅਧਿਆਤਮ ਦੁਨੀਆ ਬਾਰੇ ਇਥੇ ਗਲ ਨਹੀਂ ਕੀਤੀ ਗਈ ਬਲਕਿ ਉਨੀਵੀਂ ਪਉੜੀ ਵਿਚ ਕੀਤੀ ਗਈ ਹੈ। ਸਤਾਰਵੀਂ ਪਉੜੀ ਵਿਚ ਸਤੋਗੁਣੀ ਲੋਕਾਂ ਦੀ ਗਲ ਹੈ, ਅਠਾਰਵੀਂ ਪਉੜੀ ਵਿਚ ਬੁਰੇ ਲੋਕਾਂ ਦੀ ਗਲ ਹੈ ਅਤੇ ਉਨੀਵੀਂ ਪਉੜੀ ਵਿਚ ਗੁਰਮੁਖਾਂ ਭਗਤਾਂ ਦੀ ਗਲ ਹੈ। | | | |
| ਅਸੰਖ ਜਪ; ਅਸੰਖ ਭਾਉ ॥ | | ਜਪ = ਆਨਮਤੀ ਮੰਤ੍ਰਾਂ ਦੇ ਜਾਪ; ਭਾਉ = ਪ੍ਰੇਮ। ਅਸੰਖ = ਅਣਗਿਣਤ, ਬੇਅੰਤ।<br><br>ਸੌ ਹਜ਼ਾਰ ਦਾ ਇਕ ਲਖ, ਸੌ ਲਖ ਦਾ ਇਕ ਕਰੋੜਿ, ਸੌ ਕਰੋੜਿ ਦਾ ਇਕ ਅਰਬ, ਸੌ ਅਰਬ ਦਾ ਇਕ ਖਰਬ, ਸੌ ਖਰਬ ਦਾ ਇਕ ਨੀਲ, ਸੌ ਨੀਲ ਦਾ ਇਕ ਪਦਮ ਅਤੇ ਸੌ ਪਦਮ ਦਾ ਇਕ ਸੰਖ। ਅਸੰਖ ਦਾ ਭਾਵ ਹੈ "ਅ-ਸੰਖ" ਭਾਵ ਕਈ ਸੰਖ, ਬੇਅੰਤ ਸੰਖ। | ਅਸੰਖ ਹਨ ਜੋ ਅਸੰਖ ਜਪ ਕਰਦੇ ਹਨ ਅਤੇ ਅਸੰਖ ਹਨ ਜੋ (ਆਪੋ ਆਪਣੇ ਤਰੀਕੇ ਨਾਲ, ਆਪਣੇ ਇਸ਼ਟ ਨਾਲ) ਪ੍ਰੇਮ ਕਰਦੇ ਹਨ। |
| ਅਸੰਖ ਪੂਜਾ; ਅਸੰਖ ਤਪ ਤਾਉ ॥ | | ਅਸੰਖ = ਅਣਗਿਣਤ, ਬੇਅੰਤ; ਪੂਜਾ = ਇਸ਼ਟ ਨੂੰ ਪੂਜਨ ਦੀ ਕਿਰਿਆ। ਇਹ ਅਸੰਖ ਪ੍ਰਕਾਰ ਦੀ ਹੈ ਜਿਵੇਂ ਕਿ ਅਰਚਾ, ਸੇਵਾ, ਸੇਵਨ, ਲੇਪਨ, ਉਪਾਸ਼ਨਾ ਆਦਿ; ਤਪ ਤਾਉ = ਸਰੀਰ ਨੂੰ ਤਾਉਣ (ਤਪਾਉਣ) ਵਾਲੇ ਭਾਵ ਕਸ਼ਟ ਦੇਣਵਾਲੇ ਤਪ। | ਅਸੰਖ ਹਨ ਜੋ ਅਸੰਖ ਤਰ੍ਹਾਂ ਦੀ ਪੂਜਾ ਕਰਦੇ ਹਨ ਅਤੇ ਅਸੰਖ ਹਨ ਜੋ ਅਸੰਖ ਤਰ੍ਹਾਂ ਦੇ (ਸਰੀਰ ਨੂੰ) ਤਾਉਣ ਵਾਲੇ ਤਪ ਕਰਦੇ ਹਨ। |
| ਅਸੰਖ ਗਰੰਥ; ਮੁਖਿ ਵੇਦ ਪਾਠ ॥ | | ਅਸੰਖ = ਅਣਗਿਣਤ, ਬੇਅੰਤ; ਗਰੰਥ = ਧਾਰਮਕ ਪੁਸਤਕ; ਮੁਖਿ = ਮੁਖ ਤੋਂ; ਮੁਖਿ ਵੇਦ ਪਾਠ = ਮੁਖ ਤੋਂ ਵੇਦ ਪਾਠ ਕਰਦੇ ਹਨ। | ਅਸੰਖ ਹਨ ਜੋ ਅਸੰਖ (ਧਾਰਮਕ) ਗ੍ਰੰਥ ਪੜ੍ਹਦੇ ਹਨ ਅਤੇ ਮੁਖ ਤੋਂ ਬੇਦਾਂ ਦਾ ਪਾਠ ਕਰਦੇ ਹਨ। |
| ਅਸੰਖ ਜੋਗ; ਮਨਿ ਰਹਹਿ ਉਦਾਸ ॥ | ਰਹਹਿੰ = ਰਹੇਂ | ਜੋਗ = ਯੋਗ ਮਤ ਜੈਸੇ ਮਤ; ਮਨਿ = ਮਨ ਕਰਕੇ; ਮਨਿ ਰਹਹਿ ਉਦਾਸੁ = ਮਨ ਕਰਕੇ ਦੁਨੀਆਂ ਵਲੋਂ ਉਪਰਾਮ ਰਹਿੰਦੇ ਹਨ। | ਅਸੰਖ ਹਨ ਜੋ ਅਸੰਖ ਤਰ੍ਹਾਂ ਦੇ ਜੋਗ ਕਰਦੇ ਹਨ ਅਤੇ ਮਨ ਕਰਕੇ ਦੁਨੀਆ ਵਲੋਂ ਉਪਰਾਮ ਰਹਿੰਦੇ ਹਨ। |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਪਦ ਅਰਥ** | **ਸਰਲ ਅਰਥ ਵਿਚਾਰ** |
| ਅਸੰਖ ਭਗਤ; ਗੁਣ ਗਿਆਨ ਵੀਚਾਰ ॥ | | ਅਸੰਖ = ਅਣਗਿਣਤ, ਬੇਅੰਤ; ਭਗਤ = ਇਸ਼ਟ ਦੀ ਭਗਤੀ ਕਰਨਵਾਲੇ; ਗੁਣ ਗਿਆਨ ਵੀਚਾਰ = ਗੁਣਾਂ ਦੇ ਗਿਆਨ ਦੇ ਵਿਚਾਰ। | ਅਸੰਖ (ਆਨਮਤੀ) ਭਗਤ ਹਨ ਜੋ ਗੁਣਾਂ ਦੇ ਗਿਆਨ ਦੇ ਵਿਚਾਰ ਕਰਦੇ ਹਨ। |
| ਅਸੰਖ ਸਤੀ; ਅਸੰਖ ਦਾਤਾਰ ॥ | | ਅਸੰਖ = ਅਣਗਿਣਤ, ਬੇਅੰਤ; ਸਤੀ = ਸਤ ਕਮਾਉਣ ਵਾਲੇ ਸਤਿਵਾਦੀ, ਉਚੇ ਕਿਰਦਾਰ ਵਾਲੇ; ਦਾਤਾਰ = ਦਾਨ ਦੇਣਵਾਲੇ। | ਅਸੰਖ ਸਤੀ ਭਾਵ ਸਤ ਕਮਾਉਣਵਾਲੇ ਸਤਿਵਾਦੀ ਹਨ ਅਤੇ ਅਸੰਖ (ਦਾਨ ਕਰਨਵਾਲੇ) ਦਾਤਾਰ ਹਨ। |
| ਅਸੰਖ ਸੂਰ; ਮੁਹ ਭਖ ਸਾਰ ॥ | ਮੂੰਹ | ਅਸੰਖ = ਅਣਗਿਣਤ, ਬੇਅੰਤ; ਸੂਰ = ਸੂਰਮੇ; ਸਾਰ = ਲੋਹਾ ਭਾਵ ਹਥਿਆਰ; ਮੁਹ ਭਖ ਸਾਰ = ਮੂੰਹ ਤੇ ਲੋਹੇ ਦੇ ਹਥਿਆਰ ਖਾਂਦੇ ਹਨ।<br><br>'"ਸਾਰ" ਦਾ "ਰ" ਇਸ ਕਰਕੇ ਔਂਕੜ ਰਹਿਤ ਹੈ ਕਿਉਂਕਿ ਇਸ ਵਿਚੋਂ "ਸਾਰ ਦੇ ਹਥਿਆਰ" ਦਾ ਅਰਥ ਨਿਕਲਦਾ ਹੈ ਅਤੇ ਇਸਦੇ ਅਗੇ "ਦੇ" ਸੰਬੰਧਕੀ ਪਦ ਲੁਪਤ ਹੈ। | ਅਸੰਖ ਸੂਰਮੇ ਹਨ ਜੋ ਮੂੰਹ ਤੇ ਲੋਹੇ (ਦੇ ਹਥਿਆਰ) ਖਾਂਦੇ ਹਨ ਭਾਵ ਹਥਿਆਰਾਂ ਦੇ ਵਾਰ ਮੂੰਹ ਪਰ ਸਹਿੰਦੇ ਹਨ। |
| ਅਸੰਖ ਮੋਨਿ; ਲਿਵ ਲਾਇ ਤਾਰ ॥ | | ਅਸੰਖ = ਅਣਗਿਣਤ, ਬੇਅੰਤ; ਮੋਨਿ = ਮੌਨ ਰਖਣਵਾਲੇ; ਲਿਵ = ਧਿਆਨ ਲਾਉਣਾ; ਤਾਰ = ਤਾੜੀ, ਸਮਾਧੀ, ਲਗਾਤਾਰ ਲਿਵ ਲਾ ਕੇ ਰਖਣਾ। | ਅਸੰਖ ਮੋਨੀ ਹਨ ਜੋ ਲਿਵ ਦੀ ਤਾਰ (ਸਮਾਧੀ) ਲਾਇ ਰਹੇ ਹਨ। |
| ਕੁਦਰਤਿ ਕਵਣ, ਕਹਾ ਵੀਚਾਰੁ ॥ | ਕਹਾਂ | ਕੁਦਰਤਿ = ਤਾਕਤ, ਸਮਰਥਾ; ਕਵਣ = ਕੀ; ਕਹਾਂ = ਮੈਂ ਕਹਾਂ। | ਮੇਰੇ ਵਿਚ ਕੀ ਕੁਦਰਤ (ਤਾਕਤ) ਹੈ ਕਿ ਮੈਂ (ਤੇਰੇ ਬਾਰੇ) ਵਿਚਾਰ ਕਹਾਂ। |
| ਵਾਰਿਆ ਨ ਜਾਵਾ ਏਕ ਵਾਰ ॥ | ਜਾਵਾਂ | ਵਾਰਿਆ = ਕੁਰਬਾਨ; ਜਾਵਾ = ਮੈਂ ਜਾਵਾਂ। | ਮੈਂ ਤੇਰੇ ਤੋਂ ਇਕ ਵਾਰੀ ਵਾਰਿਆ ਨਾ ਜਾਵਾਂ (ਬਲਕਿ ਅਨੇਕਾਂ ਵਾਰੀ ਕੁਰਬਾਨ ਹੋਵਾਂ)। |
| ਜੋ ਤੁਧੁ ਭਾਵੈ; ਸਾਈ ਭਲੀ ਕਾਰ ॥ | | ਸਾਈ = ਉਹੀ; ਭਲੀ ਕਾਰ = ਚੰਗਾ ਕੰਮ।<br><br>ਸਾਈ ਦਾ ਉਚਾਰਨ ਸਾਂਈਂ ਨਹੀਂ ਕਰਨਾ ਕਿਉਂਕਿ ਇਸ ਸ਼ਬਦ ਦਾ ਅਰਥ ਇਥੇ ਮਾਲਕ ਪ੍ਰਭੂ ਨਹੀਂ ਹੈ ਬਲਕਿ "ਉਹੀ" ਹੈ। | ਜੋ ਤੈਨੂੰ (ਹੇ ਪ੍ਰਭੂ) ਚੰਗੀ ਲਗੇ, ਉਹੀ ਕਾਰ (ਕੰਮ) ਭਲੀ ਹੈ। |
| ਤੂ ਸਦਾ ਸਲਾਮਤਿ; ਨਿਰੰਕਾਰ ॥੧੭॥ | | ਸਦਾ = ਹਮੇਸ਼ਾਂ; ਸਲਾਮਤਿ = ਸੁਰਖਿਅਤ, ਸਦਾ ਸੁਖ ਸੇਤੀ ਜੀਵਤ, ਅਪਦਾ ਰਹਿਤ ਜੀਵਤ; ਨਿਰੰਕਾਰ = ਹੇ ਨਿਰੰਕਾਰ, ਹੇ ਤ੍ਰੈਗੁਣੀ ਆਕਾਰ ਤੋਂ ਰਹਿਤ। | ਤੂੰ ਸਦਾ ਸਲਾਮਤਿ (ਸਦਾ ਰਹਿਣ ਵਾਲਾ) ਹੈਂ, ਹੇ ਨਿਰੰਕਾਰ (ਤ੍ਰੈਗੁਣੀ ਆਕਾਰ ਤੋਂ ਰਹਿਤ) |
| ਪ੍ਰਾਤਕਥਨ:  ਇਸ ਪਉੜੀ ਵਿਚ ਪਾਪੀਆਂ ਦੇ ਕਰਮਾਂ ਬਾਰੇ ਦਸਿਆ ਹੈ ਅਤੇ ਦਰਸਾਇਆ ਹੈ ਪਾਪੀ ਵੀ ਦੁਨੀਆ ਵਿਚ ਬੇਅੰਤ ਹਨ ਅਤੇ ਉਹ ਬੇਅੰਤ ਪਾਪ ਕਰਮ ਕਰਦੇ ਹਨ। | | | |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਪਦ ਅਰਥ | ਸਰਲ ਅਰਥ ਵਿਚਾਰ |
| ਅਸੰਖ ਮੂਰਖ, ਅੰਧ ਘੋਰ ॥ | | ਅਸੰਖ = ਅਣਗਿਣਤ; ਮੂਰਖ = ਐਸੇ ਬੇਸਮਝ ਜੋ ਸਮਝਾਇਆਂ ਕੁਝ ਸਮਝ ਜਾਣ; ਅੰਧ ਮੂਰਖ = ਐਸੇ ਬੇਸਮਝ ਜੋ ਸਮਝਾਇਆਂ ਵੀ ਨਾ ਸਮਝਣ; ਘੋਰ ਮੂਰਖ = ਐਸੇ ਬੇਸਮਝ ਜੋ ਸਮਝਾਉਣ ਤੇ ਸਗੋਂ ਗਲ ਪੈਣ। | ਅਸੰਖ ਹਨ ਜੋ ਮੂਰਖ ਹਨ, ਅੰਧ ਮੂਰਖ ਹਨ ਅਤੇ ਘੋਰ ਮੂਰਖ ਹਨ। |
| ਅਸੰਖ ਚੋਰ, ਹਰਾਮਖੋਰ ॥ | | ਚੋਰ = ਚੋਰੀ ਕਰਨਵਾਲੇ; ਹਰਾਮਖੋਰ = ਹਰਾਮ ਦਾ ਖਾਣ ਵਾਲੇ, ਧਰਮ ਦੇ ਵਿਰੁਧ ਤਰੀਕਿਆਂ ਨਾਲ ਕਮਾਈ ਕਰਕੇ ਖਾਣਵਾਲੇ। | ਅਸੰਖ ਚੋਰ ਹਨ ਅਤੇ ਅਸੰਖ ਹਰਾਮਖੋਰ ਹਨ।<br><br>ਚੋਰ ਅਤੇ ਹਰਾਮਖੋਰ ਵਿਚ ਕੁਝ ਫਰਕ ਹੈ। ਚੋਰ ਸਭ ਹਰਾਮਖੋਰ ਹੁੰਦੇ ਹਨ ਪਰ ਸਭ ਹਰਾਮਖੋਰ ਚੋਰ ਨਹੀਂ ਹੁੰਦੇ ਕਿਉਂਕਿ ਕਈ ਅਜਿਹੇ ਧਰਮਵਿਰੋਧੀ ਪੇਸ਼ੇ ਹਨ ਜੋ ਚੋਰੀ ਵਿਚ ਸ਼ਾਮਲ ਨਹੀਂ ਹੁੰਦੇ ਪਰ ਉਦਾਂ ਧਰਮਵਿਰੋਧੀ ਹੁੰਦੇ ਹਨ ਜਿਵੇਂ ਕਿ ਸ਼ਰਾਬ, ਤੰਬਾਕੂ ਵੇਚਣ ਦਾ ਕੰਮ ਆਦਿ। |
| ਅਸੰਖ ਅਮਰ, ਕਰਿ ਜਾਹਿ ਜੋਰ ॥ | ਜਾਹਿੰ | ਅਮਰ = ਆਮਿਰ, ਅਮਰ (ਹੁਕਮ) ਕਰਨਵਾਲੇ, ਰਾਜੇ; ਜੋਰ = ਧੱਕੇ, ਜ਼ੋਰ-ਜ਼ਬਰਦਸਤੀਆਂ | ਅਸੰਖ ਆਮਿਰ (ਰਾਜੇ) ਹਨ ਜੋ ਧੱਕੇ (ਜ਼ੋਰ ਜ਼ਬਰਦਸਤੀਆਂ) ਕਰੀ ਜਾਂਦੇ ਹਨ।<br><br>ਗੁਰੂ ਸਾਹਿਬ ਨੇ ਰਾਜਿਆਂ ਨੂੰ ਇਸ ਬੁਰਿਆਂ ਦੀ ਪਉੜੀ ਵਿਚ ਇਸ ਕਰਕੇ ਸ਼ਾਮਲ ਕੀਤਾ ਹੈ ਕਿਉਂਕਿ ਕਿਸੇ ਵਿਰਲੇ ਰਾਜੇ ਨੂੰ ਛਡਕੇ ਸਭ ਰਾਜਿਆਂ ਪਾਸੋਂ ਜ਼ੋਰ ਜ਼ੁਲਮ ਵਾਲੇ ਹੁਕਮ ਜਾਰੀ ਹੁੰਦੇ ਹਨ |
| ਅਸੰਖ ਗਲਵਢ, ਹਤਿਆ ਕਮਾਹਿ ॥ | ਕਮਾਹਿੰ | ਗਲਵਢ = ਗ਼ਲਾ ਵੱਢਣਵਾਲੇ; ਹਤਿਆ = ਕਤਲ; ਕਮਾਹਿ = ਪਾਪ ਕਮਾਉਂਦੇ ਹਨ; ਹਤਿਆ ਕਮਾਹਿ = ਹਤਿਆ ਦਾ ਪਾਪ ਕਮਾਉਂਦੇ ਹਨ। | ਅਸੰਖ ਗਲ ਵੱਢਣਵਾਲੇ ਕਤਲ ਦਾ ਪਾਪ ਕਮਾਉਂਦੇ ਹਨ।<br><br>ਇਥੇ ਇਹ ਨਹੀਂ ਲਿਖਿਆ ਕਿ ਇਨਸਾਨ ਦਾ ਗ਼ਲਾ ਵਢਦੇ ਹਨ ਕਿ ਜਾਨਵਰ ਦਾ। ਸੋ ਜੋ ਜਾਨਵਰਾਂ ਦਾ ਗ਼ਲਾ ਮਾਸ ਖਾਣ ਲਈ ਵਢਦੇ ਹਨ, ਉਹ ਲੋਕ ਵੀ ਇਸ ਪੰਕਤੀ ਮੁਤਾਬਕ ਹਤਿਆ ਦਾ ਪਾਪ ਕਮਾਉਂਦੇ ਹਨ। |
| ਅਸੰਖ ਪਾਪੀ, ਪਾਪੁ ਕਰਿ ਜਾਹਿ ॥ | ਜਾਹਿੰ | ਪਾਪੀ = ਪਾਪ ਕਰਨਵਾਲੇ; ਪਾਪ = ਉਹ ਕਰਮ ਜਿਸ ਨਾਲ ਜੀਵ ਦਾ ਮਾੜਾ ਕਰਮ ਬਣਦਾ ਹੈ ਅਤੇ ਜਿਸ ਕਰਮ ਕਰਕੇ ਦਰਗਾਹ ਵਿਚ ਸਜ਼ਾ ਮਿਲਦੀ ਹੈ। ਗੁਰਮਤਿ ਅਨੁਸਾਰ ਹਰ ਉਹ ਕਰਮ ਜੋ ਗੁਰਮਤਿ ਦੇ ਉਲਟ ਹੈ, ਪਾਪ ਕਰਮ ਹੈ। | ਅਸੰਖ ਪਾਪੀ ਪਾਪ ਕਰੀ ਜਾਂਦੇ ਹਨ। |
| ਅਸੰਖ ਕੂੜਿਆਰ, ਕੂੜੇ ਫਿਰਾਹਿ ॥ | ਫਿਰਾਹਿੰ | ਕੂੜਿਆਰ = ਕੂੜ ਵਿਹਾਝਣ ਵਾਲੇ, ਝੂਠ ਬੋਲਣ ਵਾਲੇ; ਕੂੜੇ ਫਿਰਾਹਿ = ਕੂੜ ਕਾਰਨ ਫਿਰਦੇ ਹਨ। | ਅਸੰਖ ਝੂਠੇ ਝੂਠ ਕਾਰਨ ਫਿਰਦੇ ਹਨ (ਭਜੇ ਫਿਰਦੇ ਹਨ)।<br><br>ਕੂੜ ਦਾ ਅਰਥ ਜਿਥੇ ਝੂਠ ਹੈ, ਉਥੇ ਅਨਿਤ ਵੀ ਹੈ। ਜੋ ਚੀਜ਼ ਅਨਿਤ ਹੈ, ਉਸਨੂੰ ਗੁਰੂ ਸਾਹਿਬ ਨੇ ਗੁਰਬਾਣੀ ਵਿਚ ਕੂੜ ਕਿਹਾ ਹੈ। ਜੋ ਅਨਿਤ ਦੀ ਖਾਤਰ ਭਜੇ ਫਿਰਦੇ ਹਨ ਉਹ ਸਭ ਕੂੜਿਆਰ ਹਨ ਭਾਵ ਜੋ ਸੰਸਾਰੀ ਪਦਾਰਥਾਂ ਦੀ ਪ੍ਰਾਪਤੀ ਲਈ ਹੀ ਭਜ ਦੌੜ ਕਰਦੇ ਹਨ ਅਤੇ ਸਚੇ ਨਾਮ ਵਾਲੇ ਨਿਤ ਪਦਾਰਥ ਨੂੰ ਨਹੀਂ ਕਮਾਉਂਦੇ, ਉਹ ਸਭ ਕੂੜਿਆਰ ਹਨ। |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਪਦ ਅਰਥ** | **ਸਰਲ ਅਰਥ ਵਿਚਾਰ** |
| ਅਸੰਖ ਮਲੇਛ, ਮਲੁਭਖਿ ਖਾਹਿ ॥ | ਖਾਹਿਂ | ਮਲੇਛ = ਬਹੁਤ ਬੁਰੇ ਲੋਕ, ਮੰਦੀਆਂ ਚੀਜ਼ਾਂ ਖਾਣ ਵਾਲੇ; ਬਹੁਤ ਮੰਦਕਰਮੀ; ਮਲੁਭਖਿ = ਗੰਦਗੀ ਖਾਣ ਵਾਲੇ; ਮਲੁਭਖਿ ਖਾਹਿ = ਮਲਭਖੀ ਮਲ ਖਾਦੇ ਹਨ।<br><br>'"ਮਲੁ" ਇਥੇ ਦੇਹੁਲੀ ਦੀਪਕ ਹੈ ਮਲੁਭਖਿ (ਮਲਭਖੀ) ਅਤੇ ਮਲੁ ਖਾਹਿ। | ਅਸੰਖ ਮਲੁਭਖੀ ਮਲੇਛ ਮਲੁ (ਗੰਦਗੀ) ਖਾਂਦੇ ਹਨ।<br><br>ਇਸ ਪੰਕਤੀ ਤੋਂ ਸਾਬਤ ਹੈ ਕਿ ਕੁਝ ਭੋਜਨ ਗੁਰਸਿਖ ਦੇ ਖਾਣਜੋਗ ਹਨ ਅਤੇ ਕੁਝ ਭੋਜਨ ਸਿਖ ਨੂੰ ਨਹੀਂ ਖਾਣੇ ਚਾਹੀਦੇ। ਮਲਕ ਭਾਗੋ ਅਤੇ ਭਾਈ ਲਾਲੋ ਵਾਲੀ ਸਾਖੀ ਤੋਂ ਵੀ ਸਾਬਤ ਹੈ ਕਿ ਸਿਖਾਂ ਨੂੰ ਮਲਕ ਭਾਗੋਆਂ ਦਾ ਭੋਜਨ ਨਹੀਂ ਖਾਣਾ ਚਾਹੀਦਾ। ਜੋ ਭੋਜਨ ਖਾਲਸਾ ਰਹਿਤ ਮਰਿਆਦਾ ਮੁਤਾਬਕ ਮਨ੍ਹਾ ਹਨ, ਉਹ ਵੀ ਨਹੀਂ ਖਾਣੇ ਚਾਹੀਦੇ। |
| ਅਸੰਖ ਨਿੰਦਕ, ਸਿਰਿ ਕਰਹਿ ਭਾਰੁ ॥ | ਕਰਹਿਂ | ਨਿੰਦਕ = ਕਿਸੇ ਬਾਰੇ ਝੂਠ ਕਹਿ ਕੇ ਬਦਨਾਮੀ ਕਰਨਵਾਲੇ। | ਅਸੰਖ ਨਿੰਦਕ (ਨਿੰਦਾ ਕਰਕੇ) ਸਿਰ ਪਰ ਭਾਰ ਕਰਦੇ ਹਨ।<br><br>ਜਦੋਂ ਨਿੰਦਕ ਕਿਸੇ ਦੀ ਅਣਹੋਂਦੀ ਨਿੰਦਾ ਕਰਦਾ ਹੈ ਤਾਂ ਉਹ ਆਪਣੇ ਸਿਰ ਤੇ ਉਸਦੇ ਮਾੜੇ ਕਰਮਾਂ ਦਾ ਭਾਰ ਚਕ ਲੈਂਦਾ ਹੈ। |
| ਨਾਨਕੁ ਨੀਚੁ, ਕਹੈ ਵੀਚਾਰੁ ॥ | | ਸਤਿਗੁਰ ਜੀ ਅਤਿ ਨਿਮ੍ਰਤਾ ਵਿਚ ਆਪਣੇ ਆਪ ਨੂੰ "ਨਾਨਕੁ ਨੀਚੁ" ਕਹਿ ਰਹੇ ਹਨ। | ੧. (ਨਿਮ੍ਰਤਾ ਵਿਚ ਹਜ਼ੂਰ ਕਹਿ ਰਹੇ ਹਨ), ਨਾਨਕ ਨੀਚ, ਵਿਚਾਰ ਕਹਿ ਰਿਹਾ ਹੈ।<br>੨. ਇਹ ਅਰਥ ਨਹੀਂ ਹੋ ਸਕਦਾ ਕਿ ਨਾਨਕ, ਨੀਚ ਵਿਚਾਰ ਕਹਿ ਰਿਹਾ ਹੈ ਕਿਉਂਕਿ ਇਹ ਅਰਥ ਅਪ੍ਰਸੰਗਕ ਹਨ। ਗੁਰੂ ਸਾਹਿਬ ਆਪਣੇ ਆਪ ਨੂੰ ਤਾਂ ਨਿਮ੍ਰਤਾ ਵਿਚ ਨੀਚ ਕਹਿ ਸਕਦੇ ਹਨ ਪਰ ਧੁਰ ਕੀ ਬਾਣੀ ਨੂੰ "ਨੀਚੁ ਵੀਚਾਰੁ" ਨਹੀਂ ਕਹਿ ਸਕਦੇ।<br>੩. ਇਹ ਅਰਥ ਵੀ ਨਹੀਂ ਹੋ ਸਕਦੇ ਕਿ ਨਾਨਕ ਨੀਚਾਂ ਦੇ ਵਿਚਾਰ ਕਹਿ ਰਿਹਾ ਹੈ ਕਿਉਂਕਿ 'ਨੀਚੁ' ਪਦ ਦੇ ਅਖੀਰ ਵਿਚ ਔਂਕੜ ਹੈ ਜੋ ਇਸ ਸ਼ਬਦ ਨੂੰ ਬਹੁਵਚਨ ਨਹੀਂ ਹੋਣ ਦਿੰਦਾ ਅਤੇ ਨਾ ਹੀ ਇਸ ਵਿਚੋਂ ਕੋਈ ਸੰਬੰਧਕੀ ਪਦ ਜਿਵੇਂ 'ਕੇ, ਦੇ, ਕਾ, ਦਾ' ਆਦਿ ਨਿਕਲਣ ਦਿੰਦਾ ਹੈ। |
| ਵਾਰਿਆ ਨ ਜਾਵਾ ਏਕ ਵਾਰ ॥ | ਜਾਵਾਂ | ਵਾਰਿਆ = ਕੁਰਬਾਨ। | ਮੈਂ ਤੇਰੇ ਤੋਂ ਇਕ ਵਾਰੀ ਵਾਰਿਆ ਨਾ ਜਾਵਾਂ (ਬਲਕਿ ਅਨੇਕਾਂ ਵਾਰੀ ਕੁਰਬਾਨ ਹੋਵਾਂ)। |
| ਜੋ ਤੁਧੁ ਭਾਵੈ; ਸਾਈ ਭਲੀ ਕਾਰ ॥ | | ਸਾਈ = ਉਹੀ; ਭਲੀ ਕਾਰ = ਚੰਗਾ ਕੰਮ।<br><br>ਸਾਈ ਦਾ ਉਚਾਰਨ ਸਾਂਈਂ ਨਹੀਂ ਕਰਨਾ ਕਿਉਂਕਿ ਇਸ ਸ਼ਬਦ ਦਾ ਅਰਥ ਇਥੇ ਮਾਲਕ ਪ੍ਰਭੂ ਨਹੀਂ ਹੈ ਬਲਕਿ "ਉਹੀ" ਹੈ। | ਜੋ ਤੈਨੂੰ (ਹੇ ਪ੍ਰਭੂ) ਚੰਗੀ ਲਗੇ, ਉਹੀ ਕਾਰ (ਕੰਮ) ਭਲੀ ਹੈ। |
| ਤੂ ਸਦਾ ਸਲਾਮਤਿ, ਨਿਰੰਕਾਰ ॥੧੮॥ | | ਸਦਾ = ਹਮੇਸ਼ਾਂ; ਸਲਾਮਤਿ = ਸੁਰਖਿਅਤ, ਸਦਾ ਸੁਖ ਸੇਤੀ ਜੀਵਤ, ਅਪਦਾ ਰਹਿਤ ਜੀਵਤ; ਨਿਰੰਕਾਰ = ਹੇ ਨਿਰੰਕਾਰ, ਹੇ ਤ੍ਰੈਗੁਣੀ ਆਕਾਰ ਤੋਂ ਰਹਿਤ। | ਤੂੰ ਸਦਾ ਸਲਾਮਤਿ (ਸਦਾ ਰਹਿਣ ਵਾਲਾ) ਹੈਂ, ਹੇ ਨਿਰੰਕਾਰ (ਤ੍ਰੈਗੁਣੀ ਆਕਾਰ ਤੋਂ ਰਹਿਤ) |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਪਦ ਅਰਥ** | **ਸਰਲ ਅਰਥ ਵਿਚਾਰ** |
| ਪ੍ਰਾਤਕਥਨ: ਇਸ ਪਉੜੀ ਵਿਚ ਗੁਰਮਤਿ ਨਾਮ ਅਤੇ ਗੁਰਬਾਣੀ ਦੀ ਮਹਿਮਾ ਦਸੀ ਗਈ ਹੈ। ਇਸ ਤੋਂ ਪਹਿਲੀਆਂ ਦੋ ਪਉੜੀਆਂ ਵਿਚ ਤ੍ਰੈਗੁਣਾਂ ਵਿਚਲੇ ਪੁੰਨ ਕਰਮਾਂ ਅਤੇ ਪਾਪ ਕਰਮਾਂ ਦੀ ਗਲ ਕੀਤੀ ਗਈ ਹੈ। ਇਸ ਪਉੜੀ ਵਿਚ "ਅਖਰ" ਦਾ ਭਾਵ ਹੈ ਗੁਰਮਤਿ ਨਾਮ ਰੂਪੀ ਅਤੇ ਗੁਰਬਾਣੀ ਰੂਪੀ ਅਖਰ। ਅਕਸਰ ਗੁਰਬਾਣੀ ਵਿਚ "ਅਖਰ" ਸ਼ਬਦ ਨਾਮ ਅਤੇ ਗੁਰਬਾਣੀ ਵਾਸਤੇ ਵਰਤਿਆ ਗਿਆ ਹੈ ਜਿਵੇਂ ਕਿ ਨਾਮ ਵਾਸਤੇ ਇਹ ਪੰਕਤੀ ਹੈ "ਕਹੁ ਕਬੀਰ ਅਖਰ ਦੋਇ ਭਾਖ ॥ ਹੋਇਗਾ ਖਸਮ ਤਾਂ ਲੇਇਗਾ ਰਾਖ ॥" ਅਤੇ ਗੁਰਬਾਣੀ ਵਾਸਤੇ ਇਹ ਪੰਕਤੀ ਹੈ "ਅਖਰ ਲਿਖੇ ਸੇਈ ਗਾਵਾ ਅਵਰ ਨ ਜਾਣਾ ਬਾਣੀ ॥" ਭਾਵ ਜੋ ਗੁਰਬਾਣੀ ਰੂਪੀ ਅਖਰ ਗੁਰੂ ਜੀ ਨੇ ਲਿਖੇ ਹਨ, ਮੈਂ ਬਸ ਉਹੀ ਗਾਵਾਂ ਅਤੇ ਹੋਰ ਪ੍ਰਕਾਰ ਦੀ ਬਾਣੀ ਨੂੰ ਮੈਂ ਨਹੀਂ ਜਾਣਦਾ। ਇਸ ਪਉੜੀ ਵਿਚ ਗੁਰਮਤਿ ਅਧਿਆਤਮਕਤਾ ਬਾਰੇ ਦਸਿਆ ਗਿਆ ਹੈ ਅਤੇ ਅਖਰਾਂ ਦਾ ਭਾਵ ਗੁਰਮਤਿ ਨਾਮ ਅਤੇ ਗੁਰਬਾਣੀ ਹੈ। ਆਮ ਇਹ ਅਰਥ ਕੀਤਾ ਜਾਂਦਾ ਹੈ ਕਿ ਨਾਮ ਅਤੇ ਸਿਫਤਿ ਸਾਲਾਹ ਸਭ ਅਖਰਾਂ ਰਾਹੀਂ ਹੀ ਹੈ ਪਰ ਗੁਰੂ ਸਾਹਿਬ ਨੂੰ ਇਸ ਪਉੜੀ ਵਿਚ ਆਮ ਅਖਰਾਂ ਦੀ ਮਹਿਮਾ ਲਿਖਣ ਦੀ ਕੀ ਲੋੜ ਸੀ। ਅਖਰਾਂ ਦੀ ਮਹਿਮਾ ਵਿਚ ਕੀ ਪਰਮਾਰਥ ਪਿਆ ਹੈ? ਸੋ ਇਥੇ ਅਖਰਾਂ ਦਾ ਭਾਵ ਹੈ ਨਾਮ ਗੁਰਬਾਣੀ ਵਾਲੇ ਅਖਰ ਨਾ ਕਿ ਆਮ "ੳ", "ਅ", "ੲ" ਅਖਰ ਜਿਵੇਂ ਕਿ ਬਹੁਤੇ ਵਿਦਵਾਨ ਕਰਦੇ ਹਨ। | | | |
| ਅਸੰਖ ਨਾਵ; ਅਸੰਖ ਥਾਵ ॥ | ਨਾਂਵ, ਥਾਂਵ | ਅਸੰਖ = ਅਣਗਿਣਤ; ਨਾਵ = ਸਿਫਾਤੀ ਜਾਂ ਗੁਣਵਾਚਕ ਨਾਮ। ਇਥੇ ਗੁਰਮਤਿ ਨਾਮ ਦੀ ਗਲ ਨਹੀਂ ਬਲਕਿ ਅਕਾਲ ਪੁਰਖ ਦੀਆਂ ਸਿਫਤਾਂ ਵਾਲੇ ਸਿਫਾਤੀ ਨਾਮ ਦੀ ਗਲ ਹੈ। ਥਾਂਵ = ਗੁਪਤ ਅਧਿਆਤਮਕ ਮੰਡਲ। | ਪ੍ਰਭੂ ਦੇ ਗੁਣਵਾਚਕ ਜਾਂ ਸਿਫਾਤੀ ਨਾਮ ਅਸੰਖ ਹਨ ਅਤੇ ਅਧਿਆਤਮਕ ਮੰਡਲਾਂ ਵਿਚ ਅਸੰਖ ਥਾਂਵਾਂ ਹਨ (ਜਿਥੇ ਭਗਤ ਜਨ ਵਸਦੇ ਹਨ ਅਤੇ ਜਿਥੇ ਉਹ ਜਾਂਦੇ ਹਨ)। |
| ਅਗੰਮ ਅਗੰਮ; ਅਸੰਖ ਲੋਅ ॥ | | ਅਗੰਮ = ਗੰਮਤਾ ਤੋਂ ਅਤਿਅੰਤ ਪਰੇ, ਪਹੁੰਚ ਤੋਂ ਅਤਿਅੰਤ ਪਰੇ; ਅਸੰਖ ਲੋਅ = ਅਸੰਖ ਗੁਪਤ ਲੋਕ (ਲੋਅ) ਜਾਂ ਪੁਰੀਆਂ ਹਨ। | ਅਗੰਮ ਅਗੰਮ (ਪਹੁੰਚ ਤੋਂ ਅਤਿਅੰਤ ਪਰੇ) ਅਸੰਖ (ਸਚਖੰਡੀ ਅਤੇ ਕਰਮਖੰਡੀ ਗੁਪਤ) ਲੋਕ (ਲੋਅ) ਹਨ (ਜਿਥੇ ਕੇਵਲ ਗੁਰੂ ਘਰ ਦੇ ਭਗਤਾਂ ਦੀ ਪਹੁੰਚ ਗੰਮਤਾ ਹੈ।<br><br>ਸਚਖੰਡ ਅਤੇ ਕਰਮਖੰਡ ਵਿਚ ਬੇਅੰਤ ਲੋਅ ਹਨ ਜਿਥੇ ਭਗਤ ਜਨ ਵਸਦੇ ਹਨ ਜੈਸਾ ਕਿ ਪ੍ਰਮਾਣ ਹੈ - ਤਿਥੈ ਭਗਤ ਵਸਹਿ ਕੇ ਲੋਅ ॥ |
| ਅਸੰਖ ਕਹਹਿ ਸਿਰਿ ਭਾਰੁ ਹੋਇ ॥ | ਕਹਹਿੰ = ਕਹੇਂ | ਅਸੰਖ = ਬੇਅੰਤ, ਅਣਗਿਣਤ; ਕਹਹਿ = ਕਹਿੰਦੇ ਹਨ; ਸਿਰਿ ਭਾਰੁ ਹੋਇ = ਸਿਰ ਪਰ ਭਾਰ ਹੁੰਦਾ ਹੈ ਭਾਵ ਭਾਰ ਚੜ੍ਹਦਾ ਹੈ। | ਅਸੰਖ ਹਨ ਜੋ (ਅਕਾਲ ਪੁਰਖ ਦੇ ਗੁਣਵਾਚਕ ਨਾਂਵਾਂ ਅਤੇ ਗੁਪਤ ਮੰਡਲਾਂ ਬਾਰੇ ਕੁਝ) ਕਹਿੰਦੇ ਹਨ (ਪਰ ਉਹਨਾਂ ਦੇ) ਸਿਰ ਤੇ ਭਾਰ ਚੜ੍ਹਦਾ ਹੈ।<br><br>ਉਨ੍ਹਾਂ ਦੇ ਸਿਰ ਤੇ ਭਾਰ ਇਸ ਕਰਕੇ ਚੜ੍ਹਦਾ ਹੈ ਕਿਉਂਕਿ ਉਹ ਕਹਿਣ ਤੋਂ ਅਸੰਮ੍ਰਥ ਰਹਿੰਦੇ ਹਨ ਅਤੇ ਕਿਸੇ ਚੀਜ਼ ਬਾਰੇ ਕੁਝ ਊਣਾ ਕਿਹਾ ਜਾਵੇ ਤਾਂ ਉਹ ਇਕ ਕਿਸਮ ਦੀ ਨਿੰਦਾ ਕਰਨ ਵਾਲੀ ਗਲ ਹੁੰਦੀ ਹੈ। |
| ਅਖਰੀ ਨਾਮੁ; ਅਖਰੀ ਸਾਲਾਹ ॥ | ਅਖਰੀਂ, ਅਖਰੀਂ | ਅਖਰੀ ਨਾਮੁ = ਗੁਰਮਤਿ ਨਾਮ ਰੂਪੀ ਅਖਰਾਂ ਰਾਹੀਂ ਹੀ ਹਰ ਪਾਸੇ ਰਮਿਆ ਹੋਇਆ ਨਾਮ ਜਪਿਆ ਜਾਂਦਾ ਹੈ; ਅਖਰੀ ਸਾਲਾਹ = ਗੁਰਬਾਣੀ ਦੇ ਅਖਰਾਂ ਦੁਆਰਾ ਹੀ ਸਿਫਤਿ ਸਾਲਾਹ ਹੁੰਦੀ ਹੈ। | ਗੁਰਮਤਿ ਨਾਮ ਗੁਰਮੰਤ੍ਰ ਵਾਲੇ ਅਖਰਾਂ ਰਾਹੀਂ ਹੀ ਰਮੇ ਹੋਏ ਨਾਮ ਨੂੰ ਜਪਿਆ ਜਾਂਦਾ ਹੈ ਅਤੇ ਗੁਰਬਾਣੀ ਦੇ ਅਖਰਾਂ ਰਾਹੀਂ ਹੀ ਪ੍ਰਭੂ ਦੀ ਸਿਫਤਿ ਸਾਲਾਹ ਹੁੰਦੀ ਹੈ।<br><br>ਗੁਰਮਤਿ ਨਾਮ ਦੇ ਅਖਰਾਂ ਵਾਲਾ ਸ਼ਬਦ ਹੀ ਨਾਮ ਹੈ ਅਤੇ ਗੁਰਬਾਣੀ ਹੀ ਸਿਫਤਿ ਸਾਲਾਹ ਹੈ। ਗੁਰਮਤਿ ਨਾਮ ਗੁਰਮੰਤ੍ਰ ਤੋਂ ਬਿਨਾਂ ਹੋਰ ਕਿਸੇ ਸ਼ਬਦ ਰਾਹੀਂ ਨਾ ਤਾਂ ਰਮੇ ਹੋਏ ਨਾਮ ਦਾ ਜਾਪ ਹੋ ਸਕਦਾ ਅਤੇ ਨਾ ਹੀ ਇਸ ਨਾਲ ਜੁੜਿਆ ਜਾ ਸਕਦਾ ਹੈ। ਇਸੇ ਤਰ੍ਹਾਂ ਹੀ ਗੁਰਬਾਣੀ ਤੋਂ ਬਾਹਰਲੇ ਅਖਰਾਂ ਰਾਹੀਂ ਸਿਫਤਿ ਸਾਲਾਹ ਗੁਰਮਤਿ ਵਿਚ ਪਰਵਾਨ ਨਹੀਂ ਹੈ। ਗੁਰਬਾਣੀ ਤੋਂ ਬਾਹਰਲੀ ਸਭ ਰਚਨਾ ਕੱਚੀ ਬਾਣੀ ਹੈ। ਗੁਰਮੰਤ੍ਰ ਰਾਹੀਂ ਹੀ ਨਾਮ ਜਪਿਆ ਜਾਂਦਾ ਹੈ ਜਿਵੇਂ ਕਿ "ਅਖਰੀ ਨਾਮੁ" ਵਾਲੀ ਅਧਪੰਕਤੀ ਦਸਦੀ ਹੈ, ਯਥਾ ਗੁਰਵਾਕ: ਕਿਲਵਿਖ ਸਭਿ ਦੋਖ ਬਿਨਾਸਨੁ ਹਰਿ ਨਾਮੁ ਜਪੀਐ ਗੁਰਮੰਤਨ ਕੈ ॥ |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਪਦ ਅਰਥ** | **ਸਰਲ ਅਰਥ ਵਿਚਾਰ** |
| ਅਖਰੀ ਗਿਆਨੁ; ਗੀਤ ਗੁਣ ਗਾਹ ॥ | ਅਖਰੀਂ | ਅਖਰੀ = ਗੁਰਬਾਣੀ ਰੁਪੀ ਅਖਰਾਂ ਦੁਆਰਾ; ਗਿਆਨੁ = ਤੱਤ ਬ੍ਰਹਮ ਗਿਆਨ; ਗੀਤ ਗੁਣ = ਅਕਾਲ ਪੁਰਖ ਦੇ ਗੁਣਾਂ ਦੇ ਗੀਤ ਭਾਵ ਗੁਰਬਾਣੀ ਦੇ ਸ਼ਬਦ ਜਿਨਾਂ ਵਿਚ ਪ੍ਰਭੂ ਦੇ ਗੁਣਾਂ ਦੇ ਗੀਤ ਹਨ; ਗਾਹ = ਗਾਹਿ ਦਾ ਸੰਖੇਪ ਜੋ ਕਿ ਕਾਵਿ ਕਾਫੀਆ ਰਖਣ ਵਾਸਤੇ ਵਰਤਿਆ ਗਿਆ ਹੈ। | ਗੁਰਮਤਿ ਨਾਮ ਰੂਪੀ ਅਤੇ ਗੁਰਬਾਣੀ ਰੂਪੀ ਅਖਰਾਂ ਦੁਆਰਾ ਹੀ ਤਤ ਗਿਆਨ ਪ੍ਰਾਪਤ ਹੁੰਦਾ ਹੈ ਅਤੇ ਗੁਰਬਾਣੀ ਰੁਪੀ ਅਖਰਾਂ ਰਾਹੀਂ ਹੀ (ਭਗਤ ਜਨ) ਸਿਫਤਿ ਸਾਲਾਹ ਰੁਪੀ (ਗੋਬਿੰਦ ਦੇ) ਗੁਣਾਂ ਦੇ ਗੀਤ ਗਾਉਂਦੇ ਹਨ। |
| ਅਖਰੀ, ਲਿਖਣੁ ਬੋਲਣੁ, ਬਾਣਿ ॥ | ਅਖਰੀਂ | ਅਖਰੀ ਬਾਣਿ = ਬਾਣੀ ਦੇ ਅਖਰਾਂ ਰਾਹੀਂ; ਲਿਖਣੁ ਬੋਲਣੁ = ਪ੍ਰਭੂ ਦਾ ਲਿਖਣਾ ਬੋਲਣਾ ਭਾਵ ਲਿਖ ਬੋਲ ਕੇ ਸਿਫਤਿ ਸਾਲਾਹ ਕਰਨੀ। | ਬਾਣਿ (ਗੁਰਬਾਣੀ) ਦੇ ਅਖਰਾਂ ਰਾਹੀਂ ਹੀ (ਪ੍ਰਭੂ ਦੀ ਸਿਫਤਿ ਸਾਲਾਹ ਦਾ) ਲਿਖਣ ਅਤੇ ਬੋਲਣ ਹੁੰਦਾ ਹੈ।<br><br>ਗੁਰਬਾਣੀ ਦੇ ਅਖਰਾਂ ਤੋਂ ਛੁਟ ਹੋਰ ਕਿਸੇ ਤਰੀਕੇ ਦਾ ਬੋਲਣ ਜਾਂ ਲਿਖਣ ਸਿਫਤਿ ਸਾਲਾਹ ਵਿਚ ਸ਼ੁਮਾਰ ਨਹੀਂ ਹੁੰਦਾ। ਸੋ ਜਿਸਨੇ ਪ੍ਰਭੂ ਦੀ ਸਿਫਤਿ ਸਾਲਾਹ ਲਿਖਣੀ ਹੋਵੇ, ਉਹ ਗੁਰਬਾਣੀ ਲਿਖੇ ਅਤੇ ਜਿਸਨੇ ਸਿਫਤਿ ਸਾਲਾਹ ਕਰਨੀ ਹੋਵੇ ਉਹ ਗੁਰਬਾਣੀ ਦਾ ਪਾਠ ਜਾਂ ਕੀਰਤਨ ਕਰੇ। |
| ਅਖਰਾ, ਸਿਰਿ ਸੰਜੋਗੁ, ਵਖਾਣਿ ॥ | ਅਖਰਾਂ | ਅਖਰਾ ਵਖਾਣਿ = ਬਾਣੀ ਦੇ ਅਖਰਾਂ ਦੇ ਵਖਾਣ ਰਾਹੀਂ; ਸਿਰਿ = ਸਿਰ ਪਰ, ਸਿਰ ਤੇ; ਸਿਰਿ ਸੰਜੋਗੁ = ਜੀਵਾਂ ਦੇ ਸਿਰ ਪਰ ਪ੍ਰਭੂ ਨੂੰ ਮਿਲਣ ਦਾ ਸੰਜੋਗ। | (ਗੁਰਬਾਣੀ ਦੇ) ਅਖਰਾਂ ਦੇ ਵਖਿਆਣ ਰਾਹੀਂ ਹੀ ਸਿਰ ਪਰ (ਪ੍ਰਭੂ ਨੂੰ ਮਿਲਣ ਦਾ) ਸੰਜੋਗ ਬਣਦਾ ਹੈ।<br><br>ਗੁਰਬਾਣੀ ਜਾਂ ਨਾਮ ਦਾ ਵਖਾਨਣਾ ਨਾਮ ਗੁਰਬਾਣੀ ਨੂੰ ਸ਼ਰਧਾ ਪੂਰਬਕ, ਇਕ ਮਨ ਹੋ ਕੇ ਬੋਲਣ ਅਤੇ ਸੁਨਣ ਨਾਲ ਹੁੰਦਾ ਹੈ। ਸੋ ਜਦੋਂ ਗੁਰਸਿਖ ਨਾਮ ਜਾਂ ਗੁਰਬਾਣੀ ਦਾ ਜਾਪ ਇਕ ਮਨ ਹੋ ਕੇ ਅਤੇ ਸ਼ਰਧਾ ਸੇਤੀ ਕਰਦਾ ਹੈ ਤਾਂ ਉਹ ਨਾਮ ਅਤੇ ਗੁਰਬਾਣੀ ਦਾ ਵਖਿਆਣ ਹੀ ਕਰ ਰਿਹਾ ਹੁੰਦਾ ਹੈ।<br><br>ਜਦੋਂ ਗੁਰਸਿਖ ਨਾਮ ਬਾਣੀ ਦਾ ਜਾਪ ਪਿਆਰ ਸ਼ਰਧਾ ਨਾਲ ਕਰਦਾ ਹੈ ਤਾਂ ਉਸਦੇ ਸਿਰ ਤੇ ਪ੍ਰਭੂ ਨੂੰ ਮਿਲਣ ਦਾ ਸੰਜੋਗ ਲਿਖਿਆ ਜਾਂਦਾ ਹੈ। ਜੇ ਪ੍ਰਭੂ ਨੂੰ ਮਿਲਣਾ ਹੋਵੇ ਤਾਂ ਨਾਮ ਗੁਰਬਾਣੀ ਦਾ ਜਾਪ ਕਰਨਾ ਚਾਹੀਦਾ ਹੈ। |
| ਜਿਨਿ ਏਹਿ ਲਿਖੇ; ਤਿਸੁ ਸਿਰਿ ਨਾਹਿ ॥ | ਨਾਹਿੰ | ਜਿਨਿ = ਜਿਸ ਨੇ; ਸਿਰਿ = ਸਿਰ ਉਪਰਿ। | ਜਿਸ ਗੁਰੂ ਕਰਤਾਰ ਨੇ ਇਹ ਨਾਮ ਬਾਣੀ ਦੇ ਅਖਰ ਲਿਖੇ ਹਨ, ਉਸਦੇ ਸਿਰ ਪਰ ਇਹ ਨਹੀਂ ਹਨ।<br><br>ਇਸ ਪੰਕਤੀ ਦਾ ਅੰਤ੍ਰੀਵੀ ਭਾਵ ਇਹ ਹੈ ਕਿ ਗੁਰੂ ਕਰਤਾਰ ਤੋਂ ਛੁਟ ਹੋਰ ਸਭ ਦੇ ਸਿਰ ਤੇ ਇਹ ਨਾਮ ਬਾਣੀ ਦੇ ਅਖਰ ਫਰਜ਼ ਹਨ ਕਿਉਂਕਿ ਇਹਨਾਂ ਤੋਂ ਬਗ਼ੈਰ ਮੁਕਤੀ ਸੰਭਵ ਨਹੀਂ ਹੈ।<br><br>ਗੁਰੂ ਕਰਤਾਰ ਦੇ ਸਿਰੁ ਇਹ ਅਖਰ ਇਸ ਕਰਕੇ ਨਹੀਂ ਹਨ ਕਿਉਂਕਿ ਉਹ ਨਾਮ ਬਾਣੀ ਦੇ ਕਰਤਾ ਹਨ ਅਤੇ ਪਹਿਲਾਂ ਹੀ ਮੁਕਤ ਹਨ। |
| ਜਿਵ ਫੁਰਮਾਏ; ਤਿਵ ਤਿਵ ਪਾਹਿ ॥ | ਪਾਹਿੰ | ਫੁਰਮਾਏ = ਹੁਕਮ ਕਰੇ। ਤਿਵ ਤਿਵ ਪਾਹਿ = ਤਿਵੇਂ ਤਿਵੇਂ ਪਾਉਂਦੇ ਹਨ ਜੀਵ (ਇਹ ਗੁਰਬਾਣੀ ਰੂਪੀ ਅਖਰਾਂ ਦੀ ਸਿਫਤਿ ਸਾਲਾਹ)। | ਜਿਵੇਂ ਗੁਰੂ ਕਰਤਾਰ ਫੁਰਮਾਉਂਦਾ ਹੈ, ਤਿਵੇਂ ਤਿਵੇਂ ਹੀ ਜੀਵ (ਗੁਰਮਤਿ ਨਾਮ ਅਤੇ ਗੁਰਬਾਣੀ ਰੂਪੀ ਦਾਤਿ) ਪਾਉਂਦੇ ਹਨ।<br><br>ਇਸ ਪੰਕਤੀ ਤੋਂ ਇਹ ਪਤਾ ਲਗਦਾ ਹੈ ਕਿ ਨਾਮ ਗੁਰਬਾਣੀ ਰੂਪੀ ਰੂਹਾਨੀ ਅਖਰਾਂ ਨੂੰ ਉਹੀ ਜਨ ਪ੍ਰਾਪਤ ਕਰਦਾ ਹੈ ਜਿਸਨੂੰ ਇਹ ਪ੍ਰਾਪਤੀ ਅਕਾਲ ਪੁਰਖ ਦੀ ਰਜ਼ਾ ਅਨੁਸਾਰ ਹੁੰਦੀ ਹੈ। ਹੋਰ ਲੁਕਾਈ ਤਾਂ ਮਾਇਆ ਹਿਤ ਹੀ ਭਜੀ ਫਿਰਦੀ ਹੈ। |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਪਦ ਅਰਥ** | **ਸਰਲ ਅਰਥ ਵਿਚਾਰ** |
| ਜੇਤਾ ਕੀਤਾ; ਤੇਤਾ ਨਾਉ ॥ | ਨਾਂਉਂ | ਜੇਤਾ = ਜਿੰਨਾ; ਕੀਤਾ = ਪੈਦਾ ਕੀਤਾ ਹੋਇਆ ਸੰਸਾਰ; ਤੇਤਾ = ਉਨਾ ਹੀ; ਨਾਉ = ਨਾਮ ਰੂਪ ਹੈ। | ਅਕਾਲ ਪੁਰਖ ਨੇ ਜਿੰਨਾ ਕੁਝ ਵੀ ਕੀਤਾ ਹੈ ਭਾਵ ਜੋ ਵੀ ਬਣਾਇਆ ਹੈ ਸਭ ਨਾਮ ਰੂਪ ਬਣਾਇਆ ਹੈ।<br><br>ਨਾਮ ਰੂਪ ਦਾ ਭਾਵ ਹੈ ਕਿ ਤਮਾਮ ਸ੍ਰਿਸ਼ਟੀ ਦੇ ਅੰਦਰ ਜੋ ਸਤਿਆ ਹੈ ਸੋ ਨਾਮ ਹੈ ਅਤੇ ਨਾਮ ਸਾਰੇ ਹੀ ਰਮਿਆ ਹੋਇਆ ਹੈ। ਉਚ ਆਤਮਕ ਅਵਸਥਾ ਵਿਚ ਜਦੋਂ ਗੁਰਮੁਖਾਂ ਦੀ ਦਿਬ ਦ੍ਰਿਸ਼ਟੀ ਖੁਲ ਜਾਂਦੀ ਹੈ ਤਾਂ ਸਭ ਪਾਸੇ ਕੇਵਲ ਨਾਮ ਹੀ ਦਿਸਦਾ ਹੈ। |
| ਵਿਣੁ ਨਾਵੈ, ਨਾਹੀ ਕੋ ਥਾਉ ॥ | ਨਾਂਵੈਂ, ਥਾਂਉਂ | ਵਿਣੁ ਨਾਵੈ = ਨਾਮ ਤੋਂ ਬਿਨਾਂ; ਕੋ = ਕੋਈ; ਥਾਉ = ਥਾਂ, ਜਗ੍ਹਾ। | ਨਾਮ ਤੋਂ ਬਿਨਾਂ ਕੋਈ ਵੀ ਥਾਂ ਨਹੀਂ ਹੈ ਭਾਵ ਨਾਮ ਤੋਂ ਖਾਲੀ ਕੋਈ ਅਸਥਾਨ ਸੰਸਾਰ ਵਿਚ ਨਹੀਂ ਹੈ। ਸਭ ਪਾਸੇ ਨਾਮ ਹੈ। |
| ਕੁਦਰਤਿ ਕਵਣ, ਕਹਾ ਵੀਚਾਰੁ ॥ | ਕਹਾਂ | ਕੁਦਰਤਿ = ਤਾਕਤ, ਸਮਰਥਾ; ਕਵਣ = ਕੀ; ਕਹਾਂ = ਮੈਂ ਕਹਾਂ। | ਮੇਰੇ ਵਿਚ ਕੀ ਕੁਦਰਤ (ਤਾਕਤ) ਹੈ ਕਿ ਮੈਂ (ਤੇਰੇ ਬਾਰੇ) ਵਿਚਾਰ ਕਹਾਂ। |
| ਵਾਰਿਆ ਨ ਜਾਵਾ ਏਕ ਵਾਰ ॥ | ਜਾਵਾਂ | ਵਾਰਿਆ = ਕੁਰਬਾਨ। | ਮੈਂ ਤੇਰੇ ਤੋਂ ਇਕ ਵਾਰੀ ਵਾਰਿਆ ਨਾ ਜਾਵਾਂ (ਬਲਕਿ ਅਨੇਕਾਂ ਵਾਰੀ ਕੁਰਬਾਨ ਹੋਵਾਂ)। |
| ਜੋ ਤੁਧੁ ਭਾਵੈ; ਸਾਈ ਭਲੀ ਕਾਰ ॥ | | ਸਾਈ = ਉਹੀ; ਭਲੀ ਕਾਰ = ਚੰਗਾ ਕੰਮ।<br><br>ਸਾਈ ਦਾ ਉਚਾਰਨ ਸਾਂਈਂ ਨਹੀਂ ਕਰਨਾ ਕਿਉਂਕਿ ਇਸ ਸ਼ਬਦ ਦਾ ਅਰਥ ਇਥੇ ਮਾਲਕ ਪ੍ਰਭੂ ਨਹੀਂ ਹੈ ਬਲਕਿ "ਉਹੀ" ਹੈ। | ਜੋ ਤੈਨੂੰ (ਹੇ ਪ੍ਰਭੂ) ਚੰਗੀ ਲਗੇ, ਉਹੀ ਕਾਰ (ਕੰਮ) ਭਲੀ ਹੈ। |
| ਤੂ ਸਦਾ ਸਲਾਮਤਿ, ਨਿਰੰਕਾਰ ॥੧੯॥ | | ਸਦਾ = ਹਮੇਸ਼ਾਂ; ਸਲਾਮਤਿ = ਸੁਰਖਿਅਤ, ਸਦਾ ਸੁਖ ਸੇਤੀ ਜੀਵਤ, ਅਪਦਾ ਰਹਿਤ ਜੀਵਤ; ਨਿਰੰਕਾਰ = ਹੇ ਨਿਰੰਕਾਰ, ਹੇ ਤ੍ਰੈਗੁਣੀ ਆਕਾਰ ਤੋਂ ਰਹਿਤ। | ਤੂੰ ਸਦਾ ਸਲਾਮਤਿ (ਸਦਾ ਰਹਿਣ ਵਾਲਾ) ਹੈਂ, ਹੇ ਨਿਰੰਕਾਰ (ਤ੍ਰੈਗੁਣੀ ਆਕਾਰ ਤੋਂ ਰਹਿਤ) |
| ਭਰੀਐ, ਹਥੁ ਪੈਰੁ ਤਨੁ ਦੇਹ ॥ | | ਭਰੀਐ = ਜੇਕਰ ਭਰ ਲਈਏ (ਹਥ ਪੈਰ ਆਦਿ ਮੈਲੁ ਨਾਲ)। | ਜੇਕਰ ਹਥ, ਪੈਰ ਅਤੇ ਤਨ ਮੈਲ ਨਾਲ ਭਰ ਲਈਏ ਤਾਂ; |
| ਪਾਣੀ ਧੋਤੈ, ਉਤਰਸੁ ਖੇਹ ॥ | | ਉਤਰਸੁ = ਉਤਰ ਜਾਂਦੀ ਹੈ; ਖੇਹ = ਧੂੜਿ ਆਦਿ ਮੈਲ। | ਪਾਣੀ ਨਾਲ ਧੋਤਿਆਂ (ਹਥ, ਪੈਰ ਅਤੇ ਸਰੀਰ ਨੂੰ ਲਗੀ ਹੋਈ) ਮੈਲ ਉਤਰ ਜਾਂਦੀ ਹੈ। |
| ਮੂਤ ਪਲੀਤੀ ਕਪੜੁ ਹੋਇ ॥ | | ਮੂਤ ਪਲੀਤੀ = ਮੂਤ ਨਾਲ ਪਲੀਤੀ ਭਾਵ ਅਪਵਿਤਰ। | ਜੇ ਕਪੜਾ ਪੁਲੀਤ ਭਾਵ ਮੈਲਾ ਹੋ ਜਾਏ ਤਾਂ; |
| ਦੇ ਸਾਬੂਣੁ, ਲਈਐ ਓਹੁ ਧੋਇ ॥ | | ਸਾਬੂਣੁ = ਕਪੜੇ ਧੋਣ ਵਾਲਾ ਸਾਬਨ। | ਸਾਬਣ ਲਾ ਕੇ ਉਹ (ਕਪੜਾ) ਧੋ ਲਈਦਾ ਹੈ। |
| ਭਰੀਐ ਮਤਿ; ਪਾਪਾ ਕੈ ਸੰਗਿ ॥ | ਪਾਪਾਂ | ਮਤਿ = ਆਤਮਾ ਦਾ ਉਹ ਅੰਗ ਜਿਸ ਵਿਚ ਆਤਮਾ ਦੇ ਝੁਕਾਓ, ਧਾਰਨਾਂ, ਆਦਤਾਂ ਆਦਿ ਸਟੋਰ ਹੁੰਦੀਆਂ ਹਨ; ਪਾਪਾ ਕੈ ਸੰਗਿ = ਪਾਪਾਂ ਨਾਲ। | ਜੇ ਮਤਿ ਪਾਪਾਂ ਨਾਲ ਭਰ ਜਾਵੇ ਤਾਂ; |
| ਓਹੁ ਧੋਪੈ; ਨਾਵੈ ਕੈ ਰੰਗਿ ॥ | ਨਾਂਵੈਂ | ਓਹੁ ਧੋਪੈ = ਧੁਪਦੀ ਹੈ, ਧੋਤੀ ਜਾਂਦੀ ਹੈ; ਨਾਵੈ ਕੈ ਰੰਗਿ = ਨਾਮ ਦੇ ਰੰਗ ਨਾਲ। | ਉਹ (ਮਨ ਦੀ ਮੈਲੀ ਮਤਿ) ਨਾਮ ਦੇ ਰੰਗ ਨਾਲ ਧੋਤੀ ਜਾਂਦੀ ਹੈ।<br><br>ਜਦੋਂ ਨਾਮ ਇਕਾਗਰ ਹੋ ਕੇ ਅਤੇ ਪਿਆਰ ਨਾਲ ਜਪਿਆ ਜਾਂਦਾ ਹੈ ਤਾਂ ਨਾਮ ਦਾ ਰੰਗ ਚੜਦਾ ਹੈ ਜਿਸ ਨਾਲ ਮੈਲ ਉਤਰਦੀ ਹੈ। ਕਈ ਲੋਕ ਰੰਗ ਦਾ ਭਾਵ ਪ੍ਰੇਮ ਹੀ ਕਰੀ ਜਾਂਦੇ ਹਨ ਪਰ ਅਭਿਆਸੀ ਜਨ ਜਾਣਦੇ ਹਨ ਕਿ ਨਾਮ ਜਪਕੇ ਨਾਮ ਦਾ ਇਲਾਹੀ ਰੰਗ ਪ੍ਰਾਪਤ ਹੁੰਦਾ ਹੈ ਜੋ ਕਿ ਹਰ ਤਰ੍ਹਾਂ ਦੀ ਪਾਪਾਂ ਵਾਲੀ ਮੈਲ ਨੂੰ ਉਤਾਰਨ ਨੂੰ ਸਮਰਥ ਹੈ। |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਪਦ ਅਰਥ | ਸਰਲ ਅਰਥ ਵਿਚਾਰ |
| ਪੁੰਨੀ ਪਾਪੀ ਆਖਣੁ ਨਾਹਿ ॥ | ਨਾਹਿਂ | ਪੁੰਨੀ = ਚੰਗੇ ਕਰਮ ਕਰਨ ਵਾਲੇ; ਪਾਪੀ = ਪਾਪ ਕਰਨਵਾਲੇ; ਆਖਣੁ = ਕਥਨੀ ਮਾਤਰ ਜਾਂ ਕਹਿਣ ਮਾਤਰ। | ਪੁੰਨੀ ਅਤੇ ਪਾਪੀ ਕੇਵਲ ਕਥਨੀ ਮਾਤਰ ਹੀ ਨਹੀਂ ਹੁੰਦੇ (ਬਲਕਿ ਸਚੀਂ ਹੀ ਆਪਣੇ ਕਰਮਾਂ ਅਨੁਸਾਰ ਪਾਪੀ ਅਤੇ ਪੁੰਨੀ ਲੋਕ ਹੁੰਦੇ ਹਨ)। |
| ਕਰਿ ਕਰਿ ਕਰਣਾ; ਲਿਖਿ ਲੈ ਜਾਹੁ ॥ | | ਕਰਿ ਕਰਿ = (ਕਰਮ) ਕਰ ਕਰ ਕੇ; ਕਰਣਾ = (ਨਾਂਵ) ਕੀਤੇ ਕਰਮਾਂ ਦਾ ਲੇਖਾ, ਇਹ ਸ਼ਬਦ ਨਾਂਵ ਹੈ; ਲਿਖਿ = ਲਿਖ ਕੇ; ਲੈ ਜਾਹੁ = ਤੁਸੀਂ ਲੈ ਜਾਉਗੇ। | (ਗੁਰੂ ਜੀ ਸਾਨੂੰ ਜੀਵਾਂ ਨੂੰ ਸੰਬੋਧਨ ਕਰਕੇ ਹੁਕਮ ਕਰਦੇ ਹਨ ਕਿ ਤੁਸੀਂ ਚੰਗੇ ਮੰਦੇ ਕਰਮ) ਕਰ ਕਰ ਕੇ, ਕਰਣਾ ਭਾਵ ਕਰਮਾਂ ਦਾ ਲੇਖਾ, ਇਥੋਂ ਲਿਖ ਕੇ ਲੈ ਜਾਉਗੇ। |
| ਆਪੇ ਬੀਜਿ; ਆਪੇ ਹੀ ਖਾਹੁ ॥ | | ਬੀਜਿ = ਬੀਜ ਕੇ; ਖਾਹੁ = ਖਾਉਗੇ। | (ਤੁਸੀਂ ਹੇ ਜੀਵੋ) ਆਪੇ ਕਰਮ ਬੀਜ ਕੇ, ਆਪੇ ਹੀ ਉਨ੍ਹਾਂ ਦਾ ਫਲ ਖਾਉਗੇ। |
| ਨਾਨਕ, ਹੁਕਮੀ ਆਵਹੁ ਜਾਹੁ ॥੨੦॥ | | ਹੁਕਮੀ = ਹੁਕਮ ਮੁਤਾਬਕ; ਆਵਹੁ ਜਾਹੁ = ਆਉਗੇ ਜਾਉਗੇ ਭਾਵ ਜੰਮੋਗੇ ਅਤੇ ਮਰੋਗੇ। | ਗੁਰੂ ਸਾਹਿਬ "ਨਾਨਕ" ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ (ਹੇ ਜੀਵੋ, ਤੁਹਾਡੇ ਕਰਮਾਂ ਅਨੁਸਾਰ) ਹੁਕਮ ਵਿਚ (ਤੁਸੀਂ ਇਸ ਦੁਨੀਆ ਵਿਚ) ਆਉਂਦੇ ਤੇ ਜਾਂਦੇ ਰਹੋਗੇ ਭਾਵ ਮਰਦੇ ਅਤੇ ਜਨਮ ਲੈਂਦੇ ਰਹੋਗੇ।<br><br>ਇਸ ਪੰਕਤੀ ਤੋਂ ਸਾਬਤ ਹੈ ਕਿ ਕਰਮਾਂ ਦਾ ਲੇਖਾ ਵਾਹਿਗੁਰੂ ਆਪਣੇ ਹੁਕਮ ਵਿਚ ਪ੍ਰਦਾਨ ਕਰਦਾ ਹੈ ਨਾ ਕਿ ਕਰਮਜੋਗੀਆਂ ਦੇ ਮਤ ਅਨੁਸਾਰ ਕਰਮ ਆਪਣੇ ਆਪ ਹੀ ਸਤਿਆ ਵਾਲੇ ਹਨ ਅਤੇ ਆਟੋਮੈਟਿਕਲੀ ਹੀ ਜੀਵਾਂ ਤੇ ਅਸਰ ਕਰਦੇ ਹਨ। ਕਰਮਾਂ ਦਾ ਪ੍ਰਦਾਤਾ ਅਕਾਲ ਪੁਰਖ ਹੈ। ਕਰਮ ਆਜ਼ਾਦ ਨਹੀਂ ਹਨ। |
| ਪ੍ਰਾਤਕਥਨ: ਇਸ ਪਉੜੀ ਵਿਚ ਮੁੱਖ ਤੌਰ ਤੇ ਚਾਰਿ ਵਿਸ਼ਿਆਂ ਬਾਰੇ ਗੁਰੂ ਜੀ ਨੇ ਫੁਰਮਾਇਆ ਹੈ - ੧) ਤੀਰਥ, ਤਪ ਅਤੇ ਦਾਨ ਆਦਿ ਸਾਧਨਾਂ ਦਾ ਸੀਮਤ ਲਾਭ ਅਤੇ ਸਿਫਤਿ ਸਾਲਾਹ ਦੀ ਸ੍ਰੇਸ਼ਟਤਾ; ੨) ਭਗਤੀ ਲਈ ਗੁਰਮਤਿ ਸ਼ੁਭ ਗੁਣਾਂ ਦੀ ਲੋੜ ਅਤੇ ਮੁਖ ਗੁਣਾਂ ਦਾ ਜ਼ਿਕਰ; ੩) ਸ੍ਰਿਸ਼ਟੀ ਦੀ ਉਤਪਤੀ ਦਾ ਸਮਾਂ; ੪) ਪ੍ਰਭੂ ਦੀ ਸਿਫਤਿ ਸਾਲਾਹ ਦੀ ਬੇਅੰਤਤਾ। | | | |
| ਤੀਰਥੁ, ਤਪੁ, ਦਇਆ, ਦਤੁ ਦਾਨੁ ॥ | | ਤੀਰਥੁ = ਆਨਮਤ ਧਾਰਮਕ ਅਸਥਾਨ ਜਿਥੇ ਇਸ਼ਨਾਨ ਕਰਨ ਨਾਲ ਮਨ ਦੀ ਸ਼ੁਧੀ ਅਤੇ ਕਰਮਾਂ ਦਾ ਬਿਨਾਸ਼ ਮੰਨਿਆ ਜਾਂਦਾ ਹੈ; ਤਪੁ = ਆਨਮਤ ਮੰਤ੍ਰ ਜਪਦੇ ਹੋਏ ਸਰੀਰ ਨੂੰ ਕਸ਼ਟ ਦੇਣਵਾਲੇ ਕਰਮ ਜਿਨਾਂ ਦੇ ਕਰਨ ਨਾਲ ਇਸ਼ਟ ਦੇਵ ਦੀ ਪ੍ਰਸੰਨਤਾ ਹੋਣੀ ਅਨੁਮਾਨ ਕੀਤੀ ਜਾਂਦੀ ਹੈ; ਦਇਆ = ਕਿਸੇ ਦੀ ਦੁਰਗਤੀ ਦੇਖ ਕੇ ਕਰੁਣਾ ਅਧੀਨ ਹੋ ਕੇ ਮਦਦ ਕਰਨੀ; ਦਤੁ = ਦਾਨ ਦਾ ਉਤਮ ਅਧਿਕਾਰੀ; ਦਤੁ ਦਾਨੁ = ਉਤਮ ਅਧਿਕਾਰੀ ਨੂੰ ਦਾਨ ਦੇਣਾ। | ਤੀਰਥ, ਤਪ, ਦਇਆ ਅਤੇ ਉਤਮ ਅਧਿਕਾਰੀ ਨੂੰ ਦਾਨ ਦੇਣਾ (ਭਾਵ ਇਹ ਕਰਮ ਕਰਨੇ); |
| ਜੇ ਕੋ, ਪਾਵੈ ਤਿਲ ਕਾ ਮਾਨੁ ॥ | | ਪਾਵੈ = ਪਾਉਂਦਾ ਹੈ; ਤਿਲ = ਬਹੁਤ ਥੋੜਾ; ਮਾਨੁ = ਮਾਣ, ਇਜ਼ਤ;<br><br>''ਪਾਵੈ' ਤੋਂ ਬਾਅਦ ਬਿਸ਼ਰਾਮ ਲਾਉਣਾ ਅਸ਼ੁਧ ਹੈ ਕਿਉਂਕਿ 'ਪਾਵੈ' ਕਿਰਿਆ ਦਾ ਕਰਮ 'ਤਿਲ ਕਾ ਮਾਨ' ਹੈ। | ਜੇ ਕੋਈ (ਇਹ ਉਪਰ ਦਸੇ ਕਰਮ ਕਰ ਲਵੇ ਤਾਂ ਉਹ) ਤਿਲ ਜਿੰਨਾ ਮਾਣ ਹੀ ਪਾਉਂਦਾ ਹੈ।<br><br>ਇਸ ਪੰਕਤੀ ਤੋਂ ਸਿਧ ਹੈ ਕਿ ਆਨਮਤੀ ਕਰਮਾਂ ਦਾ ਆਤਮਕ ਫਲ ਬਹੁਤ ਥੋੜਾ ਹੈ। ਹੁਣ ਅਗਲੀਆਂ ਦੋ ਪੰਕਤੀਆਂ ਵਿਚ ਹਜ਼ੂਰ ਆਤਮਕ ਸ਼ੁਧੀ ਦਾ ਸਹੀ ਤਰੀਕਾ ਦਸਦੇ ਹਨ। |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਪਦ ਅਰਥ** | **ਸਰਲ ਅਰਥ ਵਿਚਾਰ** |
| ਸੁਣਿਆ, ਮੰਨਿਆ; ਮਨਿ ਕੀਤਾ ਭਾਉ ॥ | | ਮਨਿ = ਮਨ ਕਰਕੇ; ਭਾਉ = ਪਿਆਰ। | (ਜਿਸ ਨੇ ਨਾਮ ਅਤੇ ਗੁਰਬਾਣੀ ਰੂਪੀ ਸਿਫਤਿ ਸਾਲਾਹ ਨੂੰ) ਸੁਣਿਆ ਹੈ, ਮੰਨਿਆ ਹੈ ਅਤੇ (ਨਾਲ ਦੀ ਨਾਲ) ਮਨ ਕਰਕੇ ਪਿਆਰ (ਭਾਉ) ਕੀਤਾ ਹੈ (ਉਸ ਨੇ); |
| ਅੰਤਰਗਤਿ ਤੀਰਥਿ; ਮਲਿ ਨਾਉ ॥ | ਨ੍ਹਾਉ | ਅੰਤਰਗਤਿ ਤੀਰਥਿ= ਅੰਤਰਗਤੀ ਵਾਲੇ ਤੀਰਥ ਵਿਖੇ, ਅੰਦਰਲੇ ਤੀਰਥ ਵਿਖੇ ਭਾਵ ਹਿਰਦੇ ਵਿਖੇ; ਮਲਿ = ਮਲ ਕੇ ਭਾਵ ਚੰਗੀ ਤਰ੍ਹਾਂ; ਨਾਉ = ਨ੍ਹਾਉਣਾ। | ਅੰਦਰਲੇ ਤੀਰਥ ਵਿਖੇ ਭਾਵ ਹਿਰਦੇ ਵਿਖੇ ਹੀ ਮਲ ਮਲ ਕੇ ਨ੍ਹਾਉਣਾ ਕੀਤਾ ਹੈ ਭਾਵ ਚੰਗੀ ਤਰ੍ਹਾਂ ਮਨ ਦੀ ਮੈਲ ਉਤਾਰੀ ਹੈ। |
| ਸਭਿ ਗੁਣ ਤੇਰੇ; ਮੈ ਨਾਹੀ ਕੋਇ ॥ | ਨਾਹੀਂ | ਗੁਣ = ਗੁਰਮਤਿ ਦੇ ਗੁਣ ਜਿਹੜੇ ਭਗਤੀ ਵਾਸਤੇ ਲੋੜੀਂਦੇ ਹਨ। | (ਹੇ ਅਕਾਲ ਪੁਰਖ) ਸਭ ਗੁਣ ਤੇਰੇ ਵਿਚ ਹਨ, ਮੇਰੇ ਵਿਚ ਕੋਈ ਗੁਣ ਨਹੀਂ ਹੈ। |
| ਵਿਣੁ ਗੁਣ ਕੀਤੇ; ਭਗਤਿ ਨ ਹੋਇ ॥ | | ਵਿਣੁ ਗੁਣ ਕੀਤੇ = ਭਗਤੀ ਲਈ ਲੋੜੀਦੇ ਗੁਰਮਤਿ ਗੁਣ ਪੈਦਾ ਕੀਤੇ ਬਿਨਾਂ; ਭਗਤਿ ਨ ਹੋਇ = ਭਗਤੀ ਨਹੀਂ ਹੁੰਦੀ। | (ਤਾਂ ਤੇ ਮੈਨੂੰ ਭਗਤੀ ਵਾਲੇ ਗੁਣ ਬਖਸ਼ੋ ਹੇ ਗੁਰੂ ਜੀ ਕਿਉਂਕਿ ਤੁਹਾਡੇ ਵਲੋਂ ਸਾਡੇ ਵਿਚ) ਗੁਣ ਪੈਦਾ ਕੀਤੇ ਬਿਨਾਂ, ਭਗਤੀ ਨਹੀਂ ਹੋ ਸਕਦੀ।<br><br>ਅਗਲੀਆਂ ਦੋ ਪੰਕਤੀਆਂ ਵਿਚ ਹਜ਼ੂਰ ਗੁਣਾਂ ਦੀ ਪ੍ਰਾਪਤੀ ਤੋਂ ਬਾਅਦ ਭਗਤੀ ਕਰਨ ਦਾ ਫਲ ਦਸਦੇ ਹਨ। |
| ਸੁਅਸਤਿ ਆਥਿ ਬਾਣੀ ਬਰਮਾਉ ॥ | | ਸੁਅਸਤਿ = ਕਲਿਆਣ ਰੂਪ; ਆਥਿ = ਇਲਾਹੀ ਧਨ; ਬਾਣੀ ਬਰਮਾਉ = ਬ੍ਰਹਮ ਰੂਪ ਬਾਣੀ, ਸਿਫਤਿ ਸਾਲਾਹ ਕਰਨਵਾਲੀ ਬ੍ਰਹਮ ਸਰੂਪ ਗੁਰਬਾਣੀ। | (ਭਗਤੀ ਕਰਨ ਵਾਲੇ ਭਗਤਾਂ ਨੂੰ) ਕਲਿਆਣ ਰੂਪ ਅਤੇ ਬ੍ਰਹਮ ਬਾਣੀ ਰੂਪ ਧਨ (ਆਥਿ) ਪ੍ਰਾਪਤ ਹੁੰਦਾ ਹੈ।<br><br>"ਬਾਣੀ ਬਰਮਾਉ" ਦਾ ਮਤਲਬ ਬ੍ਰਹਮ ਦੀ ਬਾਣੀ ਇਸ ਕਰਕੇ ਨਹੀਂ ਕਿਉਂਕਿ "ਬਰਮਾਉ" ਦੇ ਅਖੀਰ ਵਿਚ ਔਂਕੜ ਹੋਣ ਕਰਕੇ ਇਸ ਵਿਚੋਂ ਸੰਬੰਧਕੀ ਪਦ ਨਹੀਂ ਨਿਕਲ ਸਕਦਾ। ਸੋ "ਬ੍ਰਹਮ ਰੂਪ ਬਾਣੀ" ਅਰਥ ਕਰਨਾ ਹੀ ਠੀਕ ਹੈ। |
| ਸਤਿ ਸੁਹਾਣੁ ਸਦਾ ਮਨਿ ਚਾਉ ॥ | | ਸਤਿ = ਸਤਯ, ਸਚ; ਸੁਹਾਣੁ = ਸੁਹਾਵਣਾ, ਸੁੰਦਰ; ਸਦਾ ਮਨਿ = ਹਮੇਸ਼ਾਂ ਮਨ ਵਿਚ। 'ਸਦਾ ਮਨਿ' ਇਥੇ ਦੇਹੁਲੀ ਦੀਪਕ ਹੈ - "ਸਤਿ ਸੁਹਾਣੁ ਸਦਾ ਮਨਿ" ਅਤੇ "ਸਦਾ ਮਨਿ ਚਾਉ"।<br><br>ਇਹ ਪੰਕਤੀ ਵਿਚ ਚੂੰਕਿ "ਸਦਾ ਮਨਿ" ਉਪਰ ਦਸੇ ਮੁਤਾਬਕ ਦੇਹੁਲੀ ਦੀਪਕ ਹੈ, ਸੋ ਬਿਸ਼ਰਾਮਾਂ ਦੀ ਲੋੜ ਨਹੀਂ; ਪੰਕਤੀ ਦਾ ਪਾਠ ਇਕੱਠਾ ਹੀ ਪੜ੍ਹਨਾ ਬਿਹਤਰ ਹੈ। | ਸਤਯ ਰੂਪ, ਸੁੰਦਰ ਪ੍ਰਭੂ ਮਨ ਵਿਚ ਸਦਾ ਵੱਸਣ ਕਰਕੇ, ਮਨ ਵਿਚ ਸਦਾ ਅਨੰਦ (ਚਾਉ) ਰਹਿੰਦਾ ਹੈ। |
| ਕਵਣੁ ਸੁ ਵੇਲਾ, ਵਖਤੁ ਕਵਣੁ, ਕਵਣ ਥਿਤਿ, ਕਵਣੁ ਵਾਰੁ ॥ | | ਕਵਣੁ ਸੁ ਵੇਲਾ = ਉਹ ਵੇਲਾ ਕਿਹੜਾ ਸੀ; ਵਖਤੁ ਕਵਣੁ = ਵਕਤ ਕਿਹੜਾ ਸੀ; ਥਿਤਿ = ਚੰਦ ਦੇ ਹਿਸਾਬ ਨਾਲ ਦਿਨਾਂ ਦੀ ਗਿਣਤੀ; ਕਵਣ ਥਿਤਿ = ਥਿਤ ਕਿਹੜੀ ਸੀ; ਕਵਣੁ ਵਾਰੁ = ਦਿਨ ਕਿਹੜਾ ਸੀ। | ਉਹ ਕਿਹੜਾ ਵੇਲਾ ਸੀ, ਕਿਹੜਾ ਵਕਤ ਸੀ, ਕਿਹੜੀ ਥਿਤਿ ਸੀ, ਅਤੇ ਕਿਹੜਾ ਦਿਨ ਸੀ? |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਪਦ ਅਰਥ** | **ਸਰਲ ਅਰਥ ਵਿਚਾਰ** |
| ਕਵਣਿ ਸਿ ਰੁਤੀ, ਮਾਹੁ ਕਵਣੁ, ਜਿਤੁ ਹੋਆ ਆਕਾਰੁ ॥ | | ਕਵਣਿ ਸਿ ਰੁਤੀ = ਰੁਤਿ ਕਿਹੜੀ ਸੀ; ਮਾਹੁ ਕਵਣੁ = ਮਹੀਨਾ ਕਿਹੜਾ ਸੀ; ਜਿਤੁ ਹੋਆ ਆਕਾਰੁ = ਜਦੋਂ ਸਭ ਆਕਾਰ (ਦਿਸਦਾ ਮਾਦਾ ਸੰਸਾਰ) ਹੋਇਆ ਸੀ। | ਉਹ ਕਿਹੜੀ ਰੁਤਿ ਸੀ ਅਤੇ ਕਿਹੜਾ ਮਹੀਨਾ ਸੀ, ਜਦੋਂ ਇਹ ਸਭ ਸ੍ਰਿਸ਼ਟੀ ਦਾ ਆਕਾਰ ਹੋਇਆ ਭਾਵ ਜਦੋਂ ਦ੍ਰਿਸ਼ਟਮਾਨ ਸੰਸਾਰ ਬਣਿਆ ਸੀ? |
| ਵੇਲ ਨ ਪਾਈਆ ਪੰਡਤੀ; ਜਿ ਹੋਵੈ, ਲੇਖੁ ਪੁਰਾਣੁ ॥ | ਪੰਡਤੀਂ | ਵੇਲ = ਵੇਲਾ ਪੰਡਤੀ = ਪੰਡਿਤਾਂ ਨੇ; ਵੇਲ ਨਾ ਪਾਈਆ ਪੰਡਤੀ = ਪੰਡਤਾਂ ਨੇ ਉਹ ਵੇਲ ਨਹੀਂ ਪਾਈ ਜਦੋਂ ਆਕਾਰ ਹੋਇਆ ਸੀ; ਜਿ ਹੋਵੈ = ਜੇ ਪਾਈ ਹੋਵੇ ਭਾਵ ਜੇ ਉਹ ਸਮਾਂ ਪਾਇਆ ਹੁੰਦਾ ਤਾਂ; ਲੇਖੁ ਪੁਰਾਣੁ = ਪੁਰਾਣ ਇਹ ਲੇਖ ਦਸ ਦਿੰਦਾ (ਪਰ ਨਹੀਂ ਦਸਦਾ)। | ਪੰਡਤਾਂ ਨੇ ਉਹ ਵੇਲਾ ਨਹੀਂ ਪਾਈ ਕਿਉਂਕਿ ਜੇਕਰ ਪਾਈ ਹੁੰਦੀ ਤਾਂ ਪੁਰਾਣ (ਉਸ ਸਮੇਂ ਦਾ) ਲੇਖ ਦਸ ਦਿੰਦਾ (ਪਰ ਨਹੀਂ ਦਸਦਾ ਜਿਸਦਾ ਮਤਲਬ ਹੈ ਕਿ ਪੰਡਤਾਂ ਨੂੰ ਉਹ ਸਮਾਂ ਨਹੀਂ ਪਤਾ ਜਦੋਂ ਸ੍ਰਿਸ਼ਟੀ ਬਣੀ ਸੀ)। |
| ਵਖਤੁ ਨ ਪਾਇਓ ਕਾਦੀਆ; ਜਿ, ਲਿਖਨਿ, ਲੇਖੁ ਕੁਰਾਣੁ ॥ | ਕਾਦੀਆਂ | ਵਖਤੁ = ਵਕਤ, ਸਮਾਂ; ਕਾਦੀਆ = ਕਾਜ਼ੀਆਂ ਨੇ; ਵਖਤੁ ਨ ਪਾਇਓ ਕਾਦੀਆ = ਕਾਜ਼ੀਆਂ ਨੇ ਉਹ ਵਖਤ ਨਹੀਂ ਪਾਇਆ ਜਦੋਂ ਆਕਾਰ ਹੋਇਆ ਸੀ; ਜਿ ਲਿਖਨਿ = ਜੇ ਪਾਇਆ ਹੁੰਦਾ ਤਾਂ ਕਾਜ਼ੀ ਲਿਖ ਦਿੰਦੇ; ਲੇਖੁ ਕੁਰਾਣੁ = ਕੁਰਾਨ ਇਹ ਲੇਖ (ਆਕਾਰ ਦੇ ਸਮੇਂ ਦਾ) ਦਸ ਦਿੰਦਾ। | ਕਾਜ਼ੀਆਂ ਨੇ ਉਹ ਵਕਤ ਨਹੀਂ ਪਾਇਆ ਜਾਂ ਜਾਣਿਆ (ਜਦੋਂ ਸ੍ਰਿਸ਼ਟੀ ਦਾ ਆਕਾਰ ਹੋਇਆ ਸੀ); ਜੇਕਰ ਪਾਇਆ ਹੁੰਦਾ ਤਾਂ ਉਹ ਲਿਖ ਦਿੰਦੇ ਅਤੇ ਕੁਰਾਨ ਉਹ ਲੇਖ ਦਸ ਦਿੰਦਾ (ਪਰ ਨਹੀਂ ਦਸਦਾ)। |
| ਥਿਤਿ ਵਾਰੁ ਨਾ ਜੋਗੀ ਜਾਣੈ; ਰੁਤਿ ਮਾਹੁ ਨਾ ਕੋਈ ॥ | | ਥਿਤਿ = ਚੰਦ ਦੀ ਗਤੀ ਦੇ ਹਿਸਾਬ ਨਾਲ ਦਿਨਾਂ ਦੀ ਗਿਣਤੀ; ਵਾਰੁ = ਹਫਤੇ ਦੇ ਦਿਨ ਜਿਵੇਂ ਕਿ ਐਤਵਾਰ, ਸੋਮਵਾਰ ਆਦਿ; ਰੁਤਿ = ਸਿਆਲ, ਗਰਮੀਆਂ, ਬਰਸਾਤਾਂ ਆਦਿ ਛੇ ਰੁਤਾਂ ਮੰਨੀਆਂ ਗਈਆਂ ਹਨ; ਮਾਹੁ = ਮਹੀਨਾ; ਨਾ ਕੋਈ = ਨਾ ਕੋਈ (ਹੋਰ ਜਾਣਦਾ ਹੈ)।<br><br>"ਜਾਣੈ" ਪਦ "ਜੋਗੀ" ਨਾਲ ਵੀ ਹੈ ਅਤੇ "ਨਾ ਕੋਈ" ਨਾਲ ਵੀ ਹੈ - "ਨਾ ਜੋਗੀ ਜਾਣੈ" ਅਤੇ "ਜਾਣੈ ਨਾ ਕੋਈ"। | ਜੋਗੀ ਵੀ ਉਹ ਥਿਤਿ, ਵਾਰ, ਰੁਤਿ ਅਤੇ ਮਹੀਨਾ ਨਹੀ ਜਾਣਦਾ (ਜਦੋਂ ਸ੍ਰਿਸ਼ਟੀ ਦਾ ਆਕਾਰ ਹੋਇਆ ਸੀ) ਅਤੇ ਨਾ ਹੀ ਕੋਈ ਹੋਰ (ਜਾਣਦਾ ਹੈ)। |
| ਜਾ ਕਰਤਾ, ਸਿਰਠੀ ਕਉ ਸਾਜੇ; ਆਪੇ ਜਾਣੈ ਸੋਈ ॥ | | ਜਾ ਕਰਤਾ = ਜੋ ਕਰਤਾ; ਸਿਰਠੀ = ਸ੍ਰਿਸ਼ਟੀ, ਦੁਨੀਆ; ਸਾਜੇ = ਬਣਾਉਂਦਾ ਹੈ, ਸਾਜਦਾ ਹੈ; ਸਿਰਠੀ ਕਉ ਸਾਜੇ = ਸ੍ਰਿਸ਼ਟੀ ਨੂੰ ਸਾਜਦਾ ਹੈ; ਆਪੇ ਜਾਣੈ ਸੋਈ = ਉਹੀ (ਹੋਰ ਕੋਈ ਨਹੀਂ) ਆਪੇ ਹੀ ਜਾਣਦਾ ਹੈ। | ਜਿਹੜਾ ਕਰਤਾ ਸ੍ਰਿਸ਼ਟੀ ਨੂੰ ਸਾਜਦਾ ਹੈ ਉਹੀ ਆਪੇ ਜਾਣਦਾ ਹੈ (ਕਿ ਸ੍ਰਿਸ਼ਟੀ ਦਾ ਆਕਾਰ ਕਦੋਂ ਹੋਇਆ ਸੀ) ਭਾਵ ਕੇਵਲ ਕਰਤਾ ਪੁਰਖ ਵਾਹਿਗੁਰੂ ਹੀ ਜਾਣਦਾ ਹੈ ਕਿ ਸ੍ਰਿਸ਼ਟੀ ਕਦੋਂ ਬਣੀ ਸੀ। |
| ਕਿਵ ਕਰਿ ਆਖਾ; ਕਿਵ ਸਾਲਾਹੀ; ਕਿਉ ਵਰਨੀ; ਕਿਵ ਜਾਣਾ ॥ | ਆਖਾਂ, ਸਾਲਾਹੀਂ, ਵਰਨੀਂ, ਜਾਣਾਂ | ਕਿਵ ਕਰਿ ਆਖਾਂ = ਮੈਂ ਕਿਵੇਂ ਆਖਾਂ; ਕਿਵ ਸਾਲਾਹੀ = ਮੈਂ ਕਿਵੇਂ ਸਾਲਾਹਾਂ; ਕਿਉ ਵਰਨੀ = ਮੈਂ ਕਿਵੇਂ ਵਰਣਾਂ, ਕਿਵੇਂ ਵਰਨਣ ਕਰਾਂ; ਕਿਵ ਜਾਣਾ = ਮੈਂ ਕਿਵੇਂ ਜਾਣਾਂ, ਮੈਂ ਕਿਵੇਂ ਪਛਾਣਾਂ। | (ਅਕਾਲ ਪੁਰਖ ਦੀ ਸੋਭਾ ਕਰਦੇ ਹੋਏ ਗੁਰੂ ਜੀ ਫੁਰਮਾਉਂਦੇ ਹਨ) ਮੈਂ ਕਿਵੇਂ ਆਖਾਂ, ਕਿਵੇਂ ਸਾਲਾਹਾਂ, ਕਿਵੇਂ ਵਰਣਾਂ (ਵਰਨਣ ਕਰਾਂ) ਅਤੇ ਕਿਵੇਂ ਜਾਣਾਂ। |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਪਦ ਅਰਥ** | **ਸਰਲ ਅਰਥ ਵਿਚਾਰ** |
| ਨਾਨਕ, ਆਖਣਿ ਸਭੁ ਕੋ ਆਖੈ; ਇਕ ਦੂ ਇਕੁ ਸਿਆਣਾ ॥ | ਦੂੰ | ਆਖਣਿ = ਆਖਣ ਮਾਤਰ, ਅੰਦਾਜ਼ੇ ਵਾਲਾ ਆਖਣ; ਸਭੁ ਕੋ ਆਖੈ = ਹਰ ਕੋਈ ਆਖਦਾ ਹੈ; ਇਕ ਦੂ ਇਕ ਸਿਆਣਾ = ਇਕ ਤੋਂ ਇਕ ਵਧ ਕੇ ਸਿਆਣਾ ਭਾਵ ਸਭ ਤੋਂ ਸਿਆਣਾ। | ਗੁਰੂ ਜੀ 'ਨਾਨਕ' ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ (ਅਕਾਲ ਪੁਰਖ ਬਾਰੇ) ਆਖਣ ਮਾਤਰ ਤਾਂ ਹਰ ਕੋਈ ਕਹਿੰਦਾ ਹੈ ਅਤੇ ਇਕ ਤੋਂ ਇਕ ਵਧ ਕੇ ਸਿਆਣਾ ਬਣਦਾ ਹੈ (ਪਰ); |
| ਵਡਾ ਸਾਹਿਬੁ, ਵਡੀ ਨਾਈ, ਕੀਤਾ ਜਾ ਕਾ ਹੋਵੈ ॥ | | ਵਡਾ ਸਾਹਿਬ = ਵਡਾ ਮਾਲਕ; ਵਡੀ ਨਾਈ = ਵਡੇ ਨਾਮ ਵਾਲਾ। ਪ੍ਰਮਾਣ - ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ॥ ਭਾਵ ਤੂੰ ਵਡੇ ਨਾਮ ਵਾਲਾ ਹੈਂ; ਕੀਤਾ ਜਾ ਕਾ ਹੋਵੈ = ਜਿਸਦਾ ਕੀਤਾ ਸਭ ਹੁੰਦਾ ਹੈ। | (ਉਹ ਅਕਾਲ ਪੁਰਖ) ਵਡਾ ਸਾਹਿਬ ਹੈ, ਵਡੇ ਨਾਮ ਵਾਲਾ ਹੈ ਜਿਸਦਾ ਕੀਤਾ ਹੋਇਆ ਸਭ ਕੁਝ ਹੁੰਦਾ ਹੈ। |
| ਨਾਨਕ, ਜੇ ਕੋ, ਆਪੌ ਜਾਣੈ; ਅਗੈ ਗਇਆ, ਨ ਸੋਹੈ ॥੨੧॥ | ਆਪੌਂ, ਗਇਆਂ | ਜੇ ਕੋ = ਜੇ ਕੋਈ; ਆਪੌਂ ਜਾਣੈ = ਆਪਣੀ ਨਿਜ ਮਤਿ ਦੇ ਆਧਾਰ ਤੇ ਜਾਣਦਾ ਹੋਵੇ; ਅਗੈ ਗਇਆ = ਅਗੇ ਦਰਗਾਹ ਗਿਆਂ; ਨ ਸੋਹੈ = ਨਹੀਂ ਸੋਂਹਦਾ, ਨਹੀਂ ਸੋਭਦਾ। | ਗੁਰੂ ਜੀ 'ਨਾਨਕ' ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ ਜੇਕਰ ਕੋਈ ਆਪੌਂ ਹੀ ਭਾਵ ਆਪਣੀ ਨਿਜ ਮਤਿ ਦੇ ਆਧਾਰ ਤੇ ਕੁਝ ਜਾਣਦਾ ਹੋਵੇ (ਪ੍ਰਭੂ ਬਾਰੇ) ਤਾਂ ਉਹ ਅਗੇ ਗਿਆਂ (ਦਰਗਾਹ ਗਿਆਂ) ਸੋਂਹਦਾ ਨਹੀਂ ਭਾਵ ਸੋਭਦਾ ਨਹੀਂ (ਕਿਉਂਕਿ ਉਸਦਾ ਆਪਣੀ ਨਿਜ ਮਤਿ ਦੇ ਆਧਾਰ ਤੇ ਪ੍ਰਭੂ ਬਾਰੇ ਕੁਝ ਵੀ ਜਾਨਣਾ ਮੁਮਕਿਨ ਨਹੀਂ ਹੈ, ਸੋ ਜੋ ਵੀ ਉਹ ਕਹਿੰਦਾ ਹੈ ਸੋ ਗਲਤ ਹੀ ਹੁੰਦਾ ਹੈ)।<br><br>ਕੇਵਲ ਗੁਰਮਤਿ ਅਨੁਸਾਰ ਭਾਵ ਸਚੇ ਗੁਰੂ ਰਾਹੀਂ ਹੀ ਪ੍ਰਭੂ ਬਾਰੇ ਕੁਝ ਜਾਣਿਆ ਜਾ ਸਕਦਾ ਹੈ। ਆਪਣੀ ਮਤਿ ਅਨੁਸਾਰ ਕੁਝ ਵੀ ਜਾਣਿਆ ਸਹੀ ਨਹੀਂ ਹੋ ਸਕਦਾ ਜਿਸ ਕਾਰਨ ਆਪਣੀ ਨਿਜ ਮਤਿ ਅਨੁਸਾਰ ਪ੍ਰਭੂ ਬਾਰੇ ਕੁਝ ਕਹਿਣ ਵਾਲਾ ਅਗੇ ਦਰਗਾਹ ਵਿਖੇ ਸੋਭਦਾ ਨਹੀਂ ਭਾਵ ਮਾਣ ਨਹੀਂ ਪਾਉਂਦਾ। |
| ਪ੍ਰਾਤਕਥਨ: ਇਸ ਪਉੜੀ ਵਿਚ ਪ੍ਰਭੂ ਦੀ ਸ੍ਰਿਸ਼ਟੀ ਦੀ ਬੇਅੰਤਤਾ ਦਿਖਾਈ ਗਈ ਹੈ ਅਤੇ ਨਾਲ ਹੀ ਇਹ ਦਰਸਾਇਆ ਗਿਆ ਹੈ ਕਿ ਬੇਦ ਅਤੇ ਕਤੇਬ ਜੋ ਵੀ ਸ੍ਰਿਸ਼ਟੀ ਬਾਰੇ ਦਸਦੇ ਹਨ ਉਹ ਥੋੜਾ ਹੈ ਅਤੇ ਅਧੂਰਾ ਹੈ। ਦੂਸਰੀ ਗਲ ਜੋ ਖਾਸ ਇਸ ਪਉੜੀ ਵਿਚ ਗੁਰੂ ਜੀ ਨੇ ਦਸੀ ਹੈ, ਉਹ ਇਹ ਹੈ ਕਿ ਕਾਦਰ ਦੀ ਬੇਅੰਤ ਸ੍ਰਿਸ਼ਟੀ ਦਾ ਅੰਤ ਜਾਨਣ ਦਾ ਪ੍ਰਯਾਸ ਕਰਨਾ ਵਿਅਰਥ ਹੈ ਕਿਉਂਕਿ ਇਹ ਇਕ ਨਾਮੁਮਕਿਨ ਕਰਮ ਹੈ। ਇਸ ਕੰਮ ਵਿਚ ਪੈਣ ਨਾਲ ਜੀਵ ਦਾ ਵਿਨਾਸ਼ ਹੋ ਜਾਂਦਾ ਹੈ। "ਅਸੁਲੁ ਇਕੁ" (ਅਸਲ ਇਕ ਗਲ) ਇਹ ਹੈ ਕਿ ਸਿਫਤਿ ਸਾਲਾਹ ਕਰਕੇ ਪ੍ਰਭੂ ਪ੍ਰਾਪਤੀ ਕਰਨੀ; ਇਸਤੋਂ ਬਿਨਾ ਹੋਰ ਸਭ "ਧਾਤੁ" (ਮਾਇਆ) ਹੈ। ਇਹੋ ਗਲ ਗੁਰੂ ਜੀ ਨੇ ਸ੍ਰੀ ਆਸਾ ਕੀ ਵਾਰ ਵਿਚ ਫੁਰਮਾਈ ਹੈ - ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥ ਇਸ ਪਉੜੀ ਦੀ ਅਖੀਰਲੀ ਪੰਕਤੀ ਵਿਚ ਹਜ਼ੂਰ ਹੋਰ ਸਪਸ਼ਟ ਕਰਦੇ ਹਨ ਕਿ ਜੀਵ ਦਾ ਫਰਜ਼ ਹੈ "ਨਾਨਕ ਵਡਾ ਆਖੀਐ" ਭਾਵ ਜੀਵ ਨੂੰ ਸਿਫਤਿ ਸਾਲਾਹ ਕਰਨੀ ਚਾਹੀਦੀ ਹੈ ਨਾ ਕਿ ਕਰਤੇ ਦੇ ਕੀਤਿਆਂ ਦਾ ਅੰਤ ਪਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਸੋ "ਅਸੁਲੁ ਇਕੁ" ਕੀ ਹੈ? "ਵਡਾ ਆਖੀਐ" ਭਾਵ ਸਿਫਤਿ ਸਾਲਾਹ ਕਰਨੀ। | | | |
| ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥ | ਪਾਤਾਲਾਂ, ਆਗਾਸ਼ਾਂ | ਪਾਤਾਲਾ ਪਾਤਾਲ = ਪਾਤਾਲਾਂ ਦੇ ਲੱਖਾਂ ਪਾਤਾਲ ਹਨ ਭਾਵ ਪਾਤਾਲਾਂ ਤੋਂ ਪਰੇ ਲੱਖਾਂ ਪਾਤਾਲ ਹਨ; ਆਗਾਸਾ ਆਗਾਸ = ਆਕਾਸ਼ਾਂ ਦੇ ਲੱਖਾਂ ਆਕਾਸ ਹਨ ਭਾਵ ਆਕਾਸ਼ਾਂ ਤੋਂ ਪਰੇ ਲੱਖਾਂ ਆਕਾਸ਼ ਹਨ।<br><br>"ਲਖ" ਇਸ ਪੰਕਤੀ ਵਿਚ ਦੇਹੁਲੀ ਦੀਪਕ ਹੈ ਜੋ ਕਿ "ਪਾਤਾਲਾ ਪਾਤਾਲ" ਅਤੇ "ਆਗਾਸਾ ਆਗਾਸ" ਦੋਹਾਂ ਨਾਲ ਲਗਦਾ ਹੈ। | ਲੱਖਾਂ (ਅਣਗਿਣਤ) ਪਾਤਾਲਾਂ ਦੇ ਪਾਤਾਲ ਹਨ ਅਤੇ ਲੱਖਾਂ ਹੀ ਆਕਾਸ਼ਾਂ ਦੇ ਆਕਾਸ਼ ਹਨ ਭਾਵ ਪਾਤਾਲਾਂ ਤੋਂ ਪਰੇ ਲੱਖਾਂ ਪਾਤਾਲ ਹਨ ਅਤੇ ਆਕਾਸ਼ਾਂ ਤੋਂ ਪਰੇ ਲੱਖਾਂ ਆਕਾਸ਼ ਹਨ।<br><br>ਪਾਤਾਲਾਂ ਦੇ ਪਾਤਾਲ ਦਾ ਭਾਵ ਹੈ ਕਿ ਹਰੇਕ ਧਰਤੀ ਤੋਂ ਥਲੇ ਹੋਰ ਦੁਨੀਆ ਹੈ ਜੋ ਕਿ ਉਪਰਲੀ ਦੁਨੀਆ ਲਈ ਪਾਤਾਲ ਹੈ। ਇਸ ਤਰ੍ਹਾਂ ਪਾਤਾਲਾਂ ਦਾ ਕੋਈ ਅੰਤ ਨਹੀਂ ਹੈ। ਆਕਾਸ਼ਾਂ ਦੇ ਆਕਾਸ਼ ਦਾ ਭਾਵ ਹੈ ਕਿ ਹਰੇਕ ਆਕਾਸ਼ ਤੋਂ ਉਪਰ ਹੋਰ ਆਕਾਸ਼ ਹਨ ਅਤੇ ਇਸ ਤਰ੍ਹਾਂ ਆਕਾਸ਼ ਵੀ ਪਰੇ ਤੋਂ ਪਰੇ ਹਨ। ਬੇਅੰਤ ਕਰਤੇ ਦੀ ਸ੍ਰਿਸ਼ਟੀ ਵੀ ਬੇਅੰਤ ਹੈ। |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਪਦ ਅਰਥ** | **ਸਰਲ ਅਰਥ ਵਿਚਾਰ** |
| ਓੜਕ, ਓੜਕ ਭਾਲਿ ਥਕੇ ਵੇਦ; ਕਹਨਿ ਇਕ ਵਾਤ ॥ | | ਓੜਕ = ਆਖਿਰ, ਅਖੀਰ; ਓੜਕ = ਅੰਤ ਨੂੰ; ਭਾਲਿ ਥਕੇ ਵੇਦ = ਵੇਦ ਭਾਲ ਕੇ ਥੱਕ ਗਏ (ਪਰ ਅੰਤ ਨਹੀਂ ਪਾ ਸਕੇ); ਕਹਨਿ = ਕਹਿੰਦੇ ਹਨ; ਇਕ ਵਾਤ = ਇਕ ਅਧੀ ਬਾਤ, ਤੁਛ ਮਾਤਰ ਗਿਆਨ।<br><br>ਇਸ ਪੰਕਤੀ ਦਾ ਬਿਸ਼ਰਾਮ "ਵੇਦ" ਤੋਂ ਬਾਅਦ ਜ਼ਿਆਦਾ ਢੁਕਵਾਂ ਹੈ ਤਾਂ ਕਿ ਇਹ ਗੱਲ ਨਿਖਰ ਕੇ ਸਾਹਮਣੇ ਆਵੇ ਕਿ ਵੇਦ ਭਾਲ ਭਾਲ ਕੇ ਥਕ ਗਏ ਹਨ। ਉਦਾਂ "ਵੇਦ" ਇਥੇ ਦੇਹੁਲੀ ਦੀਪਕ ਹੈ - "ਭਾਲਿ ਥਕੇ ਵੇਦ" ਅਤੇ "ਵੇਦ ਕਹਨਿ ਇਕ ਵਾਤ"। | ਆਖਿਰ, (ਪ੍ਰਭੂ ਦੀ ਰਚਨਾ ਦੇ) ਅੰਤ ਨੂੰ ਭਾਲ ਕੇ ਵੇਦ ਥਕ ਗਏ (ਪਰ ਉਹਨਾਂ ਨੇ ਸ੍ਰਿਸ਼ਟੀ ਦਾ ਅੰਤ ਨਹੀਂ ਪਾਇਆ, ਫੇਰ ਵੀ ਉਹ ਸ੍ਰਿਸ਼ਟੀ ਬਾਰੇ) ਕੁਝ ਇਕ ਬਾਤ ਕਹਿੰਦੇ ਹਨ ਭਾਵ ਸ੍ਰਿਸ਼ਟੀ ਬਾਰੇ ਤੁਛ ਮਾਤਰ ਹੀ ਗਿਆਨ ਪ੍ਰਗਟ ਕਰਦੇ ਹਨ।<br><br>ਇਹ ਅਰਥ ਗੁਰਮਤਿ ਵਿਰੁਧ ਹਨ ਕਿ ਇਕ ਵੇਦ ਹੀ ਸਹੀ ਗਲ ਕਹਿੰਦੇ ਹਨ। ਜੇਕਰ ਇਹ ਸਚ ਹੁੰਦਾ ਤਾਂ ਇਸੇ ਪੰਕਤੀ ਵਿਚ ਇਹ ਦਰਜ ਨਹੀਂ ਸੀ ਹੋਣਾ ਕਿ ਵੇਦ ਭਾਲ ਕੇ ਥਕ ਗਏ। ਭਾਲ ਕੇ ਥਕ ਗਏ ਤੋਂ ਇਹੋ ਹੀ ਸਿਧ ਹੁੰਦਾ ਹੈ ਕਿ ਵੇਦ ਅੰਤ ਨਹੀਂ ਪਾ ਸਕੇ। |
| ਸਹਸ ਅਠਾਰਹ ਕਹਨਿ ਕਤੇਬਾ; ਅਸੁਲੂ ਇਕੁ, ਧਾਤੁ ॥ | ਅਠਾਰਹ = ਥੋੜਾ ਅਠਾਰ੍ਹਾਂ ਵਾਂਗ ਪਰ ਪੂਰਾ ਕੰਨਾ ਨਹੀਂ ਬੋਲਣਾ।<br><br>ਕਤੇਬਾਂ | ਸਹਸ = ਹਜ਼ਾਰ; ਸਹਸ ਅਠਾਰਹ = ਅਠਾਰਾਂ ਹਜ਼ਾਰ ਆਲਮ; ਕਤੇਬਾ = ਚਾਰਿ ਕਿਤਾਬਾਂ = ਮੁਸਲਮਾਨਾਂ ਦੀ ਕੁਰਾਨ, ਇਸਾਈਆਂ ਦੀ ਅੰਜੀਲ, ਯਹੂਦੀਆਂ ਦੀਆਂ ਤੌਰੇਤ ਅਤੇ ਜ਼ਬੂਰ; ਅਸੁਲੂ ਇਕੁ = ਅਸਲ ਇਕ ਹੈ ਭਾਵ ਅਸਲ ਗਲ ਇਕ ਹੈ - ਸਿਫਤਿ ਸਾਲਾਹ ਕਰਕੇ ਪ੍ਰਭੂ ਪ੍ਰਾਪਤੀ ਕਰਨੀ; ਧਾਤੁ = ਮਾਇਆ। | ਸ੍ਰਿਸ਼ਟੀ ਬਾਰੇ ਕਤੇਬਾਂ ਕਹਿੰਦੀਆਂ ਹਨ ਕਿ ਅਠਾਰਾਂ ਹਜ਼ਾਰ ਆਲਮ ਹਨ (ਪਰ ਇਹ ਗਲ ਅਧੂਰੀ ਹੈ, ਇਸ ਕਰਕੇ ਸ੍ਰਿਸ਼ਟੀ ਦੇ ਅੰਤ ਦੀਆਂ ਵਿਚਾਰਾਂ ਬੇਕਾਰ ਹਨ) ਅਸਲ ਗੱਲ ਇਕ ਹੈ (ਸਿਫਤਿ ਸਾਲਾਹ ਕਰਕੇ ਪ੍ਰਭੂ ਪ੍ਰਾਪਤੀ ਵਾਲੀ), (ਹੋਰ ਸਭ) ਧਾਤੁ ਭਾਵ ਮਾਇਆ ਹੈ।<br><br>ਜਿਵੇਂ ਇਸ ਤੋਂ ਪਹਿਲੀ ਪਉੜੀ ਵਿਚ ਹਜ਼ੂਰ ਨੇ ਸ੍ਰਿਸ਼ਟੀ ਦੇ ਵੇਲੇ ਬਾਰੇ ਦਸਿਆ ਹੈ ਕਿ ਇਹ ਗਲ ਬੇਦ ਕਤੇਬ ਨਹੀਂ ਜਾਣਦੇ, ਉਸੇ ਤਰ੍ਹਾਂ ਇਸ ਪਉੜੀ ਵਿਚ ਸਤਿਗੁਰੂ ਜੀ ਦਸਦੇ ਹਨ ਕਿ ਬੇਦ ਕਤੇਬ ਸ੍ਰਿਸ਼ਟੀ ਦਾ ਅੰਤ ਨਹੀਂ ਜਾਣਦੇ ਅਤੇ ਉਹਨਾਂ ਨੇ ਜੋ ਗਿਆਨ ਸ੍ਰਿਸ਼ਟੀ ਬਾਰੇ ਦਸਿਆ ਹੈ ਉਹ ਅਧੂਰਾ ਹੈ। ਇਹ ਵਿਚਾਰ ਹੀ ਬੇਕਾਰ ਹੈ ਕਿਉਂਕਿ "ਨਾਨਕ ਲੇਖੈ ਇਕ ਗਲ, ਹੋਰੁ ਹਉਮੈ ਝਖਣਾ ਝਾਖ ॥" ਦੇ ਹੁਕਮ ਅਨੁਸਾਰ ਸਿਫਤਿ ਸਾਲਾਹ ਕਰਕੇ ਪ੍ਰਭੂ ਪ੍ਰਾਪਤੀ ਦੀ ਗਲ ਲੇਖੇ ਵਿਚ ਹੈ ਬਾਕੀ ਸਭ ਹਉਮੈ ਦਾ ਪ੍ਰਗਟਾਵਾ ਹੈ। ਇਸ ਪਉੜੀ ਦੀ ਅਖੀਰਲੀ ਪੰਕਤੀ ਵਿਚ ਗੁਰੂ ਜੀ ਨੇ "ਅਸੁਲੂ ਇਕੁ" ਦੀ ਵਿਆਖਿਆ ਕੀਤੀ ਹੈ "ਵਡਾ ਆਖੀਐ" ਕਰ ਕੇ। ਅਸਲ ਗਲ ਇਹ ਹੈ ਕਿ ਜੀਵ ਪ੍ਰਭੂ ਨੂੰ "ਵਡਾ ਆਖੀਐ" ਭਾਵ ਉਸਦੀ ਸਿਫਤਿ ਸਾਲਾਹ ਕਰੇ ਨਾ ਕੇ ਉਸਦਾ ਅੰਤ ਪਾਉਣ ਦੀ ਕੋਸ਼ਿਸ਼ ਕਰੇ। |
| ਲੇਖਾ ਹੋਇ, ਤ ਲਿਖੀਐ; ਲੇਖੈ, ਹੋਇ ਵਿਣਾਸੁ ॥ | ਵਿਣਾਸ਼ | ਲੇਖਾ ਹੋਇ = ਜੇਕਰ ਲੇਖਾ ਹੋ ਸਕਦਾ ਹੋਵੇ; ਤ ਲਿਖੀਐ = ਤਾਂ ਲਿਖੀਏ, ਤਾਂ ਲਿਖਣਾ ਚਾਹੀਦਾ; ਲੇਖੈ = ਲੇਖੇ ਵਿਚ ਪੈਣ ਨਾਲ; ਹੋਇ ਵਿਣਾਸੁ = ਵਿਨਾਸ਼ ਹੋ ਜਾਂਦਾ ਹੈ। | ਜੇਕਰ (ਸ੍ਰਿਸ਼ਟੀ ਦਾ) ਲੇਖਾ ਹੋ ਸਕਦਾ ਹੋਵੇ, ਤਾਂ ਲਿਖੀਏ (ਭਾਵ ਲੇਖਾ ਹੋ ਨਹੀਂ ਸਕਦਾ); (ਸ੍ਰਿਸ਼ਟੀ ਦੇ ) ਲੇਖੇ ਵਿਚ ਪੈਣ ਕਰਕੇ ਜੀਵ ਦਾ ਵਿਣਾਸ਼ ਹੋ ਜਾਂਦਾ ਹੈ ਭਾਵ ਉਹ ਤਬਾਹ ਹੋ ਜਾਂਦਾ ਹੈ।<br><br>ਲੇਖੇ ਵਿਚ ਪੈਣ ਕਰਕੇ ਕਿਉਂ ਵਿਣਾਸ਼ ਹੋ ਜਾਂਦਾ ਹੈ? ਇਸ ਕਰਕੇ ਵਿਣਾਸ਼ ਹੁੰਦਾ ਹੈ ਕਿਉਂਕਿ ਜੀਵ ਦਾ ਫਰਜ਼ ਅਕਾਲ ਪੁਰਖ ਜਾਂ ਉਸਦੀ ਕੀਤੀ ਸ੍ਰਿਸ਼ਟੀ ਦੇ ਅੰਤ ਦਾ ਲੇਖਾ ਕਰਨਾ ਨਹੀਂ ਹੈ ਬਲਕਿ ਸ੍ਰਿਸ਼ਟੀ ਦੇ ਕਰਤਾ - ਅਕਾਲ ਪੁਰਖ ਦੀ ਸਿਫਤਿ ਸਾਲਾਹ ਕਰਕੇ ਜਨਮ ਸਫਲ ਕਰਨਾ ਹੈ। ਲੇਖੇ ਦੇ ਹਿਸਾਬ ਕਿਤਾਬ ਵਿਚ ਪੈਣ ਨਾਲ ਜਨਮ ਖਰਾਬ ਹੋ ਜਾਂਦਾ ਹੈ ਕਿਉਂਕਿ ਬੰਦਾ ਬੰਦਗੀ ਕਰਨ ਦੀ ਬਜਾਏ ਕਾਦਰ ਦੀ ਕੁਦਰਤਿ ਬਾਰੇ ਹੀ ਖੋਜ ਕਰੀ ਜਾਂਦਾ ਹੈ। ਤਾਂ ਤੇ ਇਹ ਜੋ ਸਾਇੰਸ ਵਾਲੇ ਕੁਦਰਤ ਦੀ ਪੜ੍ਹਾਈ ਕਰਕੇ ਇਸਦੀ ਬੇਕਾਰ ਖੋਜ ਵਿਚ ਪਏ ਰਹਿੰਦੇ ਹਨ, ਉਹ ਜ਼ਰੂਰ ਆਪਣਾ ਜਨਮ ਖਰਾਬ ਕਰ ਲੈਂਦੇ ਹਨ। ਇਸ ਲੇਖੇ ਵਿਚ ਪੈਣਾ ਗੁਰਮਤਿ ਦੇ ਵਿਰੁਧ ਹੈ। |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਪਦ ਅਰਥ** | **ਸਰਲ ਅਰਥ ਵਿਚਾਰ** |
| ਨਾਨਕ, ਵਡਾ ਆਖੀਐ; ਆਪੇ ਜਾਣੈ ਆਪੁ ॥੨੨॥ | | ਵਡਾ ਆਖੀਐ = ਪ੍ਰਭੂ ਨੂੰ ਵਡਾ ਆਖੀਏ ਭਾਵ ਉਸਨੂੰ ਵਡਾ ਆਖਣਾ ਚਾਹੀਦਾ ਹੈ; ਆਪੇ ਜਾਣੈ ਆਪੁ = ਆਪਣੇ ਆਪੇ ਨੂੰ ਉਹ ਆਪੇ ਹੀ ਜਾਣਦਾ ਹੈ (ਹੋਰ ਕੋਈ ਨਹੀਂ); ਆਪੁ = ਆਪਾ। | ਹਜ਼ੂਰੇ ਆਲਾ "ਨਾਨਕ" ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ ਅਕਾਲ ਪੁਰਖ ਨੂੰ ਵੱਡਾ ਆਖਣਾ ਚਾਹੀਦਾ ਹੈ ਭਾਵ ਉਸਦੀ ਸਿਫਤਿ ਸਾਲਾਹ ਕਰਨੀ ਚਾਹੀਦੀ ਹੈ ਕਿਉਂਕਿ ਉਹ ਆਪੇ ਹੀ ਆਪਣੇ "ਆਪੇ" ਬਾਰੇ ਜਾਣਦਾ ਹੈ ( ਕਿ ਉਹ ਕਿੱਡਾ ਹੈ ਅਤੇ ਉਸਦੀ ਰਚਨਾ ਕਿੱਡੀ ਹੈ, ਹੋਰ ਕੋਈ ਨਹੀਂ ਜਾਣਦਾ)। |
| ਪ੍ਰਾਤਕਥਨ: ਇਸ ਪਉੜੀ ਵਿਚ ਹਜ਼ੂਰ ਨੇ, ਪ੍ਰਭੂ ਦੀ ਉਸਤਤਿ ਕਰਨ ਦਾ ਮਹਾਤਮ ਦਸਿਆ ਹੈ। ਜਿਵੇਂ ਨਦੀਆਂ ਨਾਲ਼ੇ ਸਮੁੰਦਰ ਵਿਚ ਪੈ ਕੇ ਅਲਗ ਨਹੀਂ ਜਾਣੇ ਜਾਂਦੇ ਇਸੇ ਤਰ੍ਹਾਂ ਹੀ ਸਿਫਤ ਸਾਲਾਹ ਕਰਕੇ ਗੁਰਮੁਖਿ ਅਕਾਲ ਪੁਰਖ ਨਾਲ ਇਕਮਿਕ ਹੋ ਜਾਂਦੇ ਹਨ। ਵਡੇ ਵਡੇ ਸ਼ਾਹ ਸੁਲਤਾਨ ਦੁਨਿਆਵੀ ਤੌਰ ਤੇ ਲਖ ਵਡੇ ਹੋਣ ਪਰ ਜੇਕਰ ਇਕ ਅਦਨੀ ਜੇਹੀ ਕੀੜੀ ਨੂੰ ਪ੍ਰਭੂ ਮਨੋਂ ਨਾ ਵਿਸਰੇ ਤਾਂ ਉਹ ਅਜਿਹੇ ਵਡੇ ਸੁਲਤਾਨਾਂ ਤੇ ਵੀ ਗ਼ਾਲਿਬ ਹੋ ਜਾਂਦੀ ਹੈ। | | | |
| ਸਾਲਾਹੀ, ਸਾਲਾਹਿ; ਏਤੀ ਸੁਰਤਿ ਨ ਪਾਈਆ ॥ | ਸਾਲਾਹੀਂ | ਸਾਲਾਹੀ = ਮੈਂ (ਪ੍ਰਭੂ ਨੂੰ) ਸਾਲਾਹੁੰਦਾ ਹਾਂ; ਸਾਲਾਹਿ = ਤੂੰ ਭੀ ਪ੍ਰਭੂ ਨੂੰ ਸਾਲਾਹ; ਏਤੀ ਸੁਰਤਿ = ਇਤਨੀ ਸੋਝੀ (ਜਿਤਨੀ ਪ੍ਰਭੂ ਨੂੰ ਸਾਲਾਹੁਣ ਲਈ ਚਾਹੀਦੀ ਹੈ); ਨ ਪਾਈਆ = ਨਹੀਂ ਪਾਈ। | (ਹੇ ਭਾਈ) ਤੂੰ ਭਾਂਵੇ ਇਤਨੀ ਸੋਝੀ ਨਹੀ ਪਾਈ (ਕਿ ਤੂੰ ਪ੍ਰਭੂ ਨੂੰ ਸਿਮਰੇਂ ਪਰ ਸੁਣ) ਮੈਂ ਪ੍ਰਭੂ ਨੂੰ ਸਾਲਾਹੁੰਦਾ ਹਾਂ ਸੋ ਤੂੰ ਵੀ ਸਾਲਾਹ (ਕਿਉਂਕਿ) |
| ਨਦੀਆ ਅਤੈ ਵਾਹ; ਪਵਹਿ ਸਮੁੰਦਿ, ਨ ਜਾਣੀਅਹਿ ॥ | ਨਦੀਆਂ, ਪਵਹਿੰ, ਜਾਣੀਅਹਿੰ | ਵਾਹ = ਪ੍ਰਵਾਹੇ, ਨਾਲ਼ੇ, ਬਹੁਤ ਛੋਟੀਆਂ ਨਦੀਆਂ; ਪਵਹਿ = ਪੈਂਦੇ ਹਨ; ਸਮੁੰਦਿ = ਸਮੁੰਦਰ ਵਿਚ; ਨ ਜਾਣੀਅਹਿ = ਅਲਗ ਨਹੀਂ ਜਾਣੇ ਜਾਂਦੇ। | (ਜਿਵੇਂ) ਨਦੀਆਂ ਅਤੇ ਨਾਲ਼ੇ ਆਦਿ ਸਮੁੰਦਰ ਵਿਚ ਪੈਂਦੇ ਹਨ ਅਤੇ ਫੇਰ ਅਲਗ ਨਹੀਂ ਜਾਣੇ ਜਾਂਦੇ (ਇਸੇ ਤਰ੍ਹਾਂ ਹੀ ਸਿਫਤਿ ਸਾਲਾਹ ਕਰਕੇ ਤੂੰ ਵੀ ਪਰਮੇਸ਼ਰ ਨਾਲ ਇਕਮਿਕ ਹੋ ਜਾਵੇਂਗਾ) |
| ਸਮੁੰਦ ਸਾਹ ਸੁਲਤਾਨ; ਗਿਰਹਾ ਸੇਤੀ ਮਾਲੁ ਧਨੁ ॥ | ਸ਼ਾਹ, ਗਿਰਹਾਂ | ਸਮੁੰਦ = ਸਮੁੰਦਰ, ਸਾਗਰ; ਸਾਹ = ਰਾਜੇ; ਸੁਲਤਨ = ਵਡੇ ਰਾਜੇ; ਸਮੁੰਦ ਸਾਹ ਸੁਲਤਾਨ = ਸਮੁੰਦਰਾਂ ਜੇਹੇ ਵਡੇ ਸ਼ਾਹ ਸੁਲਤਾਨ; ਗਿਰਹਾ = ਪਹਾੜਾਂ; ਸੇਤੀ = ਨਾਲ, ਪਾਸ, ਪੱਲੇ; ਮਾਲੁ ਧਨੁ = ਦੌਲਤ; ਗਿਰਹਾ ਮਾਲੁ ਧਨੁ = ਗਿਰਹਾਂ ਭਾਵ ਪਹਾੜਾਂ ਜਿੰਨਾ ਮਾਲ ਧਨ।<br><br>"ਸ਼ਾਹ" ਫਾਰਸੀ ਵਿਚ ਰਾਜੇ ਨੂੰ ਕਹਿੰਦੇ ਹਨ ਜਦਕਿ "ਸੁਲਤਾਨ" ਅਰਬੀ ਵਿਚ ਰਾਜੇ ਨੂੰ ਕਹਿੰਦੇ ਹਨ। "ਸੁਲਤਾਨ" ਇਤਿਹਾਸਕ ਤੌਰ ਤੇ ਤੁਰਕੀ ਦੇ ਮਹਾਰਾਜਿਆਂ ਵਾਸਤੇ ਵਰਤਿਆ ਜਾਂਦਾ ਸੀ। | ਜੇਕਰ ਸਮੁੰਦਰਾਂ ਜੇਹੇ ਵਡੇ ਸ਼ਾਹ ਸੁਲਤਾਨ ਹੋਣ, ਅਤੇ ਉਹਨਾਂ ਪਾਸ ਪਹਾੜਾਂ ਜਿੰਨਾ ਮਾਲ ਧਨ ਹੋਵੇ; |
| ਕੀੜੀ ਤੁਲਿ ਨ ਹੋਵਨੀ; ਜੇ ਤਿਸੁ, ਮਨਹੁ ਨ ਵੀਸਰਹਿ ॥੨੩॥ | ਮਨਹੁੰ, ਵੀਸਰਹਿੰ | ਤੁਲਿ = ਬਰਾਬਰ; ਕੀੜੀ ਤੁਲਿ ਨ ਹੋਵਨੀ = ਕੀੜੀ ਦੇ ਬਰਾਬਰ ਨਹੀਂ ਹੋਣਗੇ; ਜੇ ਤਿਸੁ = ਜੇਕਰ ਉਸ ਕੀੜੀ ਨੂੰ; ਮਨਹੁ = ਮਨ'ਚੋਂ; ਨ ਵੀਸਰਹਿ = ਤੂੰ ਨਾ ਵਿਸਰੇਂ (ਭੁਲੇਂ) ਹੇ ਪ੍ਰਭੂ। | (ਅਜਿਹੇ ਸਮੁੰਦ ਸਾਹ ਸੁਲਤਾਨ) ਉਸ ਕੀੜੀ ਦੇ ਬਰਾਬਰ ਨਹੀਂ ਹੋਣਗੇ ਜੇਕਰ ਉਸ ਕੀੜੀ ਨੂੰ, ਤੂੰ ਮਨੋਂ ਨਾ ਵਿਸਰੇਂ, ਹੇ ਪ੍ਰਭੂ ! |
| ਪ੍ਰਾਤਕਥਨ: ਇਸ ਪਉੜੀ ਵਿਚ ਹਜ਼ੂਰ ਨੇ ਅਕਾਲ ਪੁਰਖ ਦੇ ਗੁਣਾਂ ਦਾ ਅੰਤ ਪਉਣ ਦੀ ਨਾਮੁਮਕਿਨਤਾ ਬਾਰੇ ਗਲ ਕੀਤੀ ਹੈ ਅਤੇ ਦਸਿਆ ਹੈ ਕਿ ਭਗਤ ਜਨ ਵੀ ਭਾਂਵੇਂ ਉਸਦੀ ਸਿਫਤਿ ਸਾਲਾਹ ਕਰਕੇ ਉਸਦੀ ਹਜ਼ੂਰੀ ਤਾਂ ਮਾਣ ਸਕਦੇ ਹਨ ਪਰ ਉਸਦਾ ਅੰਤ ਨਹੀਂ ਪਾ ਸਕਦੇ। | | | |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਪਦ ਅਰਥ** | **ਸਰਲ ਅਰਥ ਵਿਚਾਰ** |
| ਅੰਤੁ ਨ ਸਿਫਤੀ; ਕਹਣਿ ਨ ਅੰਤੁ ॥ | ਸਿਫਤੀਂ | ਸਿਫਤੀ = ਸਿਫਤਾਂ ਨਾਲ; ਕਹਣਿ = ਕਹਣ ਨਾਲ; ਕਥਨੀ ਨਾਲ। | ਸਿਫਤਾਂ ਕਰਨ ਨਾਲ ਅਕਾਲ ਪੁਰਖ ਦਾ ਅੰਤ ਨਹੀਂ ਲਭਦਾ ਹੈ ਅਤੇ ਕੁਝ ਕਹਿਣ ਨਾਲ ਉਸਦਾ ਅੰਤ ਨਹੀਂ ਲਭਦਾ।<br><br>ਦੇਖੋ ਸ਼ੇਖਨਾਗ ਆਪਣੇ ਸਹਸ ਫਨਾਂ ਨਾਲ ਨਿਮਖ ਨਿਮਖ ਪ੍ਰਭੂ ਦੇ ਗੁਣਵਾਚਕ ਨਾਮ ਬੋਲ ਰਿਹਾ ਹੈ ਅਤੇ ਇਸ ਬਿਧਿ ਸਿਫਤਾਂ ਕਰ ਰਿਹਾ ਹੈ ਪਰ ਉਹ ਉਸਦਾ ਅੰਤ ਨਹੀਂ ਪਾਉਂਦਾ। |
| ਅੰਤੁ ਨ ਕਰਣੈ; ਦੇਣਿ ਨ ਅੰਤੁ ॥ | | ਕਰਣੈ = ਤ੍ਰੈਗੁਣੀ ਕਰਮ ਕਰਨ ਨਾਲ; ਦੇਣਿ = (ਦਾਨ) ਦੇਣ ਨਾਲ। | ਤ੍ਰੈਗੁਣੀ ਕਰਮ ਕਰਨ ਨਾਲ ਪ੍ਰਭੂ ਦਾ ਅੰਤ ਨਹੀਂ ਲਭਦਾ ਅਤੇ (ਦਾਨ) ਦੇਣ ਨਾਲ ਉਸਦਾ ਅੰਤ ਨਹੀਂ ਲਭਦਾ। |
| ਅੰਤੁ ਨ ਵੇਖਣਿ; ਸੁਣਨਿ ਨ ਅੰਤੁ ॥ | | ਵੇਖਣਿ = ਦੇਖਣ ਨਾਲ, ਪ੍ਰਭੂ ਦੀ ਕੁਦਰਤ ਦੀ ਖੋਜ ਕਰਨ ਨਾਲ; ਸੁਣਨਿ = ਕੁਦਰਤਿ ਨੂੰ ਸੁਨਣ ਨਾਲ ਅਤੇ ਕੁਦਰਤਿ ਬਾਰੇ ਸੁਨਣ ਨਾਲ। | (ਦ੍ਰਿਸ਼ਟਮਾਨ ਆਕਾਰ ਨੂੰ) ਦੇਖਣ ਨਾਲ ਭਾਵ ਘੋਖਣ ਨਾਲ ਪ੍ਰਭੂ ਦਾ ਅੰਤ ਨਹੀਂ ਲਭਦਾ; ਕੁਦਰਤਿ ਨੂੰ ਸੁਨਣ ਨਾਲ ਅਤੇ ਕੁਦਰਤਿ ਬਾਰੇ ਸੁਨਣ ਨਾਲ ਪ੍ਰਭੂ ਦਾ ਅੰਤ ਨਹੀਂ ਲਭਦਾ। |
| ਅੰਤੁ ਨ ਜਾਪੈ; ਕਿਆ ਮਨਿ ਮੰਤੁ ॥ | | ਅੰਤੁ ਨ ਜਾਪੈ = ਅੰਤ ਨਹੀਂ ਪਤਾ ਲਗਦਾ, ਅੰਤ ਨਹੀਂ ਜਾਪਦਾ; ਮਨਿ ਮੰਤੁ = ਮਨਿ ਵਿਚ ਮੰਤ, ਮਨ ਵਿਚ ਸਾਲਾਹ। | ਅੰਤ ਨਹੀਂ ਪਤਾ ਲਗਦਾ ਕਿ ਪ੍ਰਭੂ ਦੇ ਮਨ ਵਿਚ ਕੀ ਮੰਤ ਹੈ ਭਾਵ ਉਸਦੀ ਕੀ ਸਾਲਾਹ ਹੈ। |
| ਅੰਤੁ ਨ ਜਾਪੈ; ਕੀਤਾ ਆਕਾਰੁ ॥ | | ਅੰਤੁ ਨ ਜਾਪੈ = ਅੰਤ ਨਹੀਂ ਪਤਾ ਲਗਦਾ, ਅੰਤ ਨਹੀਂ ਜਾਪਦਾ; ਕੀਤਾ ਆਕਾਰੁ = ਪ੍ਰਭੂ ਦਾ ਕੀਤਾ ਹੋਇਆ ਆਕਾਰ ਭਾਵ ਉਸਦਾ ਰਚਿਆ ਹੋਇਆ ਸੰਸਾਰ। | ਅੰਤ ਨਹੀਂ ਪਤਾ ਲਗਦਾ ਕਿ ਪ੍ਰਭੂ ਦਾ ਕੀਤਾ ਹੋਇਆ ਆਕਾਰ ਭਾਵ ਰਚਿਆ ਹੋਇਆ ਸੰਸਾਰ (ਕਿੱਡਾ ਹੈ, ਕੈਸਾ ਹੈ, ਕਿਉਂ ਹੈ ਆਦਿ)। |
| ਅੰਤੁ ਨ ਜਾਪੈ; ਪਾਰਾਵਾਰੁ ॥ | | ਅੰਤੁ ਨ ਜਾਪੈ = ਅੰਤ ਨਹੀਂ ਪਤਾ ਲਗਦਾ, ਅੰਤ ਨਹੀਂ ਜਾਪਦਾ; ਪਾਰਾਵਾਰੁ = ਉਸਦੇ ਉਰਲੇ ਅਤੇ ਪਰਲੇ ਪਾਸੇ, ਉਰਾਰ ਅਤੇ ਪਾਰ। | ਅੰਤ ਨਹੀਂ ਪਤਾ ਲਗਦਾ ਕਿ ਪ੍ਰਭੂ ਦਾ ਪਾਰਾਵਾਰ ਕਿੰਨਾ ਹੈ ਭਾਵ ਉਸਦਾ ਉਰਲਾ ਅਤੇ ਪਰਲਾ ਪਾਸਾ ਕਿੰਨਾ ਹੈ। |
| ਅੰਤ ਕਾਰਣਿ, ਕੇਤੇ ਬਿਲਲਾਹਿ ॥ | ਬਿਲਲਾਹਿਂ | ਅੰਤ ਕਾਰਣਿ = ਪ੍ਰਭੂ ਦੇ ਅੰਤ ਕਾਰਣ ਭਾਵ ਅੰਤ ਜਾਨਣ ਲਈ; ਕੇਤੇ = ਅਨੇਕ; ਬਿਲਲਾਹਿ = ਬਿਲਲਾਉਂਦੇ ਹਨ, ਰੋਂਦੇ ਹਨ, ਤਰਲੇ ਲੈਂਦੇ ਹਨ। | ਪ੍ਰਭੂ ਦੇ ਅੰਤ ਕਾਰਨ (ਭਾਵ ਅੰਤ ਲੱਭਣ ਲਈ) ਅਨੇਕ ਬਿਲਲਾਉਂਦੇ ਹਨ ਭਾਵ ਤਰਲੇ ਮਾਰ ਰਹੇ ਹਨ (ਪਰ); |
| ਤਾ ਕੇ ਅੰਤ; ਨ ਪਾਏ ਜਾਹਿ ॥ | ਜਾਹਿਂ | ਤਾ ਕੇ ਅੰਤ = ਉਸਦੇ ਭਾਵ ਪ੍ਰਭੂ ਦੇ ਅੰਤ; ਨ ਪਾਏ ਜਾਹਿ = ਨਹੀਂ ਪਾਏ ਜਾਂਦੇ (ਜੀਵਾਂ ਪਾਸੋਂ)। | ਉਸਦੇ ਅੰਤ ਨਹੀ ਪਾਏ ਜਾਂਦੇ (ਕਿਸੇ ਪਾਸੋਂ ਵੀ)।<br><br>"ਅੰਤ" ਇਥੇ ਬਹੁਵਚਨ ਹੈ। ਉਸਦੇ ਕੰਮਾਂ ਦੇ ਅੰਤ, ਗੁਣਾਂ ਦੇ ਅੰਤ, ਉਸਦੇ ਅਣਗਿਣਤ ਪਹਿਲੂਆਂ ਦੇ ਅੰਤ ਆਦਿ ਨਹੀਂ ਪਾਏ ਜਾਂਦੇ (ਕਿਸੇ ਪਾਸੋਂ ਵੀ)। |
| ਏਹੁ ਅੰਤੁ, ਨ ਜਾਣੈ ਕੋਇ ॥ | | ਏਹੁ ਅੰਤੁ = ਉਸਦਾ ਅੰਤ ਇਹ ਹੈ ਕਿ; ਨ ਜਾਣੈ ਕੋਇ = ਕਿ ਕੋਈ ਨਹੀਂ ਜਾਣਦਾ (ਉਸਦੇ ਅੰਤ ਨੂੰ)।<br><br>"ਏਹੁ ਅੰਤੁ" ਅਤੇ "ਅੰਤੁ ਨ ਜਾਣੈ ਕੋਇ" - ਸੋ ਅੰਤੁ ਇਥੇ ਦੇਹੁਲੀ ਦੀਪਕ ਹੈ। | ਪ੍ਰਭੂ ਦਾ ਅੰਤ ਇਹ ਹੈ ਕਿ ਪ੍ਰਭੂ ਦਾ ਅੰਤ ਕੋਈ ਨਹੀਂ ਜਾਣਦਾ। |
| ਬਹੁਤਾ ਕਹੀਐ; ਬਹੁਤਾ ਹੋਇ ॥ | | ਬਹੁਤਾ ਕਹੀਐ = ਬਹੁਤਾ ਕਹੋ; ਬਹੁਤਾ ਹੋਇ = ਹੋਰ ਬਹੁਤਾ ਲਗਦਾ ਹੈ। | (ਪ੍ਰਭੂ ਦੇ ਅੰਤ ਬਾਰੇ ਭਾਂਵੇਂ) ਜਿੰਨਾ ਵੀ ਬਹੁਤਾ ਕਹੋ, ਉਨਾ ਹੀ ਹੋਰ ਬਹੁਤਾ ਹੁੰਦਾ ਹੈ ਭਾਵ ਉਸਨੂੰ ਜਿੰਨਾ ਮਰਜ਼ੀ ਵਖਾਣ ਲਓ, ਉਸਦਾ ਹੋਰ ਬਹੁਤ ਵਖਿਆਨ ਹਾਲੇ ਰਹਿੰਦਾ ਹੁੰਦਾ ਹੈ। |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਪਦ ਅਰਥ** | **ਸਰਲ ਅਰਥ ਵਿਚਾਰ** |
| ਵਡਾ ਸਾਹਿਬੁ; ਊਚਾ ਥਾਉ ॥ | ਥਾਂਉਂ | ਊਚਾ ਥਾਉ = ਸਚਖੰਡ। ਸਚਖੰਡਿ ਵਸੈ ਨਿਰੰਕਾਰੁ। | (ਗਲ ਕੀ) ਉਹ ਵਡਾ ਸਾਹਿਬ ਹੈ ਅਤੇ ਉਸਦਾ ਥਾਂਉਂ (ਸਚਖੰਡ) ਵੀ ਉਚਾ ਹੈ। |
| ਊਚੇ ਉਪਰਿ ਊਚਾ, ਨਾਉ ॥ | ਨਾਉਂ | ਊਚੇ ਉਪਰਿ ਊਚਾ = ਉਚੇ ਤੋਂ ਉਚਾ; ਨਾਉ = ਨਾਮ, ਗੁਰਮਤਿ ਨਾਮ। | ਉਚੇ ਤੋਂ ਉਚਾ ਹੈ ਪ੍ਰਭੂ ਦਾ ਨਾਮ ਭਾਵ ਉਸਦਾ ਨਾਮ ਸਭ ਤੋਂ ਉਚਾ ਹੈ।<br><br>ਕਈ ਸਜਣ ਇਸ ਪੰਕਤੀ ਦਾ ਅਰਥ ਇਹ ਕਰਦੇ ਹਨ ਕਿ ਉਹਦਾ ਨਾਮ ਉਚੇ ਵਾਹਿਗੁਰੂ ਤੋਂ ਵੀ ਉਚਾ ਹੈ ਜੋ ਕਿ ਠੀਕ ਅਰਥ ਨਹੀਂ ਜਾਪਦਾ ਕਿਉਂਕਿ ਨਾਮੀ ਵਾਹਿਗੁਰੂ ਅਤੇ ਉਸਦਾ ਨਾਮ ਅਭੇਦ ਹਨ। ਇਥੇ ਉਚੇ ਜਾਂ ਛੋਟੇ ਹੋਣ ਦਾ ਸਵਾਲ ਹੀ ਨਹੀਂ ਉਠਦਾ। |
| ਏਵਡੁ ਊਚਾ ਹੋਵੈ, ਕੋਇ ॥ | | ਏਵਡੁ ਊਚਾ = ਐਨਾ ਉਚਾ (ਜਿੰਨਾ ਉਹ ਆਪ ਹੈ); ਹੋਵੈ ਕੋਇ = ਜੇਕਰ ਕੋਈ ਹੋਵੇ। | ਜੇਕਰ ਕੋਈ ਏਵਡ ਉਚਾ ਹੋਵੇ ਭਾਵ ਐਨਾ ਉਚਾ ਜਿੰਨਾ ਉਚਾ ਪਭੂ ਹੈ (ਤਾਂ); |
| ਤਿਸੁ ਊਚੇ ਕਉ ਜਾਣੈ, ਸੋਇ ॥ | | ਤਿਸੁ ਊਚੇ ਕਉ = ਉਸ ਉਚੇ ਪ੍ਰਭੂ ਨੂੰ; ਸੋਇ = ਉਹੀ, "ਸੋਇ" ਦਾ ਅੰਤਰੀਵੀ ਭਾਵ ਇਥੇ ਸਤਿਗੁਰੂ ਹੈ। | ਉਹੀ ਉਸ ਉਚੇ ਨੂੰ ਜਾਣ ਸਕਦਾ ਹੈ।<br><br>ਇਸ ਪੰਕਤੀ ਤੋਂ ਸਿਧ ਹੈ ਕਿ ਕੇਵਲ ਅਕਾਲ ਪੁਰਖ ਹੀ ਆਪਣੇ ਆਪ ਨੂੰ ਜਾਣਦਾ ਹੈ ਪਰ ਕਿਉਂਕਿ ਸਤਿਗੁਰੂ ਵੀ ਉਸੇ ਦਾ ਹੀ ਰੂਪ ਹੈ ਜੈਸਾ ਕਿ "ਸਾਧ ਰੂਪ ਅਪਨਾ ਤਨੁ ਧਾਰਿਆ ॥" ਵਾਲੀ ਪੰਕਤੀ ਤੋਂ ਸਿਧ ਹੈ, ਇਸ ਕਾਰਨ ਕਾਰਨ ਦਸ ਗੁਰੂ ਸਾਹਿਬਾਨ ਵੀ ਜਾਣਦੇ ਹਨ ਕਿ ਅਕਾਲ ਪੁਰਖ ਕਿੰਨਾ ਉਚਾ ਹੈ। ਹੋਰ ਕੋਈ ਨਹੀਂ ਜਾਣਦਾ। "ਸੋਇ" ਪਦ ਦਾ ਅੰਤਰੀਵੀ ਭਾਵ ਸਤਿਗੁਰੂ ਹੈ। |
| ਜੇਵਡੁ ਆਪਿ, ਜਾਣੈ ਆਪਿ ਆਪਿ ॥ | | ਜੇਵਡੁ ਆਪਿ = ਜਿੱਡਾ ਉਹ (ਪ੍ਰਭੂ) ਆਪ ਹੈ; ਜਾਣੈ ਆਪਿ ਆਪਿ = ਜਾਣੈ ਆਪਿ ਜਾਣੈ ਆਪਿ ਭਾਵ ਬਸ ਉਹ ਆਪ ਹੀ ਜਾਣਦਾ ਹੈ।<br><br>ਦੋ ਵਾਰੀ "ਆਪਿ" ਕਹਿਣ ਦਾ ਭਾਵ ਹੈ ਕਿ ਇਹ ਗਲ ਬਹੁਤ ਫੋਰਸ ਨਾਲ ਕਹੀ ਹੈ ਕਿ ਉਹ ਆਪ ਹੀ ਜਾਣਦਾ ਹੈ, ਆਪ ਹੀ ਜਾਣਦਾ ਹੈ ਕਿ ਉਹ ਕਿੱਡਾ ਹੈ। | ਜਿੱਡਾ ਉਹ (ਪ੍ਰਭੂ) ਆਪ ਹੈ, ਕੇਵਲ ਉਹ ਆਪ ਹੀ ਜਾਣਦਾ ਹੈ। |
| ਨਾਨਕ, ਨਦਰੀ ਕਰਮੀ ਦਾਤਿ ॥੨੪॥ | | ਨਦਰੀ = ਨਦਰਿ ਕਰਨ ਵਾਲਾ ਅਕਾਲ ਪੁਰਖ, ਮਿਹਰ ਕਰਨਵਾਲਾ; ਕਰਮੀ = ਕਰਮ ਨਾਲ, ਫਜ਼ਲ ਨਾਲ, ਕਿਰਪਾ ਨਾਲ। ਫਾਰਸੀ ਵਿਚ "ਕਰਮ" ਦਾ ਮਤਲਬ ਹੁੰਦਾ ਹੈ ਮਿਹਰ, ਇਹਸਾਨ ਆਦਿ ਅਤੇ "ਕਰਮੀ" ਦਾ ਅਰਥ ਕਰਮ ਨਾਲ ਜਾਂ ਫਜ਼ਲ ਨਾਲ; ਦਾਤਿ = ਗੁਰਮਤਿ ਨਾਮ ਰੂਪੀ ਇਲਾਹੀ ਦਾਤਿ। | ਗੁਰੂ ਸਾਹਿਬ "ਨਾਨਕ" ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ ਨਦਰੀ ਵਾਹਿਗੁਰੂ ਦੇ ਕਰਮ ਨਾਲ ਭਾਵ ਫਜ਼ਲ ਨਾਲ ਗੁਰਮਤਿ ਨਾਮ ਰੂਪੀ) ਦਾਤਿ ਮਿਲਦੀ ਹੈ।<br><br>ਨਦਰੀ ਸ਼ਬਦ ਇਥੇ ਅਕਾਲ ਪੁਰਖ ਦਾ ਵਾਚਕ ਸ਼ਬਦ ਹੈ ਤੇ ਇਸਦਾ ਉਚਾਰਨ ਨਾਸਕੀ ਨਹੀਂ ਹੈ। |

ਪ੍ਰਾਤਕਥਨ: ਇਸ ਪਉੜੀ ਵਿਚ ਹਜ਼ੂਰ ਨੇ ਅਕਾਲ ਪੁਰਖ ਦੇ ਕਰਮ ਭਾਵ ਫਜ਼ਲ ਬਾਰੇ ਦਸਿਆ ਹੈ। "ਕਰਮ" ਫਾਰਸੀ ਦਾ ਸ਼ਬਦ ਹੈ ਜਿਸਦਾ ਅਰਥ ਹੈ ਫਜ਼ਲ, ਇਹਸਾਨ, ਕਿਰਪਾ, ਮਿਹਰ ਆਦਿ। ਗੁਰੂ ਜੀ ਨੇ ਅਕਾਲ ਪੁਰਖ ਦੇ ਕਰਮ ਦੀ ਬੇਅੰਤਤਾ ਦੱਸ ਕੇ ਮੰਗਣ ਵਾਲਿਆਂ ਬਾਰੇ ਚਾਨਣ ਪਾਇਆ ਹੈ ਖਾਸ ਕਰਕੇ ਉਹਨਾਂ ਬਾਰੇ ਜੋ ਦਾਤਾਂ ਲੈ ਕੇ, ਅਕ੍ਰਿਤਘਣ ਬਣ ਜਾਂਦੇ ਹਨ। ਉਹਨਾਂ ਦਾ ਹਾਲ ਬੁਰਾ ਹੁੰਦਾ ਹੈ ਅਤੇ ਉਹਨਾਂ ਨੂੰ ਦੁਖ ਭੁਖ ਦੇ ਰੂਪ ਵਿਚ ਅਕ੍ਰਿਤਘਣਤਾ ਦਾ ਫਲ ਭੋਗਣਾ ਪੈਂਦਾ ਹੈ ਪਰ ਗੁਰੂ ਜੀ ਇਸ ਦੁਖ ਭੁਖ ਵਾਲੀ ਮਾਰ ਨੂੰ ਸਜ਼ਾ ਨਹੀਂ ਸਗੋਂ ਦਾਤਾਰ ਪ੍ਰਭੂ ਦੀ ਦਾਤਿ ਹੀ ਦੱਸਦੇ ਹਨ ਕਿਉਂਕਿ ਦੁਖ ਪੈਣ ਤੇ ਜੀਵ ਨੂੰ ਇਹਸਾਸ ਹੁੰਦਾ ਹੈ ਕਿ ਦਾਤਾਰ ਨੂੰ ਭੁੱਲ ਕੇ ਕੇਵਲ ਦਾਤਾਂ ਭੋਗਣ ਨਾਲ ਦੁਖ ਰੋਗ ਵਿਆਪਦੇ ਹਨ ਜਿਸ ਸਦਕਾ ਜੀਵ ਪ੍ਰਭੂ ਦੀ ਭਗਤੀ ਵਲ ਲਗਦਾ ਹੈ। ਅਗੇ ਹਜ਼ੂਰ ਦਸਦੇ ਹਨ ਕਿ ਇਨ੍ਹਾਂ ਦੁਖਾਂ ਤੋਂ ਬੰਦਿ ਖਲਾਸੀ ਅਕਾਲ ਪੁਰਖ ਦੀ ਮਰਜ਼ੀ ਨਾਲ ਹੁੰਦੀ ਹੈ ਅਤੇ ਇਸ ਬਾਰੇ ਹੋਰ ਕੋਈ ਕੁਝ ਨਹੀਂ ਕਹਿ ਸਕਦਾ। ਜਿਸਨੂੰ ਅਕਾਲ ਪੁਰਖ ਸਿਫਤਿ ਸਾਲਾਹ ਦੀ ਦਾਤਿ ਬਖਸ਼ ਦਿੰਦਾ ਹੈ, ਉਹ ਪਾਤਿਸ਼ਾਹਾਂ ਦਾ ਪਾਤਿਸ਼ਾਹ ਬਣ ਜਾਂਦਾ ਹੈ।

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਪਦ ਅਰਥ** | **ਸਰਲ ਅਰਥ ਵਿਚਾਰ** |
| ਬਹੁਤਾ ਕਰਮੁ; ਲਿਖਿਆ ਨਾ ਜਾਇ ॥ | | ਬਹੁਤਾ ਕਰਮੁ = ਪ੍ਰਭੂ ਦਾ ਕਰਮ ਭਾਵ ਫਜ਼ਲ ਬਹੁਤਾ ਹੈ ਭਾਵ ਬਹੁਤ ਜ਼ਿਆਦਾ ਹੈ; ਲਿਖਿਆ ਨਾ ਜਾਇ = ਲਿਖਿਆ ਨਹੀਂ ਜਾ ਸਕਦਾ, ਬਿਆਨ ਨਹੀਂ ਕੀਤਾ ਜਾ ਸਕਦਾ। | (ਅਕਾਲ ਪੁਰਖ ਦਾ) ਕਰਮ ਭਾਵ ਫਜ਼ਲ ਬਹੁਤ ਜ਼ਿਆਦਾ ਹੈ; ਉਹ ਲਿਖਿਆ ਨਹੀਂ ਜਾ ਸਕਦਾ ਭਾਵ ਬਿਆਨ ਨਹੀਂ ਹੋ ਸਕਦਾ। |
| ਵਡਾ ਦਾਤਾ; ਤਿਲੁ ਨ ਤਮਾਇ ॥ | | ਵਡਾ ਦਾਤਾ = ਪ੍ਰਭੂ ਵਡਾ ਦਾਤਾ ਹੈ; ਤਿਲੁ ਨ ਤਮਾਇ = ਉਸਨੂੰ ਤਿਲ ਤਮਾ (ਭੁਖ) ਨਹੀਂ ਹੈ। | (ਅਕਾਲ ਪੁਰਖ) ਵਡਾ ਦਾਤਾ ਹੈ (ਅਤੇ ਉਤੋਂ ਉਸਨੂੰ) ਤਿਲ ਵੀ ਤਮਾ ਨਹੀਂ ਹੈ।<br><br>''ਤਿਲੁ ਨ ਤਮਾਇ'' ਵਾਲੀ ਅਧ ਪੰਕਤੀ ਬਹੁਤ ਮਹੱਤਵਪੂਰਨ ਹੈ ਕਿਉਂਕਿ ਇਸ ਤੋਂ ਪਤਾ ਲਗਦਾ ਹੈ ਕਿ ਪ੍ਰਭੂ ਅਸਲ ਵਿਚ ਵਡਾ ਦਾਤਾ ਹੈ ਕਿਉਂਕਿ ਉਹ ਦਾਤਿ ਦੇਣ ਦੇ ਇਵਜ਼ ਵਜੋਂ ਉਹ ਜੀਵ ਪਾਸੋਂ ਕੁਝ ਵੀ ਵਾਪਸ ਨਹੀਂ ਚਾਹੁੰਦਾ। ਜੇ ਰਬ ਨੂੰ ਤਿਲ ਵੀ ਤਮਾਇ ਹੋਵੇ ਤਾਂ ਫੇਰ ਉਹ ਦਾਤਾਰ ਨਹੀਂ ਕਹਾ ਸਕਦਾ ਕਿਉਂਕਿ ਦਾਤਾਰ ਉਹ ਹੁੰਦਾ ਹੈ ਜੋ ਦਾਤਿ ਦੇ ਕੇ ਬਦਲੇ ਵਿਚ ਵਾਪਸ ਕੁਝ ਨਾ ਚਾਹੇ। ਜੀਵ ਜੋ ਉਸਦੀ ਉਸਤਤਿ ਕਰਦਾ ਹੈ, ਉਹ ਜੀਵ ਦੇ ਆਪਣੇ ਭਲੇ ਵਾਸਤੇ ਹੈ ਅਤੇ ਇਸ ਉਸਤਤਿ ਵਾਲੇ ਕਰਮ ਨਾਲ ਪ੍ਰਭੂ ਨੂੰ ਕੋਈ ਫਾਇਦਾ ਨਹੀਂ ਹੈ। |
| ਕੇਤੇ ਮੰਗਹਿ ਜੋਧ ਅਪਾਰ ॥ | ਮੰਗਹਿਂ | ਕੇਤੇ = ਕਈ, ਅਨੇਕ; ਮੰਗਹਿ = ਮੰਗਦੇ ਹਨ; ਜੋਧ ਅਪਾਰ = ਬਹੁਤ ਵਡੇ ਜੋਧੇ। | ਅਨੇਕ ਬਹੁਤ ਵਡੇ ਜੋਧੇ (ਪ੍ਰਭੂ ਪਾਸੋਂ ਦਾਤਾਂ) ਮੰਗਦੇ ਹਨ। |
| ਕੇਤਿਆ, ਗਣਤ ਨਹੀ ਵੀਚਾਰੁ ॥ | ਕੇਤਿਆਂ | ਕੇਤਿਆ = ਹੋਰ ਕੇਤਿਆਂ (ਕਈਆਂ, ਅਨੇਕਾਂ) ਮੰਗਤਿਆਂ ਦੀ; ਗਣਤ ਨਹੀ ਵੀਚਾਰੁ = ਗਿਣਤੀ ਦਾ ਵਿਚਾਰ ਨਹੀਂ। | (ਹੋਰ) ਕੇਤਿਆਂ (ਮੰਗਤਿਆਂ) ਦੀ ਗਿਣਤੀ ਦਾ ਵਿਚਾਰ ਨਹੀਂ ਹੋ ਸਕਦਾ। |
| ਪਿਛਲੀਆਂ ਦੋ ਪੰਕਤੀਆਂ ਵਿਚ ਦਾਤਾਂ ਮੰਗਣ ਵਾਲਿਆਂ ਦਾ ਜ਼ਿਕਰ ਕਰਕੇ, ਹਜ਼ੂਰ ਹੁਣ ਅਗਲੀਆਂ ਤਿਨ ਪੰਕਤੀਆਂ ਵਿਚ ਉਹਨਾਂ ਅਕ੍ਰਿਤਘਣਾਂ ਦਾ ਜ਼ਿਕਰ ਕਰਦੇ ਹਨ ਜੋ ਪ੍ਰਭੂ ਪਾਸੋਂ ਦਾਤਾਂ ਲੈ ਕੇ ਬਿਕਾਰਾਂ ਵਿਚ ਫਸੇ ਜਾਂਦੇ ਹਨ ਜਾਂ ਦਾਤਾਂ ਲੈ ਕੇ ਮੁੱਕਰ ਜਾਂਦੇ ਹਨ ਭਾਵ ਇਸ ਤਸਲੀਮ ਨਹੀਂ ਕਰਦੇ ਕਿ ਇਹ ਦਾਤਾਂ ਦਾਤਾਰ ਪ੍ਰਭੂ ਨੇ ਦਿਤੀਆਂ ਹਨ ਜਾਂ ਪਰਮਾਰਥ ਵਲੋਂ ਅਗਿਆਨੀ ਮੂਰਖ ਬਣੇ ਹੋਏ ਬਸ ਦਾਤਾਂ ਦੀ ਖਾਹੀ ਖਾਈ ਜਾਂਦੇ ਹਨ ਪਰ ਉਸਦਾ ਨਾਮ ਜੱਪ ਕੇ ਉਸਦਾ ਸ਼ੁਕਰ ਨਹੀਂ ਕਰਦੇ। | | | |
| ਕੇਤੇ, ਖਪਿ ਤੁਟਹਿ ਵੇਕਾਰ ॥ | ਤੁਟਹਿਂ | ਕੇਤੇ = ਕਈ, ਅਨੇਕ; ਖਪਿ = ਖਪ ਕੇ; ਤੁਟਹਿ = ਟੁੱਟ ਜਾਂਦੇ ਹਨ; ਵੇਕਾਰ = ਬਿਕਾਰਾਂ ਕਰਕੇ, ਬਿਕਾਰਾਂ ਵਿਚ। | ਕਈ ਹਨ ਜੋ (ਦਾਤਾਂ ਲੈ ਕੇ ਦਾਤਾਰ ਨੂੰ ਭੁੱਲ ਕੇ) ਬਿਕਾਰਾਂ ਵਿਚ ਖਪ ਕੇ, ਟੁੱਟ ਜਾਂਦੇ ਹਨ ਭਾਵ ਤਬਾਹ ਹੋ ਜਾਂਦੇ ਹਨ। |
| ਕੇਤੇ, ਲੈ ਲੈ ਮੁਕਰੁ ਪਾਹਿ ॥ | ਪਾਹਿਂ | ਕੇਤੇ = ਕਈ, ਅਨੇਕ; ਲੈ ਲੈ = ਲੈ ਲੈ ਕੇ; ਮੁਕਰੁ ਪਾਹਿ = ਮੁੱਕਰ ਪੈਂਦੇ ਹਨ ਭਾਵ ਮੁੱਕਰ ਜਾਂਦੇ ਹਨ। | ਕਈ ਹਨ ਜੋ (ਦਾਤਾਂ) ਲੈ ਲੈ ਕੇ ਮੁੱਕਰ ਜਾਂਦੇ ਹਨ (ਅਤੇ ਇਸ ਤਰ੍ਹਾਂ ਅਕ੍ਰਿਤਘਣ ਬਣਦੇ ਹਨ)। |
| ਕੇਤੇ ਮੂਰਖ, ਖਾਹੀ ਖਾਹਿ ॥ | ਖਾਹਿਂ | ਕੇਤੇ = ਕਈ, ਅਨੇਕ; ਮੂਰਖ = ਅਗਿਆਨੀ, ਉਹ ਸ਼ਖਸ ਜੋ ਗੁਰਮਤਿ ਪਰਮਾਰਥ ਵਲੋਂ ਕੋਰਾ (ਅਗਿਆਨੀ) ਹੋਵੇ; ਖਾਹੀ = ਖਾਣਜੋਗ ਪਦਾਰਥ, ਭੋਗਣਹਾਰ ਪਦਾਰਥ; ਖਾਹਿ = ਖਾਂਦੇ ਹਨ। | ਕਈ ਮੂਰਖ ਹਨ (ਗੁਰਮਤਿ ਪਰਮਾਰਥ ਵਲੋਂ ਕੋਰੇ) ਜੋ ਖਾਹੀ (ਦਾਤ) ਖਾਂਦੇ ਹਨ (ਪਰ ਉਸਦਾ ਸ਼ੁਕਰ ਨਹੀਂ ਕਰਦੇ, ਜਿਸ ਕਰਕੇ ਉਹ ਮੂਰਖ ਹਨ)। |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਪਦ ਅਰਥ | ਸਰਲ ਅਰਥ ਵਿਚਾਰ |
| ਜੋ ਪ੍ਰਭੂ ਪਾਸੋਂ ਦਾਤਾਂ ਲੈ ਕੇ ਮੁੱਕਰ ਜਾਂਦੇ ਹਨ ਅਤੇ ਅਕ੍ਰਿਤਘਣਤਾ ਦਿਖਾਉਂਦੇ ਹਨ, ਉਹਨਾਂ ਦੇ ਇਸ ਕਰਮ ਕਰਕੇ ਉਹਨਾਂ ਨੂੰ ਦੁਖ, ਭੁਖ ਮਿਲਦੇ ਹਨ ਅਤੇ ਸਦਾ ਮਾਰ ਪੈਂਦੀ ਹੈ ਪਰ ਹਜ਼ੂਰ ਇਸ ਨੂੰ ਸਜ਼ਾ ਨਹੀਂ ਬਲਕਿ ਦਾਤਿ ਹੀ ਦੱਸਦੇ ਹਨ ਕਿਉਂਕਿ ਦੁਖ, ਭੁਖ ਅਤੇ ਮਾਰ ਸਹਿ ਕੇ ਜੀਵ ਪ੍ਰਭੂ ਵਲ ਮੁੜ ਪੈਂਦਾ ਹੈ। ਕਿਵੇਂ ਇਨ੍ਹਾਂ ਅਕ੍ਰਿਤਘਣ ਜੀਵਾਂ ਦੀ ਮੁਕਤੀ ਹੁੰਦੀ ਹੈ ਅਤੇ ਜੇਕਰ ਕੋਈ ਗੁਰਮਤਿ ਤੋਂ ਬਾਹਰੀ ਤਰੀਕੇ ਨਾਲ ਇਹਨਾਂ ਦੀ ਬੰਦਿ ਖਲਾਸੀ ਬਾਰੇ ਵਿਚਾਰ ਦੱਸਦਾ ਹੈ ਤਾਂ ਉਸਦੀ ਕੀ ਹਾਲਤ ਹੁੰਦੀ ਹੈ, ਇਹ ਸਭ ਗਲਾਂ ਅਗਲੀਆਂ ਪੰਜ ਪੰਕਤੀਆਂ ਵਿਚ ਗੁਰੂ ਜੀ ਨੇ ਦਸਿਆ ਹੈ। | | | |
| ਕੇਤਿਆ, ਦੂਖ ਭੂਖ ਸਦ ਮਾਰ ॥ | ਕੇਤਿਆਂ | ਕੇਤਿਆ = ਕਈਆਂ ਨੂੰ; ਸਦ = ਸਦਾ।<br><br>"ਸਦ" ਸਾਂਝਾ ਵਿਸ਼ੇਸ਼ਣ ਹੈ "ਦੂਖ", "ਭੂਖ" ਅਤੇ "ਮਾਰ" ਦਾ। | ਕੇਤਿਆਂ (ਕਈਆਂ) ਨੂੰ ਸਦਾ ਦੁਖ, ਭੁਖ ਤੇ ਮਾਰ ਪੈਂਦੀ ਹੈ। |
| ਏਹਿ ਭਿ, ਦਾਤਿ ਤੇਰੀ, ਦਾਤਾਰ ॥ | | ਏਹਿ ਭਿ = ਇਹ ਦੁਖ, ਭੁਖ ਅਤੇ ਮਾਰ ਵੀ; ਦਾਤਿ ਤੇਰੀ = ਤੇਰੀ ਦਾਤਿ ਹੈ। ਦਾਤਾਰ = ਹੇ ਦਾਤਾਰ ਪ੍ਰਭੂ।<br><br>"ਤੇਰੀ" ਦੇ ਅੱਗੇ ਛੋਟਾ ਬਿਸ਼ਰਾਮ ਚਾਹੀਦੀ ਹੈ ਕਿਉਂਕਿ "ਦਾਤਾਰ" ਸੰਬੋਧਨ ਕਾਰਕ ਦਾ ਨਾਂਵ ਹੈ। | ਇਹ (ਦੁਖ, ਭੁਖ ਅਤੇ ਮਾਰ) ਵੀ, ਤੇਰੀ ਦਾਤਿ ਹੈ, ਹੇ ਦਾਤਾਰ!<br><br>ਦੁਖ, ਭੁਖ ਅਤੇ ਮਾਰ, ਪ੍ਰਭੂ ਦੀ ਦਾਤਿ ਕਿਵੇਂ ਹੈ? ਇਸ ਕਰਕੇ ਇਹ ਦਾਤਿ ਹੈ ਕਿਉਂਕਿ ਦੁਖ ਪੈਣ ਤੇ, ਜੀਵ ਬਿਕਾਰਾਂ ਵਲੋਂ ਅਤੇ ਅਕ੍ਰਿਤਘਣਤਾ ਵਲੋਂ ਹੱਟ ਕੇ, ਪ੍ਰਭੂ ਵੱਲ ਨੂੰ ਰੁਖ ਕਰਦਾ ਹੈ। ਸੁਖ ਵਿਚ ਤਾਂ ਕੋਈ ਵਿਰਲਾ ਹੀ ਪ੍ਰਭੂ ਪ੍ਰਾਪਤੀ ਦੀ ਗਲ ਕਰਦਾ ਹੈ। ਅਕਸਰ ਜੀਵਾਂ ਨੂੰ ਦੁਖ ਵੇਲੇ ਹੀ ਪ੍ਰਭੂ ਦੀ ਭਗਤੀ ਕਰਨ ਦਾ ਇਹਸਾਸ ਹੁੰਦਾ ਹੈ। |
| ਬੰਦਿਖਲਾਸੀ, ਭਾਣੈ ਹੋਇ ॥ | | ਬੰਦਿ ਖਲਾਸੀ = ਬੰਦੀ (ਕੈਦ) ਤੋਂ ਖਲਾਸੀ (ਮੁਕਤੀ); ਭਾਣੈ ਹੋਇ = ਭਾਣੇ ਵਿਚ ਹੁੰਦੀ ਹੈ, ਉਸਦੀ ਰਜ਼ਾ ਵਿਚ ਹੁੰਦੀ ਹੈ। | ਬੰਦੀ (ਕੈਦ) ਤੋਂ ਖਲਾਸੀ (ਛੁਟੀ) ਉਸਦੇ ਭਾਣੇ ਵਿਚ ਹੁੰਦੀ ਹੈ। (ਕਿਸੇ ਦਾ ਕੋਈ ਜ਼ੋਰ ਨਹੀਂ) |
| ਹੋਰੁ, ਆਖਿ ਨ ਸਕੈ, ਕੋਇ ॥ | | ਹੋਰੁ = ਹੋਰ ਵਿਚਾਰ, ਹੋਰ ਤਰੀਕਾ ਬੰਦਿ ਖਲਾਸੀ ਦਾ; ਆਖਿ ਨ ਸਕੈ ਕੋਇ = ਕੋਈ ਕਹਿ ਨਹੀਂ ਸਕਦਾ। | (ਬੰਦਿ ਖਲਾਸੀ ਬਾਰੇ) ਹੋਰ (ਕੋਈ ਤਰੀਕਾ ਜਾਂ ਜੁਗਤੀ) ਕੋਈ ਨਹੀਂ ਦੱਸ ਸਕਦਾ। |
| ਜੇ ਕੋ ਖਾਇਕੁ, ਆਖਣਿ ਪਾਇ ॥ | | ਖਾਇਕੁ = ਫਾਲਤੂ ਬੋਲਣ ਵਾਲਾ, ਗੱਪਾਂ ਮਾਰਨਵਾਲਾ ਮੂਰਖ। ਇਸ ਸ਼ਬਦ ਦੀ ਜੜ੍ਹ ਹੈ "ਅਖਾਇਕ" ਭਾਵ ਫਾਲਤੂ ਆਖਣ ਵਾਲਾ; ਆਖਣਿ ਪਾਇ = ਆਖਣ ਦਾ ਹੀਆ ਕਰੇ। | ਜੇਕਰ (ਕੋਈ) ਖਾਇਕੁ (ਬੰਦਿ ਖਲਾਸੀ ਬਾਰੇ ਕੁਝ) ਬੋਲਣ ਪਾਵੇ ਭਾਵ ਕੁਝ ਬੋਲਣ ਦਾ ਹੀਆ ਕਰੇ (ਤਾਂ); |
| ਓਹੁ ਜਾਣੈ, ਜੇਤੀਆ ਮੁਹਿ ਖਾਇ ॥ | ਜੇਤੀਆਂ | ਜੇਤੀਆਂ = ਜਿਨੀਆਂ; ਮੁਹਿ ਖਾਇ = ਮੂੰਹ ਤੇ (ਜੁਤੀਆਂ) ਖਾਂਦਾ ਹੈ। | ਓਹ ਜਾਣਦਾ ਹੈ ਕਿ ਉਸਦੇ ਮੂੰਹ ਤੇ ਕਿੰਨੀਆਂ (ਜੁੱਤੀਆਂ) ਪੈਂਦੀਆਂ ਹਨ।<br><br>ਇਸ ਪੰਕਤੀ ਤੋਂ ਸਿਧ ਹੈ ਕਿ ਗੁਰਮਤਿ ਤੋਂ ਬਾਹਰੇ ਹੋਰ ਮੱਤਾਂ ਵਾਲੇ ਜੋ ਬੰਦੀ ਤੋਂ ਖਲਾਸੀ ਦੀਆਂ ਜੁਗਤੀਆਂ ਦੱਸਦੇ ਹਨ ਉਹ ਅਵਸ਼ ਹੀ ਮੂੰਹ ਤੇ ਜੁਤੀਆਂ ਖਾਣ ਦੇ ਹੱਕਦਾਰ ਬਣਦੇ ਹਨ। ਗੁਰਮਤਿ ਧਰਮ, ਅਕਾਲ ਪੁਰਖ ਦੇ ਆਪਣੇ ਨਿਜ ਸਤਿਗੁਰ ਰੂਪ ਨੇ ਆਰੰਭ ਕੀਤਾ ਹੈ ਜਿਸ ਕਰਕੇ ਇਹ ਉਸਦੇ ਭਾਣੇ (ਮਰਜ਼ੀ) ਦਾ ਮੱਤ ਹੈ। ਹੋਰ ਕੋਈ ਵੀ ਮੱਤ ਉਸਦੀ ਰਜ਼ਾ ਵਾਲਾ ਨਹੀਂ ਹੈ। |
| ਆਪੇ ਜਾਣੈ; ਆਪੇ ਦੇਇ ॥ | | ਆਪ ਜਾਣੈ = ਆਪੇ ਜਾਣਦਾ ਹੈ; ਆਪੇ ਦੇਇ = ਆਪੇ ਦਿੰਦਾ ਹੈ। | ਉਹ ਆਪ ਹੀ (ਜੀਵਾਂ ਬਾਰੇ ਸਭ ਕੁਝ) ਜਾਣਦਾ ਹੈ ਅਤੇ ਆਪ ਹੀ (ਆਪਣੀ ਜਾਨਣੀ ਅਨੁਸਾਰ) ਦਿੰਦਾ ਹੈ। |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਪਦ ਅਰਥ | ਸਰਲ ਅਰਥ ਵਿਚਾਰ |
| ਆਖਹਿ ਸਿ, ਭਿ ਕੇਈ ਕੇਇ ॥ | ਆਖਹਿਂ | ਆਖਹਿ ਸਿ = ਆਖਦੇ ਹਨ ਇਹ (ਉਪਰਲੀ ਗਲ); ਕੇਈ ਕੇਇ = ਕਈਆਂ ਵਿਚੋਂ ਕਈ ਭਾਵ ਵਿਰਲੇ; ਭਿ ਕੇਈ ਕਇ = ਵਿਰਲੇ ਵੀ। | ਕੁਝ ਵਿਰਲੇ (ਕੇਈ ਕੇਇ) ਵੀ ਹਨ ਜੋ ਇਹ ਆਖਦੇ ਹਨ (ਕਿ ਪਰਮੇਸ਼ਰ ਆਪੇ ਜਾਣਦਾ ਹੈ (ਜੀਵਾਂ ਬਾਰੇ ਸਭ ਕੁਝ) ਅਤੇ ਆਪੇ ਹੀ (ਆਪਣੀ ਜਾਨਣੀ ਅਨੁਸਾਰ) ਦਿੰਦਾ ਹੈ)।<br><br>ਪਿਛਲੀਆਂ ਪੰਕਤੀਆਂ ਵਿਚ ਅਕ੍ਰਿਤਘਣਾਂ ਦਾ ਜ਼ਿਕਰ ਸੀ ਕਿ ਉਹ ਦਾਤਾਰ ਨੂੰ ਭੁਲਾ ਕੇ ਦਾਤਾਂ ਹੀ ਭੋਗਦੇ ਹਨ ਪਰ ਇਨ੍ਹਾਂ ਦੋ ਪੰਕਤੀਆਂ ਵਿਚ ਗੁਰਮੁਖਾਂ ਦਾ ਜ਼ਿਕਰ ਹੈ ਜੋ ਕਹਿੰਦੇ ਹਨ ਕਿ ਅਕਾਲ ਪੁਰਖ ਆਪ ਹੀ ਸਭ ਜਾਣਦਾ ਹੈ ਅਤੇ ਆਪ ਹੀ ਦਿੰਦਾ ਹੈ। |
| ਜਿਸ ਨੋ ਬਖਸੇ ਸਿਫਤਿ ਸਾਲਾਹ ॥ | ਬਖ਼ਸ਼ੇ | ਬਖਸ਼ੇ = ਕਿਰਪਾ ਕਰੇ; ਸਿਫਤਿ ਸਾਲਾਹ = ਸਿਫਤਿ ਸਾਲਾਹ ਕਰਨ ਦੀ ਦਾਤਿ, ਗੁਰਮਤਿ ਪ੍ਰੇਮਾ ਭਗਤੀ ਦੀ ਦਾਤਿ। | ਜਿਸਨੋ (ਅਕਾਲ ਪੁਰਖ) ਸਿਫਤਿ ਸਾਲਾਹ (ਕਰਨ ਦੀ) ਦਾਤਿ ਬਖਸ਼ ਦਿੰਦਾ ਹੈ; |
| ਨਾਨਕ, ਪਾਤਿਸਾਹੀ ਪਾਤਿਸਾਹੁ ॥੨੫॥ | ਪਾਤਿਸ਼ਾਹੀਂ ਪਾਤਿਸ਼ਾਹੁ | ਪਾਤਸਾਹੀ ਪਾਤਿਸਾਹੁ = ਪਾਤਸ਼ਾਹਾਂ ਦਾ ਪਾਤਸ਼ਾਹ | ਗੁਰੂ ਜੀ "ਨਾਨਕ" ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ ਉਹ ਪਾਤਿਸ਼ਾਹਾਂ ਦਾ ਪਾਤਿਸ਼ਾਹ ਹੈ (ਹੋਰ ਪਾਤਿਸ਼ਾਹ ਕੂੜਾਵੇ ਹਨ)। |
| ਪ੍ਰਾਤਕਥਨ: ਇਸ ਪਉੜੀ ਵਿਚ ਪਹਿਲਾਂ ਹਜ਼ੂਰ ਨੇ ਅਕਾਲ ਪੁਰਖ ਨਾਲ ਸੰਬੰਧਤ ਵਸਤਾਂ ਦੀ ਅਮੁਲਤਾ ਬਾਰੇ ਗਲ ਕੀਤੀ ਹੈ ਅਤੇ ਫੇਰ ਇਹ ਦਸਿਆ ਹੈ ਕਿ ਭਾਂਵੇਂ ਅਕਾਲ ਪੁਰਖ ਨੂੰ ਕਈ ਜੀਵ ਆਪੋ ਆਪਣੇ ਤਰੀਕੇ ਨਾਲ ਆਖਦੇ ਹਨ ਭਾਵ ਸਲਾਹੁੰਦੇ ਹਨ ਪਰ ਉਨ੍ਹਾਂ ਦਾ ਸਾਲਾਹਣਾ ਅਧੂਰਾ ਹੈ ਕਿਉਂਕਿ ਉਹ ਗੁਰਮਤਿ ਅਨੁਸਾਰ ਅਕਾਲ ਪੁਰਖ ਦੀ ਪੂਰਨ ਸਿਫਤਿ ਸਾਲਾਹ ਨਹੀਂ ਕਰਦੇ। | | | |
| ਅਮੁਲ ਗੁਣ; ਅਮੁਲ ਵਾਪਾਰ ॥ | | ਅਮੁਲ = ਮੁੱਲ ਤੋਂ ਰਹਿਤ, ਕੀਮਤ ਬਾਹਰੇ; ਗੁਣ = ਅਕਾਲ ਪੁਰਖ ਦੇ ਗੁਣ ਜੋ ਕਿ ਗੁਰਬਾਣੀ ਵਿਚ ਦਰਜ ਹਨ; ਵਾਪਾਰ = ਗੁਣਾਂ ਨੂੰ ਵਿਹਾਝਣਾ ਭਾਵ ਗੁਰਬਾਣੀ ਦਾ ਮਨ ਕਰਕੇ ਪਾਠ ਕਰਨਾ, ਗਾਇਣ ਕਰਨਾ, ਲਿਖਣ ਕਰਨਾ, ਵਿਚਾਰ ਕਰਨਾ ਆਦਿ ਸਭ ਗੁਣਾਂ ਦੇ ਵਾਪਾਰ ਹਨ। | ਕੀਮਤ ਤੋਂ ਬਾਹਰੇ ਹਨ (ਅਕਾਲ ਪੁਰਖ ਦੇ) ਗੁਣ ਅਤੇ ਕੀਮਤ ਤੋਂ ਬਾਹਰੇ ਹਨ (ਇਹਨਾਂ ਗੁਣਾਂ ਦੇ) ਵਾਪਾਰ।<br><br>ਵਾਹਿਗੁਰੂ ਦੇ ਗੁਣ ਅਮੁਲ ਹਨ ਤੇ ਇਹਨਾਂ ਗੁਣਾ ਦੇ ਵਾਪਾਰ ਵੀ ਅਮੁਲ ਹਨ। ਗੁਣਾਂ ਤੋਂ ਭਾਵ ਹੈ ਗੁਰਬਾਣੀ ਵਿਚ ਦਰਜ ਵਾਹਿਗੁਰੂ ਦੇ ਗੁਣ ਅਤੇ ਵਾਪਾਰ ਤੋਂ ਭਾਵ ਹੈ ਇਹਨਾਂ ਗੁਰਬਾਣੀ ਰੂਪੀ ਗੁਣਾਂ ਨੂੰ ਪਾਠ, ਕੀਰਤਨ ਰਾਹੀਂ ਮਨ ਵਿਚ ਵਸਾਉਣਾ ਤੇ ਇਹਨਾਂ ਗੁਣਾਂ ਰਾਹੀਂ ਵਾਹਿਗੁਰੂ ਦੀ ਸਿਫਤਿ ਸਾਲਾਹ ਕਰਨੀ। |
| ਅਮੁਲ ਵਾਪਾਰੀਏ, ਅਮੁਲ ਭੰਡਾਰ ॥ | | ਅਮੁਲ = ਮੁੱਲ ਤੋਂ ਰਹਿਤ, ਕੀਮਤ ਬਾਹਰੇ; ਵਾਪਾਰੀਏ = ਉਹ ਗੁਰਮਖਿ ਜਨ ਜੋ ਗੁਣਾਂ ਦੇ ਵਾਪਾਰ ਕਰਦੇ ਹਨ (ਗੁਰਬਾਣੀ ਦਾ ਪਾਠ, ਕੀਰਤਨ ਆਦਿ ਕਰਕੇ); ਭੰਡਾਰ = ਗੁਣਾਂ ਨੂੰ ਵਿਹਾਝਣ ਰੂਪੀ ਗੁਰਮਤਿ ਭਗਤੀ ਦੇ ਭੰਡਾਰ। | (ਗੁਣਾਂ ਦੇ ਵਾਪਾਰ ਕਰਨ ਵਾਲੇ ਗੁਰਮੁਖਿ ਜਨ) ਵਾਪਾਰੀਏ ਵੀ ਅਮੁਲ ਹਨ ਅਤੇ ਇਹ ਭਗਤੀ ਰੂਪੀ ਭੰਡਾਰੇ ਵੀ ਅਮੁਲ ਹਨ। |
| ਅਮੁਲ ਆਵਹਿ; ਅਮੁਲ ਲੈ ਜਾਹਿ ॥ | ਆਵਹਿਂ, ਜਾਹਿਂ | ਅਮੁਲ = ਮੁੱਲ ਤੋਂ ਰਹਿਤ, ਕੀਮਤ ਬਾਹਰੇ; ਆਵਹਿ = ਆਉਂਦੇ ਹਨ (ਉਹ ਜੋ ਜੀਵ ਇਸ ਦੁਨੀਆ ਵਿਚ ਗੋਬਿੰਦ ਗੁਣ ਵਿਹਾਝਣ ਦਾ ਕਰਮ ਲਿਖਾ ਕੇ ਆਉਂਦੇ ਹਨ); ਲੈ ਜਾਹਿ = ਲੈ ਜਾਂਦੇ ਹਨ (ਉਹ ਜੀਵ ਜੋ ਸਫਲਤਾ ਸਹਿਤ ਗੋਬਿੰਦ ਗੁਣਾਂ ਦਾ ਵਾਪਾਰ ਕਰਕੇ ਇਹ ਇਲਾਹੀ ਲਾਹਾ ਦਰਗਾਹ ਲੈ ਜਾਂਦੇ ਹਨ)। | (ਗੋਬਿੰਦ ਗੁਣਾਂ ਦਾ ਵਾਪਾਰ ਕਰਨ ਦਾ ਕਰਮ ਲਿਖਾ ਕੇ ਜੋ ਜੀਵ) ਆਉਂਦੇ ਹਨ, ਉਹ ਅਮੁਲ ਹਨ ਅਤੇ (ਜੋ ਸੰਸਾਰ ਵਿਚੋਂ ਸੱਚੇ ਗੁਣਾਂ ਦਾ ਵਾਪਾਰ ਕਰਕੇ ਲਾਹਾ) ਲੈ ਜਾਂਦੇ ਹਨ, ਉਹ ਵੀ ਅਮੁਲ ਹਨ।<br><br>ਇਥੇ ਸੰਸਾਰ ਵਿਚ ਆਣਕੇ ਨਾਮ ਦਾ ਵਾਪਾਰ ਕਰਦੇ ਹਨ ਤੇ ਨਾਮ ਦਾ ਲਾਹਾ ਲੈ ਜਾਂਦੇ ਹਨ, ਉਹ (ਗੁਰਮੁਖਿ ਜਨ) ਅਮੁਲ ਹਨ। |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਪਦ ਅਰਥ | ਸਰਲ ਅਰਥ ਵਿਚਾਰ |
| ਅਮੁਲ ਭਾਇ; ਅਮੁਲਾ ਸਮਾਹਿ ॥ | ਸਮਾਹਿਂ | ਅਮੁਲ = ਮੁੱਲ ਤੋਂ ਰਹਿਤ, ਕੀਮਤ ਬਾਹਰੇ; ਭਾਇ = ਗੁਰਮਤਿ ਭਗਤੀ ਨਾਲ ਵਾਬਸਤਾ (ਸੰਬੰਧਤ) ਪ੍ਰੇਮ, "ਭਾਇ" ਬਹੁਵਚਨ ਹੈ "ਭਾਉ" ਸ਼ਬਦ ਦਾ; ਸਮਾਹਿ = ਜੋ ਸਮਾਉਂਦੇ ਹਨ। | (ਗੁਰਮਤਿ ਭਗਤੀ ਨਾਲ ਸੰਬੰਧਤ) ਪ੍ਰੇਮ ਅਮੁਲ ਹਨ ਅਤੇ (ਜੋ ਗੁਰਮਤਿ ਪ੍ਰੇਮ ਕਰਕੇ ਗੁਣੀ ਅਕਾਲ ਪੁਰਖ ਵਿਚ) ਸਮਾ ਜਾਂਦੇ ਹਨ, ਉਹ ਵੀ ਅਮੁਲ ਹਨ।<br><br>"ਭਾਇ" ਇਥੇ ਬਹੁਵਚਨ ਹੈ ਅਤੇ ਇਸਦਾ ਅਰਥ ਹੈ ਗੁਰਮਤਿ ਭਗਤੀ ਨਾਲ ਸੰਬੰਧਤ ਪ੍ਰੇਮ ਜਿਵੇਂ ਕਿ ਗੁਰੂ ਸਾਹਿਬ ਨਾਲ ਪ੍ਰੇਮ, ਗੁਰਸਿਖਾਂ ਨਾਲ ਪ੍ਰੇਮ, ਨਾਮ ਬਾਣੀ ਨਾਲ ਪ੍ਰੇਮ, ਸੰਗਤ ਨਾਲ ਪ੍ਰੇਮ ਆਦਿ। |
| ਅਮੁਲੁ ਧਰਮੁ; ਅਮੁਲੁ ਦੀਬਾਣੁ ॥ | | ਅਮੁਲ = ਮੁੱਲ ਤੋਂ ਰਹਿਤ, ਕੀਮਤ ਬਾਹਰੇ; ਧਰਮੁ = ਧਰਮਰਾਇ; ਦੀਬਾਣੁ = ਧਰਮਰਾਇ ਦਾ ਦੀਬਾਣ ਜਿਥੇ ਅਕਾਲ ਪੁਰਖ ਧਰਮਰਾਇ ਦੇ ਵਿਚਦੀਂ ਇਨਸਾਫ ਕਰਦਾ ਹੈ। | ਅਮੁਲ ਹੈ ਧਰਮਰਾਇ (ਜਿਸ ਵਿਚ ਵਰਤਕੇ ਅਕਾਲ ਪੁਰਖ ਇਨਸਾਫ ਕਰਦਾ ਹੈ) ਅਤੇ ਅਮੁਲ ਹੈ ਧਰਮਰਾਇ ਦਾ ਦੀਬਾਣੁ ਜਾਂ ਦਰਬਾਰ (ਜਿਥੇ ਬੈਠਕੇ ਧਰਮਰਾਇ ਸੱਚਾ ਇਨਸਾਫ ਕਰਦਾ ਹੈ)।<br><br>ਧਰਮਰਾਏ ਦੇ ਦਰਬਾਰ ਦੇ ਸਚੇ ਹੋਣ ਬਾਰੇ ਧਰਮਖੰਡ ਵਾਲੀ ਪਉੜੀ ਵਿਚ ਬਹੁਤ ਢੁਕਵਾਂ ਫੁਰਮਾਨ ਹੈ: ਸਚਾ ਆਪਿ ਸਚਾ ਦਰਬਾਰੁ ॥ |
| ਅਮੁਲੁ ਤੁਲੁ; ਅਮੁਲੁ ਪਰਵਾਣੁ ॥ | | ਅਮੁਲੁ = ਮੁੱਲ ਤੋਂ ਰਹਿਤ, ਕੀਮਤ ਬਾਹਰੇ; ਤੁਲੁ = ਧਰਮ ਤੱਕੜੀ ਜਾਂ ਤਰਾਜ਼ੂ ਜਿਸ ਨਾਲ ਗੁਰਮੁਖਾਂ ਦੀ ਪਰਖ ਹੁੰਦੀ ਹੈ; ਪਰਵਾਣੁ = ਧਰਮ ਪਰਮਾਣ ਜਾਂ ਵੱਟਾ ਜਿਸਨੂੰ ਧਰਮ-ਤਕੜੀ ਤੇ ਰਖਕੇ ਗੁਰਮੁਖਾਂ ਨੂੰ ਤੋਲਿਆ ਜਾਂਦਾ ਹੈ। ਜੋ ਇਸ ਤਕੜੀ ਵਿਚੋਂ ਪਾਸ ਹੋ ਜਾਵੇ ਉਸਦਾ ਛੁਟਕਾਰਾ ਹੋ ਜਾਂਦਾ ਹੈ। | ਅਮੁਲ ਹੈ ਉਹ ਧਰਮ-ਤਰਾਜ਼ੂ (ਜਿਸ ਵਿਚ ਗੁਰਮੁਖਾਂ ਦੀ ਕਰਣੀ ਤੋਲੀ ਜਾਂਦੀ ਹੈ) ਅਤੇ ਅਮੁਲ ਹੈ ਵੱਟਾ ਜਾਂ ਪਰਮਾਣ (ਜਿਸ ਦੇ ਮੁਕਾਬਲੇ ਵਿਚ ਗੁਰਮੁਖਾਂ ਦੀ ਭਗਤੀ ਤੋਲੀ ਜਾਂਦੀ ਹੈ)।<br><br>ਗੁਰਮਤਿ ਦੀ ਇਸ ਕਸਉਟੀ ਤੇ ਪਰਖ ਹੋ ਕੇ ਗੁਰਮੁਖਿ ਮੁਕਤ ਹੁੰਦੇ ਹਨ। ਇਥੇ ਜਿਸ "ਤੁਲੁ" ਅਤੇ "ਪਰਵਾਣੁ" ਦੀ ਗਲ ਹੈ ਉਹ ਕੋਈ ਰਹਸਮਈ ਸ਼ੈ ਹੈ ਜੋ ਕਿ ਇਸ ਦੁਨੀਆ ਵਿਚ ਸਮਝਣੀ ਮੁਸ਼ਕਿਲ ਹੈ। |
| ਅਮੁਲੁ ਬਖਸੀਸ; ਅਮੁਲੁ ਨੀਸਾਣੁ ॥ | ਬਖ਼ਸ਼ੀਸ਼, ਨੀਸ਼ਾਣ | ਅਮੁਲੁ = ਮੁੱਲ ਤੋਂ ਰਹਿਤ, ਕੀਮਤ ਬਾਹਰੇ; ਬਖਸੀਸ = ਅਕਾਲ ਪੁਰਖ ਦੀ ਬਖਸ਼ਿਸ਼; ਨੀਸਾਣੁ = ਉਹ ਨੀਸ਼ਾਣ ਜੋ ਗੁਰਮੁਖਾਂ ਦੇ ਮਸਤਕ ਤੇ ਭਗਤੀ ਕਰਨ ਦੇ ਕਾਰਨ ਉਗਵ ਆਉਂਦਾ ਹੈ ਅਤੇ ਜਿਸ ਨੀਸ਼ਾਣ ਤੋਂ ਪ੍ਰਭੂ ਦੀ ਬਖਸ਼ਿਸ਼ ਅਤੇ ਪਰਵਾਨਗੀ ਦਾ ਪਤਾ ਲਗਦਾ ਹੈ। | ਅਕਾਲ ਪੁਰਖ ਦੀ ਬਖਸ਼ਿਸ਼ ਅਮੁਲ ਹੈ ਅਤੇ ਭਗਤੀ ਦਾ ਨਿਸ਼ਾਨ (ਜੋ ਭਗਤਾਂ ਦੇ ਮਸਤਕ ਤੇ ਉਗਵ ਆਉਂਦਾ ਹੈ, ਸੋ ਵੀ) ਅਮੁਲ ਹੈ।<br><br>ਅਕਾਲ ਪੁਰਖ ਦੀ ਬਖਸ਼ਿਸ਼ ਸਦਕਾ ਗੁਰਮੁਖ ਭਗਤੀ ਕਰਦੇ ਹਨ ਅਤੇ ਬਖਸ਼ਿਸ਼ ਸਦਕਾ ਹੀ ਗੁਰਮੁਖਾਂ ਦੇ ਮਸਤਕ ਤੇ ਪਰਵਾਨਗੀ ਦਾ ਨੀਸ਼ਾਣ ਉਗਵ ਆਉਂਦਾ ਹੈ। ਇਹ ਮਨੋਕਲਪਿਤ ਗਲ ਨਹੀਂ ਹੈ ਬਲਕਿ ਸਚ ਹੈ ਕਿ ਗੁਰਮੁਖਾਂ ਦੇ ਮਸਤਕਾਂ ਤੇ ਭਗਤੀ ਦੇ ਨਤੀਜੇ ਵਜੋਂ ਅਕਾਲ ਪੁਰਖ ਦੀ ਪਰਵਾਨਗੀ ਦਾ ਨੀਸ਼ਾਣ ਉਗਵ ਆਉਂਦਾ ਹੈ। ਅਨੇਕਾਂ ਗੁਰਬਾਣੀ ਪੰਕਤੀਆਂ ਨਾਮ ਰਾਹੀਂ ਪਰਗਟ ਹੋਣ ਵਾਲੇ ਨੀਸਾਣ ਵਲ ਇਸ਼ਾਰਾ ਕਰਦੀਆਂ ਹਨ: ਸਾਚੈ ਸਬਦਿ ਦਰਿ ਨੀਸਾਣੈ ॥੬॥ ਪੁਨਾ - ਅਗੈ ਪੁਛ ਨ ਹੋਵਈ ਜੇ ਸਣੁ ਨੀਸਾਣੈ ਜਾਇ ॥੨॥ |
| ਅਮੁਲੁ ਕਰਮੁ; ਅਮੁਲੁ ਫੁਰਮਾਣੁ ॥ | | ਅਮੁਲ = ਮੁੱਲ ਤੋਂ ਰਹਿਤ, ਕੀਮਤ ਬਾਹਰੇ; ਕਰਮੁ = ਫਜ਼ਲ; ਫੁਰਮਾਣੁ = ਹੁਕਮ। | ਅਕਾਲ ਪੁਰਖ ਦਾ ਕਰਮ (ਫਜ਼ਲ) ਅਮੁਲ ਹੈ ਅਤੇ ਅਕਾਲ ਪੁਰਖ ਦਾ ਫੁਰਮਾਣੁ (ਹੁਕਮ) ਵੀ ਅਮੁਲ ਹੈ। |
| ਅਮੁਲੋ ਅਮੁਲੁ; ਆਖਿਆ ਨ ਜਾਇ ॥ | | ਅਮੁਲੋ ਅਮੁਲੁ = ਬਹੁਤ ਅਮੋਲਕ; ਆਖਿਆ ਨ ਜਾਇ = ਬਿਆਨ ਨਹੀਂ ਹੋ ਸਕਦਾ। | (ਗਲ ਕੀ ਅਕਾਲ ਪੁਰਖ) ਅਮੁਲੋ ਅਮੁਲ ਹੈ ਭਾਵ ਬਹੁਤ ਅਮੁਲ ਹੈ ਅਤੇ ਬਿਆਨ ਨਹੀਂ ਕੀਤਾ ਜਾ ਸਕਦਾ। |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਪਦ ਅਰਥ** | **ਸਰਲ ਅਰਥ ਵਿਚਾਰ** |
| ਆਖਿ ਆਖਿ, ਰਹੇ ਲਿਵ ਲਾਇ ॥ | ਰਹੇਂ | ਆਖਿ ਆਖਿ = ਹਰਿਜਸ ਆਖ ਆਖ ਕੇ; ਰਹੇ ਲਿਵ ਲਾਇ = ਲਿਵ ਲਾਇ ਰਹੇਂ ਭਾਵ ਲਿਵ ਲਾਇ ਰਹਿੰਦੇ ਹਨ। | (ਗੁਰਮਤਿ ਅਨੁਸਾਰ ਉਸਦਾ ਜਸ ਆਖਣ ਵਾਲੇ ਉਸ ਨੂੰ) ਆਖ ਆਖ ਕੇ ਲਿਵ ਲਾਏ ਰਹਿੰਦੇ ਹਨ।<br><br>ਇਸ ਪੰਕਤੀ ਤੋਂ ਸਿਧ ਹੈ ਕਿ ਪ੍ਰਭੂ ਨੂੰ ਆਖ ਆਖ ਕੇ ਭਾਵ ਰਸਨਾ ਨਾਲ ਉਸਦਾ ਨਾਮ ਜਪ ਜਪ ਕੇ ਅਤੇ ਗੁਰਬਾਣੀ ਰੂਪੀ ਜਸ ਆਖ ਆਖ ਕੇ ਲਿਵ ਲਗਦੀ ਹੈ। ਇਸ ਕਾਰਨ ਜਿੰਨਾ ਹੋ ਸਕੇ ਮੁਢਲਾ ਨਿਤਨੇਮੀ ਗੁਰਬਾਣੀ ਪਾਠ ਅਤੇ ਅੰਮ੍ਰਿਤ ਵੇਲੇ ਦਾ ਨਾਮ ਅਭਿਆਸ ਬੋਲ ਕੇ ਜਾਂ ਘਟੋ ਘਟ ਬੈਖਰੀ ਬਾਣੀ ਨਾਲ ਕਰਨਾ ਉਤਮ ਗਲ ਹੈ। |
| ਪਿਛਲੀਆਂ ਪੰਕਤੀਆਂ ਵਿਚ ਹਜ਼ੂਰ ਨੇ ਪ੍ਰਭੂ ਦੇ ਅਮੋਲਕ ਗੁਣਾਂ ਅਤੇ ਇਹਨਾਂ ਗੁਣਾਂ ਨੂੰ ਵਿਹਾਝਣ ਵਾਲਿਆਂ ਦੀ ਗੱਲ ਕੀਤੀ ਸੀ ਅਤੇ ਇਹ ਫੁਰਮਾ ਕੇ ਉਹਨਾਂ ਬਾਰੇ ਨਿਬੇੜਾ ਕੀਤਾ ਕਿ ਉਹ ਹਰਿਜਸ ਆਖ ਆਖ ਕੇ ਲਿਵ ਲਾਏ ਰਹਿੰਦੇ ਹਨ। ਅਗਲੀਆਂ ਪੰਕਤੀਆਂ ਵਿਚ ਉਹਨਾਂ ਦਾ ਜ਼ਿਕਰ ਹੈ ਜੋ ਆਪਣੀ ਮਤਿ ਅਨੁਸਾਰ ਪ੍ਰਭੂ ਨੂੰ ਆਖਦੇ ਹਨ। ਇਹ ਆਖਦੇ ਤਾਂ ਹਨ ਪਰ ਚੁਨਾਂਚਿ ਆਪਣੀ ਮਤਿ ਅਨੁਸਾਰ ਆਖਦੇ ਹਨ ਸੋ ਉਹ ਪਰਵਾਨ ਨਹੀਂ ਹੁੰਦੇ ਅਤੇ ਤਿਲ ਮਾਤਰ ਵੀ ਉਸਦੀ ਪ੍ਰਾਪਤੀ ਨਹੀਂ ਕਰਦੇ। | | | |
| ਆਖਹਿ, ਵੇਦ ਪਾਠ ਪੁਰਾਣ ॥ | ਆਖਹਿਂ | ਆਖਹਿ = ਆਖਦੇ ਹਨ; ਵੇਦ ਪਾਠ ਪੁਰਾਣ = ਵੇਦਾਂ ਅਤੇ ਪੁਰਾਣਾਂ ਦਾ ਪਾਠ ਕਰਨ ਵਾਲੇ।<br><br>"ਪਾਠ" ਇਥੇ ਦੇਹੁਲੀ ਦੀਪਕ ਹੈ ਜੋ "ਵੇਦ" ਅਤੇ "ਪੁਰਾਣ" ਦੋਹਾਂ ਨਾਲ ਲਗਦਾ ਹੈ। | ਵੇਦ ਪੁਰਾਣਾਂ ਦੇ ਪਾਠ ਕਰਨ ਵਾਲੇ (ਆਪਣੀ ਮਤਿ ਅਨੁਸਾਰ) ਪ੍ਰਭੂ ਨੂੰ ਆਖਦੇ ਹਨ। |
| ਆਖਹਿ ਪੜੇ, ਕਰਹਿ ਵਖਿਆਣ ॥ | ਆਖਹਿਂ, ਕਰਹਿਂ | ਆਖਹਿ = ਆਖਦੇ ਹਨ; ਪੜੇ = ਧਰਮ ਗ੍ਰੰਥ ਪੜੇ ਹੋਏ ਵਿਦਵਾਨ; ਕਰਹਿ ਵਖਿਆਣ = ਵਖਿਆਣ ਕਰਦੇ ਹਨ, ਪ੍ਰਭੂ ਬਾਰੇ ਵਿਆਖਿਆ ਕਰਦੇ ਹਨ। | ਪੜੇ ਹੋਏ ਵਿਦਵਾਨ, ਪ੍ਰਭੂ ਨੂੰ ਆਖਦੇ ਹਨ ਅਤੇ ਉਸਦਾ ਵਖਿਆਣ ਕਰਦੇ ਹਨ (ਆਪਣੀ ਮਤਿ ਅਨੁਸਾਰ)। |
| ਆਖਹਿ ਬਰਮੇ; ਆਖਹਿ ਇੰਦ ॥ | ਆਖਹਿਂ, ਆਖਹਿਂ | ਆਖਹਿ = ਆਖਦੇ ਹਨ; ਬਰਮੇ = ਅਨੇਕ ਬ੍ਰਹਮੇ; ਇੰਦ = ਅਨੇਕ ਇੰਦਰ ਰਾਜੇ। | ਅਨੇਕ ਬ੍ਰਹਮੇ ਅਤੇ ਇੰਦਰ ਵੀ (ਆਪਣੀ ਮਤਿ ਅਨੁਸਾਰ) ਪ੍ਰਭੂ ਨੂੰ ਆਖਦੇ ਹਨ। |
| ਆਖਹਿ ਗੋਪੀ ਤੈ ਗੋਵਿੰਦ ॥ | ਆਖਹਿਂ | ਆਖਹਿ = ਆਖਦੇ ਹਨ; ਗੋਪੀ = ਬਿੰਦ੍ਰਾਬਨ ਵਿਖੇ ਸ੍ਰੀ ਕ੍ਰਿਸ਼ਨ ਜੀ ਨਾਲ ਰਾਸ ਲੀਲਾ ਕਰਨਵਾਲੀਆਂ ਰਾਧਾ ਆਦਿ ਗੋਪੀਆਂ; ਤੈ = ਅਤੇ; ਗੋਵਿੰਦ = ਸ੍ਰੀ ਕ੍ਰਿਸ਼ਨ ਜੀ। | ਅਨੇਕ ਗੋਪੀਆਂ ਅਤੇ ਕਾਨ੍ਹ ਵੀ (ਆਪਣੀ ਮਤਿ ਅਨੁਸਾਰ ਪ੍ਰਭੂ ਨੂੰ) ਆਖਦੇ ਹਨ। |
| ਆਖਹਿ ਈਸਰ; ਆਖਹਿ ਸਿਧ ॥ | ਆਖਹਿਂ, ਈਸ਼ਰ, ਆਖਹਿਂ | ਆਖਹਿ = ਆਖਦੇ ਹਨ; ਈਸਰ = ਅਨੇਕ ਸ਼ਿਵ; ਸਿਧ = ਅਨੇਕ ਪੁਗੇ ਹੋਏ ਜੋਗੀ। | ਅਨੇਕ ਸ਼ਿਵ ਅਤੇ ਸਿਧ ਵੀ (ਆਪਣੀ ਮਤਿ ਅਨੁਸਾਰ ਪ੍ਰਭੂ ਨੂੰ) ਆਖਦੇ ਹਨ। |
| ਆਖਹਿ, ਕੇਤੇ ਕੀਤੇ ਬੁਧ ॥ | ਆਖਹਿਂ | ਆਖਹਿ = ਆਖਦੇ ਹਨ; ਕੇਤੇ ਕੀਤੇ ਬੁਧ = ਅਨੇਕ ਪੈਦਾ ਕੀਤੇ ਹੋਏ ਬੁਧ। | (ਪ੍ਰਭੂ ਦੇ) ਪੈਦਾ ਕੀਤੇ ਹੋਏ ਅਨੇਕ ਬੁਧ ਵੀ (ਆਪਣੀ ਮਤਿ ਅਨੁਸਾਰ ਪ੍ਰਭੂ ਨੂੰ) ਆਖਦੇ ਹਨ। |
| ਆਖਹਿ ਦਾਨਵ; ਆਖਹਿ ਦੇਵ ॥ | ਆਖਹਿਂ, ਆਖਹਿਂ | ਆਖਹਿ = ਆਖਦੇ ਹਨ; ਦਾਨਵ = ਰਾਕਸ਼; ਦੇਵ = ਦੇਵਤੇ। | ਅਨੇਕ ਰਾਕਸ਼ ਅਤੇ ਦੇਵਤੇ (ਆਪਣੀ ਮਤਿ ਅਨੁਸਾਰ ਪ੍ਰਭੂ ਨੂੰ) ਆਖਦੇ ਹਨ। |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਪਦ ਅਰਥ | ਸਰਲ ਅਰਥ ਵਿਚਾਰ |
| ਆਖਹਿ, ਸੁਰਿਨਰ, ਮੁਨਿਜਨ ਸੇਵ ॥ | ਆਖਹਿਂ | ਆਖਹਿ = ਆਖਦੇ ਹਨ; ਸੁਰਿਨਰ = ਦੇਵਤਿਆਂ ਵਰਗੇ ਇਨਸਾਨ; ਮੁਨਿ ਜਨ = ਰਿਖੀ ਮੁਨੀ ਜਨ; ਸੇਵ = ਸੇਵਾ ਕਰਨਵਾਲੇ।<br><br>ਇਥੇ "ਸੁਰਿਨਰ" ਦਾ ਅਰਥ ਦੇਵਤੇ ਅਤੇ ਮਨੁਖ ਇਸ ਕਰਕੇ ਨਹੀਂ ਕੀਤਾ ਕਿਉਂਕਿ ਇਸ ਤੋਂ ਪਹਿਲੀ ਪੰਕਤੀ ਵਿਚ ਦੇਵਤਿਆਂ ਦਾ ਜ਼ਿਕਰ ਆ ਚੁਕਿਆ ਹੈ। ਸੋ ਇਥੇ ਸੁਰਿਨਰ ਦਾ ਭਾਵ ਦੇਵਤਿਆਂ ਵਰਗੇ ਭਲੇ ਨਰਾਂ ਦਾ ਸਹੀ ਲਗਦਾ ਹੈ। | ਅਨੇਕ ਸੁਰਾਂ (ਦੇਵਤਿਆਂ) ਜੈਸੇ ਨਰ, ਮੁਨੀ ਜਨ ਅਤੇ ਸੇਵਾ ਕਰਨਵਾਲੇ (ਆਪਣੀ ਮਤਿ ਅਨੁਸਾਰ ਪ੍ਰਭੂ ਨੂੰ) ਆਖਦੇ ਹਨ। |
| ਕੇਤੇ ਆਖਹਿ, ਆਖਣਿ ਪਾਹਿ ॥ | ਆਖਹਿਂ, ਪਾਹਿਂ | ਕੇਤੇ ਆਖਹਿ = ਅਨੇਕ ਹੋਰ ਆਖਦੇ ਹਨ; ਆਖਣਿ ਪਾਹਿ = ਆਖਣ ਨੂੰ ਪੈਂਦੇ ਹਨ ਭਾਵ ਆਖਣ ਦਾ ਜਤਨ ਕਰਦੇ ਹਨ।<br><br>"ਕੇਤੇ" ਇਥੇ ਦੇਹੁਲੀ ਦੀਪਕ ਹੈ ਜੋ "ਆਖਹਿ" ਨਾਲ ਅਤੇ "ਆਖਣਿ ਪਾਹਿ" ਦੋਹਾਂ ਨਾਲ ਲਗਦਾ ਹੈ। | ਅਨੇਕ ਹੀ ਆਖਦੇ ਹਨ ਅਤੇ ਹੋਰ ਅਨੇਕ ਆਖਣ ਦਾ ਜਤਨ ਕਰਦੇ ਹਨ। |
| ਕੇਤੇ ਕਹਿ ਕਹਿ, ਉਠਿ ਉਠਿ ਜਾਹਿ ॥ | ਜਾਹਿਂ | ਕੇਤੇ ਕਹਿ ਕਹਿ = ਅਨੇਕ ਕਹਿ ਕਹਿ ਕੇ; ਉਠਿ ਉਠਿ ਜਾਹਿ = ਇਥੋਂ ਉਠ ਉਠ ਕੇ ਜਾ ਰਹੇ ਹਨ ਭਾਵ ਮਰ ਰਹੇ ਹਨ। | ਅਨੇਕ ਕਹਿ ਕਹਿ ਕੇ (ਇਸ ਸੰਸਾਰ 'ਚੋਂ) ਉਠ ਉਠ ਕੇ ਜਾ ਰਹੇ ਹਨ। |
| ਏਤੇ ਕੀਤੇ, ਹੋਰਿ ਕਰੇਹਿ ॥ | ਕਰੇਹਿਂ | ਏਤੇ ਕੀਤੇ = ਐਨੇ ਪੈਦਾ ਕੀਤੇ; ਹੋਰਿ ਕਰੇਹਿ = ਜੇਕਰ ਹੋਰ ਵੀ ਹੋਣ ਅਤੇ ਉਹ ਆਖਣਾ ਕਰਨ। | ਜਿੰਨੇ ਕੀਤੇ ਹਨ (ਜੀਵ) (ਇਹਨਾਂ ਤੋਂ ਇਲਾਵਾ ਜੇਕਰ) ਹੋਰ ਵੀ ਹੋਣ ਅਤੇ ਉਹ ਅਕਾਲ ਪੁਰਖ ਦਾ ਆਖਣਾ ਕਰਨ ਭਾਵ ਉਸਨੂੰ ਆਖਣ; |
| ਤਾ ਆਖਿ ਨ ਸਕਹਿ, ਕੇਈ ਕੇਇ ॥ | ਸਕਹਿਂ | ਕੇਈ ਕਇ = ਕਈਆਂ ਵਿਚ ਕੇਇ ਭਾਵ ਥੋੜੇ ਜਿਹੇ। | ਤਾਂ ਉਨ੍ਹਾਂ ਵਿਚੋਂ ਕੇਈ ਕੇਇ (ਥੋੜੇ ਜਿੰਨੇ ਵੀ) ਆਖ ਨਹੀਂ ਸਕਦੇ (ਕਿਉਂਕਿ ਆਪਣੀ ਮਤਿ ਅਨੁਸਾਰ ਕਹਿ ਰਹੇ ਹਨ)।<br><br>ਹਾਲਾਂਕਿ ਕਿੰਨੇ ਹੀ ਦਾਨੇ ਉਸ ਪ੍ਰਭੂ ਨੂੰ ਆਖ ਰਹੇ ਦਸੇ ਗਏ ਹਨ ਪਰ ਹਜ਼ੂਰ ਨੇ ਫੈਸਲਾ ਕਰ ਦਿਤਾ ਹੈ ਕਿ ਉਹਨਾਂ ਵਿਚ ਥੋੜੇ ਜਿੰਨੇ ਵੀ ਉਸ ਪ੍ਰਭੂ ਨੂੰ ਨਹੀਂ ਆਖ ਸਕਦੇ ਕਿਉਂਕਿ ਉਹ ਗੁਰਮਤਿ ਅਨੁਸਾਰ, ਗੁਰੂ ਦੀ ਮਤਿ ਲੈ ਕੇ ਨਹੀਂ ਆਖ ਰਹੇ। ਇਹਨਾਂ ਦਾ ਆਖਿਆ ਗੁਰਮਤਿ ਅਨੁਸਾਰੀ ਆਖਣ ਨਹੀਂ ਹੈ ਜਿਸ ਕਰਕੇ "ਆਖਿ ਆਖਿ ਰਹੇ ਲਿਵ ਲਾਇ ॥" ਵਾਲੀ ਪੰਕਤੀ ਇਨ੍ਹਾਂ ਉਪਰ ਨਹੀਂ ਢੁਕਦੀ। |
| ਜੇਵਡੁ ਭਾਵੈ; ਤੇਵਡੁ ਹੋਇ ॥ | | ਜੇਵਡ ਭਾਵੈ = ਜਿਡਾ ਵਡਾ ਹੋਣਾ ਚਾਹੇ; ਤੇਵਡ ਹੋਇ = ਓਡਾ ਹੀ ਹੋ ਜਾਂਦਾ ਹੈ। | ਅਕਾਲ ਪੁਰਖ ਜਿਡਾ ਹੋਣਾ ਚਾਹੇ, ਓਡਾ ਹੋ ਜਾਂਦਾ ਹੈ। |
| ਨਾਨਕ, ਜਾਣੈ ਸਾਚਾ ਸੋਇ ॥ | | ਸਾਚਾ ਸੋਇ = ਸਾਚਾ ਸੋਈ, ਕੇਵਲ ਸਾਚਾ ਹੀ। | ਗੁਰੂ ਜੀ "ਨਾਨਕ" ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ ਸਾਚਾ ਪ੍ਰਭੂ ਹੀ ਜਾਣਦਾ ਹੈ (ਕਿ ਉਹ ਕਿਡਾ ਹੈ)। |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਪਦ ਅਰਥ** | **ਸਰਲ ਅਰਥ ਵਿਚਾਰ** |
| ਜੇ ਕੋ ਆਖੈ ਬੋਲੁਵਿਗਾੜੁ ॥ | | ਬੋਲੁਵਿਗਾੜੁ = ਬੇਕਾਰ ਬੋਲਣ ਵਾਲਾ; ਬਕਬਾਦ ਕਰਨਵਾਲਾ; ਇਹ ਸਮਾਸੀ ਸ਼ਬਦ ਹੈ ਤੇ ਇਸ ਦਾ ਭਾਵ ਹੈ ਵਿਗਾੜੂਬੋਲ ਭਾਵ ਬੇਕਾਰ ਬੋਲਣ ਵਾਲਾ। | ਜੇਕਰ ਕੋਈ ਬੋਲਵਿਗਾੜੂ ਕੁਝ ਹੋਰ ਕਹਿਣਾ ਚਾਹੇ ਪ੍ਰਭੂ ਬਾਰੇ, ਤਾਂ; |
| ਤਾ ਲਿਖੀਐ, ਸਿਰਿ ਗਾਵਾਰਾ, ਗਾਵਾਰੁ ॥੨੬॥ | ਗਾਵਾਰਾਂ | ਸਿਰਿ = ਸਿਰ ਤੇ; ਗਾਵਾਰਾ = ਗਾਵਾਰਾਂ ਦੇ; ਗਾਵਾਰੁ = ਮੂਰਖ; ਸਿਰਿ ਗਾਵਾਰਾ ਗਾਵਾਰ = ਗਾਵਾਰਾਂ ਦੇ ਸਿਰ ਤੇ ਗਾਵਾਰ, ਬਹੁਤ ਵੱਡਾ ਮੂਰਖ। | ਤਾਂ ਉਹ ਬੋਲਵਿਗਾੜੂ, ਮੂਰਖਾਂ ਸਿਰ ਮੂਰਖ ਕਰਕੇ ਲਿਖਿਆ ਜਾਂਦਾ ਹੈ, ਜਾਣਿਆ ਜਾਂਦਾ ਹੈ। |
| ਪ੍ਰਾਤਕਥਨ: ਇਹ ਪਉੜੀ ਥੋੜੇ ਫਰਕ ਨਾਲ ਕੁਲ ਤਿਨ ਵਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਇਕ ਵਾਰੀ ਤਾਂ ਇਹ ਜਪੁਜੀ ਸਾਹਿਬ ਵਿਚ ਦਰਜ ਹੈ, ਦੂਸਰੀ ਵਾਰ ਇਹੋ ਸ਼ਬਦ "ਸੋ ਦਰ" ਵਿਚ ਹੈ ਅਤੇ ਤੀਸਰੀ ਵਾਰੀ ਆਸਾ ਰਾਗ ਦੇ ਆਰੰਭ ਵਿਚ ਦਰਜ ਹੈ। ਇਸ ਸ਼ਬਦ ਦੀਆਂ ਪਹਿਲੀਆਂ ੧੪ ਪੰਕਤੀਆਂ ਵਿਚ ਜੋ ਅਲਗ ਅਲਗ ਲੋਕਾਂ ਅਤੇ ਚੀਜ਼ਾਂ ਵਲੋਂ ਪ੍ਰਭੂ ਨੂੰ ਗਾਉਣਾ ਲਿਖਿਆ ਹੈ ਸੋ ਗੁਰਮਤਿ ਅਨੁਸਾਰੀ ਹਰਿਜਸ ਗਾਉਣਾ ਨਹੀਂ ਹੈ ਬਲਕਿ ਨਾਮ ਦੀ ਸਰਬ ਵਿਆਪਕਤਾ ਦੀ ਬਿਸਮਾਦੀ ਕਥਾ ਹੈ। ਨਾਮ ਸਰਬ ਵਿਆਪਕ ਹੈ ਜਿਸ ਕਾਰਨ ਗੁਰਮੁਖਾਂ ਨੂੰ ਉਚ ਆਤਮਕ ਅਵਸਥਾਵਾਂ ਵਿਚ ਹਰ ਪਾਸੇ ਨਾਮ ਹੀ ਦਿਸਦਾ ਸੁਣਦਾ ਹੈ। ਇਸ ਬਾਰੇ ਹੋਰ ਵਿਸਥਾਰ ਇਸੇ ਸ਼ਬਦ ਵਿਚ ਅਗਲੇ ਪ੍ਰਾਤਕਥਨ ਵਿਚ ਦੇਖੋ ਜੀ। | | | |
| ਸੋ ਦਰੁ ਕੇਹਾ, ਸੋ ਘਰੁ ਕੇਹਾ, ਜਿਤੁ ਬਹਿ ਸਰਬ ਸਮਾਲੇ ॥ | ਸਮਾਲੇਂ | ਕੇਹਾ = ਕੈਸਾ; ਬਹਿ = ਬੈਠ ਕੇ; ਸਮਾਲੇ: ਤੂੰ ਸਮਾਲਦਾ ਹੈਂ। | ਉਹ ਦਰ ਕੈਸਾ ਹੈ, ਉਹ ਘਰ ਕੈਸਾ ਹੈ, ਜਿਥੇ ਬੈਠ ਕੇ ਤੂੰ ਸਭ ਨੂੰ ਸੰਭਾਲਦਾ ਹੈਂ? |
| ਵਾਜੇ ਨਾਦ ਅਨੇਕ ਅਸੰਖਾ, ਕੇਤੇ ਵਾਵਣਹਾਰੇ ॥ | | ਨਾਦ = ਮਿਠੀ ਸੰਗੀਤਕ ਧੁਨੀ ਜੋ ਸੰਗੀਤਕ ਜੰਤਰਾਂ ਤੋਂ ਉਠਦੀ ਹੈ। ਮਿਠੀ ਸੁਰ ਵਿਚ ਗਾਉਣ ਨੂੰ ਵੀ ਨਾਦ ਵਿਚ ਹੀ ਸ਼ਾਮਲ ਸਮਝਿਆ ਜਾਂਦਾ ਹੈ; ਅਸੰਖਾ = ਸੰਖਿਆ ਤੋਂ ਰਹਿਤ ਭਾਵ ਅਣਗਿਣਤ; ਕੇਤੇ = ਅਨੇਕ, ਕਈ; ਵਾਵਣਹਾਰੇ = ਸੰਗੀਤਕ ਯੰਤਰ ਵਜਾਉਣਵਾਲੇ। | ਅਨੇਕ ਅਸੰਖ (ਅਣਗਿਣਤ) ਨਾਦ ਵੱਜ ਰਹੇ ਹਨ ਅਤੇ ਅਨੇਕ ਹੀ (ਸੰਗੀਤਕ ਯੰਤਰ) ਵਜਾਵਣਵਾਲੇ ਹਨ। |
| ਕੇਤੇ ਰਾਗ ਪਰੀ ਸਿਉ ਕਹੀਅਨਿ, ਕੇਤੇ ਗਾਵਣਹਾਰੇ ॥ | ਪਰੀਂ, ਸਿਉਂ। | ਕੇਤੇ = ਅਨੇਕ; ਰਾਗ = ਨਾਦ ਜਾਂ ਸੰਗੀਤ ਦੇ ਸੁਰਾਂ ਦੀਆਂ ਬੰਦਿਸ਼ਾਂ; ਪਰੀ = ਪਰੀਆਂ, ਰਾਗਣੀਆਂ, ਸੰਗੀਤ ਦੇ ਸੁਰਾਂ ਦੀਆਂ ਬੰਦਿਸ਼ਾਂ।<br><br>ਉਪਰ ਬੰਦਿਸ਼ ਦਾ ਮਤਲਬ ਸੰਗੀਤਕ ਰੀਤਾਂ ਨਹੀਂ ਹੈ। ਕੁਝ ਸੁਰਾਂ ਦੇ ਇਕਠ ਅਤੇ ਚਲਣ ਨੂੰ ਰਾਗ ਕਹਿੰਦੇ ਹਨ। ਸਾਡੇ ਵਲੋਂ ਇਸ ਇਕਠ ਅਤੇ ਚਲਣ ਨੂੰ ਇਥੇ ਬੰਦਿਸ਼ ਕਹਿ ਕੇ ਸਮਝਾਇਆ ਗਿਆ ਹੈ। | ਅਨੇਕ ਰਾਗ ਆਪਣੀਆਂ ਰਾਗਣੀਆਂ ਸਹਿਤ ਕਹੇ ਜਾ ਰਹੇ ਹਨ ਅਤੇ ਅਨੇਕ ਇਨ੍ਹਾਂ ਰਾਗਾਂ ਰਾਹੀਂ ਪ੍ਰਭੂ ਨੂੰ ਗਾਉਣਵਾਲੇ ਹਨ। |
| ਗਾਵਹਿ ਤੁਹਨੋ ਪਉਣੁ, ਪਾਣੀ, ਬੈਸੰਤਰੁ; ਗਾਵੈ ਰਾਜਾ ਧਰਮੁ ਦੁਆਰੇ ॥ | ਗਾਵਹਿਂ | ਗਾਵਹਿ = ਗਾਉਂਦੇ ਹਨ; ਤੁਹਨੋ = ਤੁਧਨੋ, ਤੈਨੂੰ; ਪਉਣੁ = ਹਵਾ; ਬੈਸੰਤਰੁ = ਅੱਗ; ਗਾਵੈ = ਗਾਉਂਦਾ ਹੈ; ਰਾਜਾ ਧਰਮੁ = ਜੀਵਾਂ ਦੇ ਕਰਮਾਂ ਦਾ ਹਿਸਾਬ ਕਿਤਾਬ ਕਰਨਵਾਲੀ ਸ਼ਕਤੀਸ਼ਾਲੀ ਹਸਤੀ; ਦੁਆਰੇ = ਦੁਆਰ ਤੇ। | ਤੈਨੂੰ (ਹੇ ਪ੍ਰਭੂ) ਗਾਉਂਦੇ ਹਨ ਹਵਾ ਪਾਣੀ ਅਤੇ ਅੱਗ; ਰਾਜਾ ਧਰਮ ਵੀ ਆਪਣੇ ਦਰ ਤੇ ਤੈਨੂੰ ਗਾਉਂਦਾ ਹੈ। |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਪਦ ਅਰਥ | ਸਰਲ ਅਰਥ ਵਿਚਾਰ |
| ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ; ਲਿਖਿ ਲਿਖਿ ਧਰਮੁ ਵੀਚਾਰੇ ॥ | ਗਾਵਹਿਂ, ਜਾਣਹਿਂ | ਗਾਵਹਿ = ਗਾਉਂਦੇ ਹਨ; ਚਿਤੁ ਗੁਪਤੁ = ਦੋ ਸ਼ਕਤੀਆਂ ਜੋ ਜੀਵਾਂ ਦੇ ਕਰਮਾਂ ਦਾ ਵੇਰਵਾ ਲਿਖਦੀਆਂ ਹਨ ਅਤੇ ਜਿਨਾਂ ਦੇ ਲਿਖੇ ਹੋਏ ਲੇਖੇ ਮੁਤਾਬਕ ਧਰਮ ਰਾਇ ਜੀਵਾਂ ਦਾ ਫੈਸਲਾ ਕਰਦਾ ਹੈ; ਲਿਖਿ ਜਾਣਹਿ = ਲਿਖਣਾ ਜਾਣਦੇ ਹਨ; ਲਿਖਿ ਲਿਖਿ = ਲਿਖ ਲਿਖ ਕੇ; ਧਰਮੁ ਵੀਚਾਰੇ = ਧਰਮ ਰਾਜਾ ਵਿਚਾਰਦਾ ਹੈ। | ਚਿਤਰ ਗੁਪਤ ਜੋ (ਜੀਵਾਂ ਦੇ ਕਰਮਾਂ ਦਾ ਲੇਖਾ) ਲਿਖਣਾ ਜਾਣਦੇ ਹਨ ਅਤੇ ਜਿਨਾਂ ਦੇ ਲਿਖੇ ਦੇ ਆਧਾਰ ਤੇ ਧਰਮਰਾਜਾ ਲਿਖ ਲਿਖ ਕੇ (ਜੀਵਾਂ ਦੇ ਕਰਮ) ਵਿਚਾਰਦਾ ਹੈ, ਤੈਨੂੰ ਗਾਉਂਦੇ ਹਨ (ਹੇ ਪ੍ਰਭੂ)। |
| ਗਾਵਹਿ ਈਸਰੁ, ਬਰਮਾ, ਦੇਵੀ; ਸੋਹਨਿ ਸਦਾ ਸਵਾਰੇ ॥ | ਗਾਵਹਿਂ, ਦੇਵੀਂ | ਗਾਵਹਿ = ਗਾਉਂਦੇ ਹਨ; ਈਸਰੁ = ਸ਼ਿਵ; ਬਰਮਾ = ਬ੍ਰਹਮਾ; ਦੇਵੀ = ਦੇਵੀਆਂ; ਸੋਹਨਿ ਸਦਾ ਸਵਾਰੇ = ਸਦਾ ਤੇਰੇ ਸਵਾਰੇ ਹੋਏ ਸੋਂਹਦੇ ਹਨ। | (ਹੇ ਪ੍ਰਭੂ) ਸ਼ਿਵ, ਬ੍ਰਹਮਾ, ਦੇਵੀਆਂ ਜੋ ਸਦਾ ਤੇਰੇ ਸਵਾਰੇ ਹੋਏ ਸੋਂਹਦੇ (ਫੱਬਦੇ) ਹਨ, ਤੈਨੂੰ ਗਾਉਂਦੇ ਹਨ। |
| ਗਾਵਹਿ ਇੰਦ ਇਦਾਸਣਿ ਬੈਠੇ; ਦੇਵਤਿਆ ਦਰਿ ਨਾਲੇ ॥ | ਗਾਵਹਿਂ, ਦੇਵਤਿਆਂ | ਗਾਵਹਿ = ਗਾਉਂਦੇ ਹਨ; ਇੰਦ = ਸਵਰਗ ਦੇ ਰਾਜੇ; ਇੰਦਾਸਣਿ = ਇੰਦ੍ਰ+ਆਸਨ ਤੇ, ਇੰਦਰ ਦੇ ਸਿੰਘਾਸਣ ਤੇ; ਇੰਦ ਇੰਦਾਸਣਿ ਬੈਠੇ = ਇੰਦਰ ਇਦਰ-ਆਸਨ ਤੇ ਬੈਠੇ ਹੋਏ; ਦਰਿ = ਇੰਦਰ ਰਾਜਿਆਂ ਦੇ ਦਰ ਤੇ। | ਅਨੇਕ ਇੰਦਰ ਆਪੋ ਆਪਣੇ ਇੰਦਰ-ਆਸਨ ਤੇ ਬੈਠੇ ਸਣੇ ਹੋਰ ਦੇਵਤਿਆਂ ਦੇ, ਦਰ ਤੇ (ਭਾਵ ਇੰਦਰ ਦੇ ਦਰ ਤੇ) ਤੈਨੂੰ ਗਾਉਂਦੇ ਹਨ।<br><br>"ਦਰਿ" ਦਾ ਇਹ ਭਾਵ ਕੱਢਣਾ ਕਿ ਇੰਦਰ ਅਤੇ ਹੋਰ ਦੇਵਤੇ, ਅਕਾਲ ਪੁਰਖ ਦੇ ਸਚਖੰਡੀ ਦਰ ਤੇ ਉਸਨੂੰ ਧਿਆਉਂਦੇ ਹਨ, ਗੁਰਮਤਿ ਵਲੋਂ ਨਾਵਾਕਫੀ ਵਾਲੇ ਅਰਥ ਹਨ ਕਿਉਂਕਿ ਇਸ ਪੰਕਤੀ ਵਿਚ ਤਾਂ ਸਾਫ ਲਿਖਿਆ ਹੈ ਕਿ ਇੰਦਰ ਰਾਜੇ ਆਪਣੇ ਆਸਨਾਂ ਤੇ ਬੈਠੇ ਗਾਉਂਦੇ ਹਨ, ਫੇਰ ਉਹ ਅਕਾਲ ਪੁਰਖ ਦੇ ਦਰ ਤੇ ਕਿਵੇਂ ਹੋ ਗਏ? ਕੀ ਇੰਦਰ ਦਾ ਆਸਨ ਅਤੇ ਦਰਬਾਰ ਸਚਖੰਡ ਵਿਚ ਹੈ? ਨਹੀਂ। ਸੋ "ਦਰਿ" ਦਾ ਭਾਵ ਇੰਦਰ ਦਾ ਦਰ ਹੈ ਨਾ ਕੇ ਅਕਾਲ ਪੁਰਖ ਦਾ ਦਰ। ਇੰਦਰ ਦੇ ਦਰ ਤੇ ਹੀ ਹੋਰ ਦੇਵਤੇ ਪ੍ਰਭੂ ਨੂੰ ਗਾਉਂਦੇ ਹਨ। |
| ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ ॥ | ਗਾਵਹਿਂ | ਗਾਵਹਿ = ਗਾਉਂਦੇ ਹਨ; ਗਾਵਨਿ = ਗਾਉਂਦੇ ਹਨ; ਸਿਧ = ਪੁੱਜੇ ਹੋਏ ਜੋਗੀ; ਸਾਧ = ਅਧਿਆਤਮਕ ਸਾਧਨਾ ਕਰਨ ਵਾਲੇ ਆਨਮਤੀ ਸਾਧੂ। | ਆਪਣੀ (ਸੁੰਨ) ਸਮਾਧੀ ਅੰਦਰ ਸਿਧ (ਹੇ ਅਕਾਲ ਪੁਰਖ ਮਾਨੋ ਤੈਨੂੰ ਹੀ) ਗਾਉਂਦੇ ਹਨ ਅਤੇ ਸਾਧਨਾ ਕਰਨ ਵਾਲੇ ਸਾਧ ਵੀ ਵਿਚਾਰ ਕਰਦੇ ਹੋਏ (ਹੇ ਅਕਾਲ ਪੁਰਖ ਤੈਨੂੰ ਹੀ) ਗਾਉਂਦੇ ਹਨ। |
| ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ ॥ | ਗਾਵਹਿਂ | ਗਾਵਨਿ = ਗਾਓਂਦੇ ਹਨ; ਗਾਵਹਿ = ਗਾਉਂਦੇ ਹਨ; ਜਤੀ = ਜੱਤ ਧਾਰਨ ਕਰਨਵਾਲੇ, ਕਾਮ ਨੂੰ ਵੱਸ ਕਰਨਵਾਲੇ; ਸਤੀ = ਦਾਨ ਪੁੰਨ ਕਰਨਵਾਲੇ ਅਤੇ ਚੰਗੇ ਕਿਰਦਾਰ ਵਾਲੇ; ਸੰਤੋਖੀ = ਸੰਤੋਖ ਧਾਰਨ ਕਰਨਵਾਲੇ, ਜੋ ਹੈ ਉਸੇ ਵਿਚ ਖੁਸ਼ ਰਹਿਣਵਾਲੇ; ਵੀਰ ਕਰਾਰੇ = ਤਕੜੇ ਜੋਧੇ। | ਜਤੀ, ਸਤੀ ਅਤੇ ਸੰਤੋਖੀ (ਹੇ ਪ੍ਰਭੂ ਤੈਨੂੰ) ਗਾਉਂਦੇ ਹਨ, ਅਤੇ ਕਰਾਰੇ (ਜ਼ਬਰਦਸਤ) ਜੋਧੇ (ਵੀ ਹੇ ਪ੍ਰਭੂ ਤੈਨੂੰ) ਗਾਉਂਦੇ ਹਨ। |
| ਗਾਵਨਿ ਪੰਡਿਤ ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ ॥ | ਰਖੀਸ਼ਰ, ਵੇਦਾਂ | ਗਾਵਹਿ = ਗਾਉਂਦੇ ਹਨ; ਪੰਡਿਤ = ਵਿਦਵਾਨ, ਵਿਸ਼ੇਸ਼ ਕਰਕੇ ਸੰਸਕ੍ਰਿਤ ਅਤੇ ਵੇਦਾਂ ਦੇ ਗਿਆਤਾ; ਰਖੀਸਰ =ਰਿਖੀ + ਈਸਰ = ਵਡੇ ਰਿਖੀ; ਜੁਗੁ ਜੁਗੁ = ਹਰ ਜੁਗ। | ਪੜ੍ਹਨ ਵਾਲੇ ਪੰਡਿਤ ਅਤੇ ਵਡੇ ਰਿਖੀ ਵੇਦਾਂ ਦੁਆਰਾ, ਜੁਗ ਜੁਗ (ਹੇ ਪ੍ਰਭੂ ਤੈਨੂੰ) ਗਾਉਂਦੇ ਰਹੇ ਹਨ। |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਪਦ ਅਰਥ** | **ਸਰਲ ਅਰਥ ਵਿਚਾਰ** |
| ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ ਮਛ ਪਇਆਲੇ ॥ | ਗਾਵਹਿੰ, ਮੋਹਣੀਆਂ | ਗਾਵਹਿ = ਗਾਉਂਦੇ ਹਨ; ਮੋਹਣੀਆਂ = ਬਹੁਤ ਸੁੰਦਰ ਇਸਤ੍ਰੀਆਂ ਜੋ ਮਨ ਮੋਹ ਲੈਂਦੀਆਂ ਹਨ; ਮਨੁ ਮੋਹਨਿ = ਮਨ ਮੋਹ ਲੈਣਵਾਲੀਆਂ; ਮੋਹਣੀਆਂ ਮਨੁ ਮੋਹਨਿ = ਮਨ ਮੋਹ ਲੈਣਵਾਲੀਆਂ ਮੋਹਣੀਆਂ, ਸੁੰਦਰ ਇਸਤ੍ਰੀਆਂ; ਸੁਰਗਾ ਮਛ ਪਇਆਲੇ = ਸੁਰਗ, ਮਾਤ ਲੋਕ ਅਤੇ ਪਾਤਾਲ ਲੋਕ ਦੀਆਂ (ਸੋਹਣੀਆਂ ਇਸਤ੍ਰੀਆਂ)। | ਸੁਰਗ ਲੋਕ, ਮਾਤ ਲੋਕ, ਅਤੇ ਪਾਤਾਲ ਲੋਕ ਦੀਆਂ ਮਨ ਮੋਹਨ ਵਾਲੀਆਂ ਸੁੰਦਰ ਮੋਹਣੀਆਂ ਇਸਤ੍ਰੀਆਂ (ਹੇ ਪ੍ਰਭੂ ਤੈਨੂੰ) ਗਾਉਂਦੀਆਂ ਹਨ। |
| ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ ॥ | | ਗਾਵਨਿ = ਗਾਉਂਦੇ ਹਨ; ਰਤਨ = ਕੀਮਤੀ ਰਤਨ, ਵਿਸ਼ੇਸ਼ ਕਰਕੇ ਚੌਦਾਂ ਰਤਨ ਜੋ ਸਮੁੰਦਰ ਰਿੜਕਣ ਸਮੇਂ ਨਿਕਲੇ ਸਨ; ਅਠਸਠਿ ਤੀਰਥ = ਹਿੰਦੂਆਂ ਦੇ ਮੰਨੇ ਹੋਏ ੬੮ ਤੀਰਥ ਅਸਥਾਨ। | ਤੇਰੇ ਪੈਦਾ ਕੀਤੇ ਹੋਏ ਰਤਨ ਸਣੇ ਅਠਾਹਠ ਤੀਰਥਾਂ ਦੇ (ਹੇ ਪ੍ਰਭੂ ਤੈਨੂੰ) ਗਾਉਂਦੇ ਹਨ। |
| ਗਾਵਹਿ ਜੋਧ ਮਹਾਬਲ ਸੂਰਾ ਗਾਵਹਿ ਖਾਣੀ ਚਾਰੇ ॥ | ਗਾਵਹਿੰ, ਗਾਵਹਿੰ | ਗਾਵਹਿ = ਗਾਉਂਦੇ ਹਨ; ਜੋਧ ਮਹਾਂਬਲ ਸੂਰਾ = ਬਹੁਤ ਬੀਰ ਅਤੇ ਸ਼ਕਤੀਸ਼ਾਲੀ ਸੂਰਮੇ; ਖਾਣੀ ਚਾਰੇ = ਜੀਵਾਂ ਦੀ ਉਤਪਤੀ ਦੀਆਂ ਚਾਰਿ ਖਾਣਾਂ - ਅੰਡਜ, ਜੇਰਜ, ਸੇਤਜ, ਅਤੇ ਉਤਭੁਜ। | ਬੀਰ ਸ਼ਕਤੀਸ਼ਾਲੀ ਸੂਰਮੇ ਤੈਨੂੰ ਗਾਉਂਦੇ ਹਨ (ਹੇ ਪ੍ਰਭੂ) ਅਤੇ ਚਾਰੇ ਖਾਣੀਆਂ ਦੇ ਜੀਵ ਵੀ (ਹੇ ਪ੍ਰਭੂ ਤੈਨੂੰ) ਗਾਉਂਦੇ ਹਨ। |
| ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ ॥ | ਗਾਵਹਿੰ | ਗਾਵਹਿ = ਗਾਉਂਦੇ ਹਨ; ਖੰਡ ਮੰਡਲ ਵਰਭੰਡਾ = ਸ੍ਰਿਸ਼ਟੀ ਦੇ ਖੰਡ, ਮੰਡਲ ਅਤੇ ਬ੍ਰਹਿਮੰਡ। | (ਹੇ ਪ੍ਰਭੂ ਤੈਨੂੰ) ਗਾਉਂਦੇ ਹਨ ਖੰਡ, ਮੰਡਲ ਅਤੇ ਬ੍ਰਹਿਮੰਡ ਜੋ ਤੂੰ ਕਰ ਕਰ ਕੇ ਰਖੇ ਅਤੇ ਧਾਰੇ ਹੋਏ ਹਨ।<br><br>ਰਖੇ ਹਨ ਭਾਵ ਮਹਿਫੂਜ਼ ਜਾਂ ਸੁਰਖਿਅਤ ਰਖੇ ਹਨ ਅਤੇ ਧਾਰੇ ਹਨ ਭਾਵ ਥੰਮੇ ਹੋਏ ਹਨ। |

ਇਸ ਪਉੜੀ ਵਿਚ ਇਥੋਂ ਤੱਕ ਪ੍ਰਭੂ ਦੀ ਸ੍ਰਿਸ਼ਟੀ ਦੀ ਸਾਰੇ ਜੀਵਾਂ ਵਲੋਂ ਅਕਾਲ ਪੁਰਖ ਨੂੰ ਹੀ ਗਾਉਣ ਦਾ ਜ਼ਿਕਰ ਕੀਤਾ ਹੈ ਪਰ ਇਨ੍ਹਾਂ ਦਾ ਇਹ ਗਾਉਣਾ ਅਕਾਲ ਪੁਰਖ ਨੂੰ ਸਿੱਧਾ ਗਾਉਣਾ ਨਹੀਂ ਹੈ ਬਲਕਿ ਅਸਿੱਧੇ ਤਰੀਕੇ ਦਾ ਗਾਉਣਾ ਹੈ ਕਿਉਂਕਿ ਇਹ ਸਤਿਗੁਰੂ ਦੀ ਸ਼ਰਨ ਵਿਚ ਪੈ ਕੇ, ਪ੍ਰੇਮਾ ਭਗਤੀ ਦੇ ਪ੍ਰਾਇਣ ਹੋ ਕੇ, ਆਪਣੀ ਬੰਦਿ ਖਲਾਸੀ ਹਿੱਤ ਨਹੀਂ ਗਾਉਂਦੇ। ਅਕਾਲ ਪੁਰਖ ਦੀ ਸਰਬ ਵਿਆਪਕਤਾ ਦੇ ਕਾਰਨ, ਜੋ ਵੀ ਇਹ ਜੀਵ ਕਰਦੇ ਹਨ, ਉਹ ਮਾਨੋ ਅਕਾਲ ਪੁਰਖ ਨੂੰ ਹੀ ਗਾਉਣਾ ਹੈ। "ਗਾਉਣ ਦਾ ਮਤਲਬ ਇਹ ਨਹੀਂ ਹੈ ਕਿ ਉਹ ਹਰਿਜਸ ਕਰ ਰਹੇ ਹਨ ਬਲਕਿ ਉਹ ਤਾਂ ਆਪਣੀਆਂ ਗਾਉਣੀਆਂ ਹੀ ਗਾਉਂਦੇ ਹਨ। ਜੇਕਰ ਕੋਈ ਸੋਹਣੇ ਫੁੱਲ ਦੀ ਤਾਰੀਫ ਕਰੇ ਤਾਂ ਇਹ ਅਸਿਧੇ ਤਰੀਕੇ ਨਾਲ ਫੁੱਲ ਬਨਾਉਣਵਾਲੇ ਦੀ ਤਾਰੀਫ ਹੈ। ਇਸੇ ਤਰ੍ਹਾਂ ਹੀ ਜੋ ਸਿਧ, ਜਤੀ, ਆਦਿ ਗਾਉਂਦੇ ਹਨ, ਉਹ ਅਕਾਲ ਪੁਰਖ ਦਾ ਸਿਧਾ ਜਸ ਨਹੀਂ ਕਰਦੇ ਬਲਕਿ ਉਸਦੀ ਕਿਸੇ ਕਿਰਤ ਦੀ ਉਪਮਾ ਕਰਦੇ ਹਨ ਜੋ ਕਿ ਅਕਾਲ ਪੁਰਖ ਦੀ ਹੀ ਉਪਮਾ ਹੈ। ਇਹ ਰਿਖੀਆਂ, ਪੰਡਿਤਾਂ, ਮੋਹਣੀਆਂ ਇਸਤ੍ਰੀਆਂ ਜਾਂ ਜਤੀਆਂ ਸਤੀਆਂ ਆਦਿ ਦਾ ਗਾਉਣਾ ਅਕਾਲ ਪੁਰਖ ਦੀ ਸਿਫਤਿ ਸਾਲਾਹ ਨਹੀਂ ਹੈ ਕਿਉਂਕਿ ਇਨ੍ਹਾਂ ਦੇ ਗਾਉਣ ਦਾ ਜ਼ਿਕਰ ਉਸੇ ਹੀ ਸ਼੍ਰੇਣੀ ਵਿਚ ਆਉਂਦਾ ਹੈ ਜਿਸ ਵਿਚ ਜੜ੍ਹ ਵਸਤੂਆਂ ਜਿਵੇਂ ਕਿ ਪਵਨੁ ਪਾਣੀ, ਬੈਸੰਤਰੁ, ਰਤਨ, ਤੀਰਥ, ਖੰਡ, ਮੰਡਲ, ਵਰਭੰਡ ਆਦਿ ਦਾ ਗਾਉਣਾ ਹੈ। ਰਤਨਾਂ ਅਤੇ ਤੀਰਥਾਂ ਦਾ ਗਾਉਣਾ ਸੁਰਤਿ ਵਿਹੂਣਾ ਹੈ ਕਿਉਂਕਿ ਇਹ ਚੀਜ਼ਾਂ ਤਾਂ ਸੁਰਤਿ ਵਿਹੂਣੀਆਂ ਹਨ ਜਿਸ ਕਰਕੇ ਉਹ ਹਰਿਜਸ ਗਾ ਨਹੀਂ ਸਕਦੀਆਂ। ਅਕਾਲ ਪੁਰਖ ਦਾ ਨਾਮ ਜਿਸ ਨੇ ਸਗਲ ਸ੍ਰਿਸ਼ਟੀ ਨੂੰ ਧਾਰਿਆ ਹੋਇਆ ਹੈ, ਸਰਬ ਵਿਆਪਕ ਹੈ ਜਿਵੇਂ ਕਿ ਗੁਰਵਾਕ ਹੈ: "ਧਰਤਿ ਪਾਤਾਲ ਆਕਾਸ ਹੈ ਮੇਰੀ ਜਿੰਦੁੜੀਏ ਸਭ ਹਰਿ ਹਰਿ ਨਾਮੁ ਧਿਆਵੈ ਰਾਮ ॥" ਜਦੋਂ ਗੁਰਮੁਖਿ ਜਨ ਸਿਖਰਲੀਆਂ ਆਤਮਕ ਅਵਸਥਾਵਾਂ ਦੇ ਮਾਲਕ ਬਣਦੇ ਹਨ ਤਾਂ ਉਹ ਹਰ ਸ਼ੈ ਵਿਚ ਅਕਾਲ ਪੁਰਖ ਦੀ ਜੋਤਿ ਨੂੰ ਪਰਤੱਖ ਦੇਖਦੇ ਹਨ, ਉਥੇ ਸਰਬ ਬਿਆਪਕ ਨਾਮ ਦਾ ਨਾਦ ਵੀ ਹਰ ਥਾਂ ਧਰਤਿ, ਪਾਤਾਲ ਅਤੇ ਆਕਾਸ਼ ਵਿਚ ਸੁਣਦੇ ਹਨ ਤਾਂ ਉਹ ਕਹਿ ਉਠਦੇ ਹਨ ਕਿ ਹਰ ਵਿਅਕਤੀ ਅਤੇ ਹਰ ਚੀਜ਼ ਪ੍ਰਭੂ ਦਾ ਨਾਮ ਹੀ ਜਪ ਰਹੇ ਹਨ।

ਅਗਲੀਆਂ ਦੋ ਪੰਕਤੀਆਂ ਵਿਚ ਹਜ਼ੂਰ ਦਸਦੇ ਹਨ ਕਿ ਕੇਵਲ ਭਗਤ ਜਨ ਹੀ ਗਾਉਂਦੇ ਹਨ ਜੋ ਕਿ ਭਗਤੀ ਭਾਵ ਵਿਚ ਰੱਤੇ ਹੋਏ ਗਾਂਵਦੇ ਹਨ। ਭਗਤਾਂ ਤੋਂ ਬਿਨਾਂ ਹੋਰ ਅਨੇਕਾਂ ਗਾਉਂਦੇ ਹਨ ਪਰ ਉਹ ਸਤਿਗੁਰਾਂ ਦੇ ਚਿਤ ਨਹੀਂ ਆਉਂਦੇ, ਸੋ ਉਹਨਾਂ ਦਾ ਗਾਵਿਆ ਦਰਿ ਪਰਵਾਨ ਨਹੀਂ ਹੈ। ਕੇਵਲ ਗੁਰਮਤਿ ਦਾ ਗਾਵਿਆ ਹੀ ਪਰਵਾਨ ਹੈ।

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਪਦ ਅਰਥ** | **ਸਰਲ ਅਰਥ ਵਿਚਾਰ** |
| ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ ॥ | ਗਾਵਹਿਂ | ਗਾਵਹਿ = ਗਾਉਂਦੇ ਹਨ; ਭਾਵਨਿ = ਪਿਆਰੇ ਲਗਦੇ ਹਨ; ਰਤੇ = ਨਾਮ ਨਾਲ ਰੱਤੇ ਭਾਵ ਰੰਗੇ ਹੋਏ; ਰਸਾਲੇ = ਰਸ+ਆਲਯ = ਹੇ ਰਸ ਦੇ ਘਰ ਪ੍ਰਭੂ। | (ਅਸਲ ਵਿਚ) ਓਹੀ ਤੈਨੂੰ ਗਾਉਂਦੇ ਹਨ, ਜੋ ਤੈਨੂੰ ਪਿਆਰੇ ਲਗਦੇ ਹਨ (ਅਤੇ ਉਹ ਹਨ, ਨਾਮ ਨਾਲ) ਰੱਤੇ ਹੋਏ ਤੇਰੇ ਭਗਤ, ਹੇ ਰਸਾਲੇ ਵਾਹਿਗੁਰੂ!<br><br>ਦੇਖੋ ਇਸ ਪੰਕਤੀ ਵਿਚ ਕਿਵੇਂ ਗੁਰੂ ਜੀ ਨੇ ਭਗਤਾਂ ਨੂੰ "ਤੇਰੇ" ਕਹਿ ਕੇ ਉਹਨਾਂ ਦੀ ਖਾਸ ਪਦਵੀ ਦਾ ਜ਼ਿਕਰ ਕੀਤਾ ਹੈ। ਭਗਤ ਜਨ ਵਿਸ਼ੇਸ਼ ਕਰਕੇ ਅਕਾਲ ਪੁਰਖ ਦੇ ਆਪਣੇ ਹਨ। |
| ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ ॥ | | ਗਾਵਨਿ = ਗਾਉਂਦੇ ਹਨ; ਚਿਤਿ ਨ ਆਵਨਿ = ਚਿਤ ਵਿਚ ਨਹੀਂ ਆਉਂਦੇ। | ਹੋਰ ਅਨੇਕਾਂ ਗਾਉਂਦੇ ਹਨ ਪਰ ਉਹ ਮੇਰੇ ਚਿਤ ਵਿਚ ਨਹੀਂ ਆਉਂਦੇ, (ਗੁਰੂ ਜੀ ਫੁਰਮਾਉਂਦੇ ਹਨ ਕਿ) "ਨਾਨਕੁ" ਉਹਨਾਂ ਬਾਰੇ ਕੀ ਵਿਚਾਰ ਕਰੇ। |
| ਅਗਲੀਆਂ ਛੇ ਪੰਕਤੀਆਂ ਅਕਾਲ ਪੁਰਖ ਦੇ ਸ੍ਰਿਸ਼ਟੀ ਨੂੰ ਉਤਪਾਤਨ ਅਤੇ ਸੰਭਾਲਣ ਦੇ ਤਰੀਕੇਕਾਰ ਬਾਰੇ ਹਨ। ਅਕਾਲ ਪੁਰਖ ਉਹੀ ਕਰਦੇ ਹਨ ਜੋ ਉਹਨਾਂ ਦੀ ਰਜ਼ਾ ਹੁੰਦੀ ਹੈ। ਕਿਸੇ ਦੀ ਮਰਜ਼ੀ ਨਹੀਂ ਚਲਦੀ। | | | |
| ਸੋਈ ਸੋਈ, ਸਦਾ, ਸਚੁ, ਸਾਹਿਬੁ; ਸਾਚਾ, ਸਾਚੀ ਨਾਈ ॥ | | ਸੋਈ ਸੋਈ = ਉਹੀ ਉਹੀ ਹੈ; ਸਦਾ = ਸਦੀਵੀ ਹੈ; ਸਚੁ = ਸਤਯ ਹੈ, ਸਚ ਪਦਾਰਥ ਹੈ; ਸਾਹਿਬੁ = ਸਾਹਿਬ, ਮਾਲਿਕ; ਸਾਚਾ ਸਾਚੀ ਨਾਈ = ਆਪ ਸੱਚਾ ਹੈ ਅਤੇ ਸੱਚੇ ਨਾਂਉਂ ਵਾਲਾ ਹੈ। | (ਬਸ) ਓਹੀ ਓਹੀ ਹੈ, ਉਹ ਸਦਾ ਹੈ, ਸਤਯ ਹੈ, ਸਾਹਿਬ ਹੈ; ਆਪ ਵੀ ਸਾਚਾ ਹੈ ਅਤੇ ਸਚੇ ਨਾਮ ਵਾਲਾ ਹੈ। |
| ਹੈ, ਭੀ, ਹੋਸੀ, ਜਾਇ ਨ ਜਾਸੀ; ਰਚਨਾ ਜਿਨਿ ਰਚਾਈ ॥ | | ਹੈ = ਪ੍ਰਭੂ ਹੁਣ ਵੀ ਹੈ; ਭੀ = ਪ੍ਰਭੂ ਪਹਿਲਾਂ ਵੀ ਸੀ; ਹੋਸੀ = ਪ੍ਰਭੂ ਅਗੇ ਨੂੰ ਵੀ ਹੋਵੇਗਾ; ਜਾਇ ਨ ਜਾਸੀ = ਪ੍ਰਭੂ ਨਾ ਜੰਮਦਾ ਹੈ ਨਾ ਮਰਦਾ ਹੈ। | ਉਹ ਅਕਾਲ ਪੁਰਖ ਜਿਸਨੇ ਰਚਨਾ ਰਚਾਈ ਹੈ, ਉਹ ਹੁਣ ਵੀ ਹੈ, ਪਹਿਲਾਂ ਵੀ ਸੀ, ਅਗੇ ਵੀ ਹੋਵੇਗਾ; ਨਾ ਉਹ ਜਾਇਆ (ਜੰਮਿਆ) ਸੀ ਅਤੇ ਨਾ ਜਾਵੇਗਾ (ਮਰੇਗਾ)। |
| ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ; ਮਾਇਆ ਜਿਨਿ ਉਪਾਈ ॥ | ਰੰਗੀਂ, ਰੰਗੀਂ, ਭਾਂਤੀਂ, ਜਿਨਸੀਂ | ਰੰਗੀ ਰੰਗੀ = ਰੰਗਾਂ ਰੰਗਾਂ ਦੀ, ਅਨੇਕ ਰੰਗਾਂ ਦੀ; ਭਾਤੀ = ਅਨੇਕ ਭਾਂਤਾਂ ਦੀ; ਜਿਨਸੀ = ਅਨੇਕਾਂ ਜਿਣਸਾਂ ਦੀ। | ਜਿਸ (ਪ੍ਰਭੂ ਨੇ) ਇਹ ਮਾਇਆ ਉਪਾਈ ਹੈ ਭਾਵ ਪੈਦਾ ਕੀਤੀ ਹੈ, ਉਸਨੇ ਰੰਗਾਂ ਰੰਗਾਂ ਦੀਆਂ ਅਤੇ ਭਾਂਤਿ ਭਾਂਤਿ ਦੀਆਂ ਜਿਨਸਾਂ ਕਰ ਕਰ ਕੇ ਇਹ ਬਨਾਈ ਹੈ। |
| ਕਰਿ ਕਰਿ ਵੇਖੈ ਕੀਤਾ ਆਪਣਾ; ਜਿਵ ਤਿਸ ਦੀ ਵਡਿਆਈ ॥ | | ਕਰਿ ਕਰਿ ਵੇਖੈ ਕੀਤਾ ਆਪਣਾ = ਸ੍ਰਿਸ਼ਟੀ ਰੱਚ ਰੱਚ ਕੇ ਆਪਣੇ ਕੀਤੇ ਨੂੰ ਉਹ ਦੇਖਦਾ ਹੈ ਭਾਵ ਨਿਗਹਬਾਨੀ ਕਰਦਾ ਹੈ। | ਆਪਣੀ ਸ੍ਰਿਸ਼ਟੀ ਨੂੰ (ਭਾਵ ਆਪਣੇ ਕੀਤੇ ਨੂੰ) ਉਹ ਰੱਚ ਰੱਚ ਕੇ ਦੇਖਦਾ ਹੈ ਭਾਵ ਨਿਗਹਬਾਨੀ ਕਰਦਾ ਹੈ ਜਿਵੇਂ ਕਿ ਉਸਦੀ ਵਡਿਆਈ ਹੈ। |
| ਜੋ ਤਿਸੁ ਭਾਵੈ, ਸੋਈ ਕਰਸੀ; ਹੁਕਮੁ ਨ ਕਰਣਾ ਜਾਈ ॥ | | ਕਰਸੀ = ਕਰਦਾ ਹੈ, ਕਰੇਗਾ। | ਜੋ ਉਸਨੂੰ ਭਾਉਂਦਾ ਹੈ, ਉਹੀ ਉਹ ਕਰਦਾ ਹੈ, ਹੋਰ ਕਿਸੇ ਵਲੋਂ ਹੁਕਮ ਨਹੀ ਕੀਤਾ ਜਾ ਸਕਦਾ। |
| ਸੋ ਪਾਤਿਸਾਹੁ, ਸਾਹਾਪਾਤਿ ਸਾਹਿਬੁ; ਨਾਨਕ, ਰਹਣੁ ਰਜਾਈ ॥੨੭॥ | ਪਾਤਿਸ਼ਾਹੁ, ਸ਼ਾਹਾਂਪਾਤਿ, ਰਜ਼ਾਈ | ਪਾਤਿਸਾਹੁ = ਰਾਜਾ, ਬਾਦਿਸ਼ਾਹ; ਸਾਹਾਪਾਤਿ = ਪਾਤਿਸ਼ਾਹਾਂ ਦਾ, ਪਾਤਿਸ਼ਾਹਾਂ ਦੇ ਸਿਰ; ਸਾਹਿਬੁ = ਮਾਲਿਕ; ਰਜਾਈ = ਰਜ਼ਾ ਵਿਚ। | ਗੁਰੂ ਸਾਹਿਬ "ਨਾਨਕ" ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ, ਉਹ ਪਾਤਿਸ਼ਾਹ (ਰਾਜਾ) ਹੈ, ਤੇ (ਸੰਸਾਰੀ) ਪਾਤਿਸ਼ਾਹਾਂ ਦਾ ਭੀ ਸਾਹਿਬ (ਮਾਲਿਕ) ਹੈ; ਤਾਂ ਤੇ ਉਸਦੀ ਰਜ਼ਾ ਵਿਚ ਹੀ ਰਹਿਣਾ ਚਾਹੀਦਾ ਹੈ। |
| ਪ੍ਰਾਤਕਥਨ = ਅਗਲੀਆਂ ਚਾਰ ਪਉੜੀਆਂ ਜੋਗੀਆਂ ਨੂੰ ਮੁਖਾਤਬ ਹਨ। ਹਜ਼ੂਰ ਨੇ ਇਹਨਾਂ ਪਉੜੀਆਂ ਵਿਚ ਜੋਗੀਆਂ ਦੇ ਸਿਧਾਂਤਾਂ ਦੀ ਥਾਂ ਤੇ ਗੁਰਮਤਿ ਦੇ ਸਿਧਾਂਤਾਂ ਨੂੰ ਅਫਜ਼ਲ ਦਸਿਆ ਹੈ। ਜੋਗੀਆਂ ਦੇ ਅਸੂਲ ਜਿਵੇਂ ਕਿ ਮੁੰਦਾਂ, ਖੱਪਰ, ਝੋਲੀ, ਬਿਭੂਤੀ, ਖਿੰਥਾ, ਜੁਗਤਿ, ਡੰਡਾ ਆਦਿ ਦੀ ਥਾਂ ਤੇ ਗੁਰਮਤਿ ਦੇ ਸਿਧਾਂਤ ਜੋ ਕਿ ਆਤਮਕ ਤਰੱਕੀ ਵਿਚ ਸਹਾਈ ਹੁੰਦੇ ਹਨ ਜਿਵੇਂ ਕਿ ਸੰਤੋਖ, ਉਦਮ, ਧਿਆਨ, ਮੌਤ ਨੂੰ ਯਾਦ ਰੱਖਣਾ, ਕਾਇਆਂ ਵਿਚ ਹੀ ਸਭ ਸ਼ਕਤੀਆਂ ਸਮਝਣੀਆਂ, ਪਰਤੀਤ (ਵਿਸ਼ਵਾਸ), ਅਤੇ ਸਭ ਨੂੰ ਆਪਣੇ ਜਮਾਤੀ ਸਮਝ ਕੇ ਸਰਬਤ ਦਾ ਭਲਾ ਲੋਚਨਾ ਆਦਿ, ਸ੍ਰੇਸ਼ਟ ਸਾਬਤ ਕੀਤੇ ਹਨ। | | | |

# ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ

| ਗੁਰਬਾਣੀ ਪਾਠ | ਉਚਾਰਨ ਸੇਧ | ਪਦ ਅਰਥ | ਸਰਲ ਅਰਥ ਵਿਚਾਰ |
|---|---|---|---|
| ਮੁੰਦਾ ਸੰਤੋਖੁ; ਸਰਮੁ ਪਤੁ ਝੋਲੀ; ਧਿਆਨ ਕੀ ਕਰਹਿ ਬਿਭੂਤਿ ॥ | ਮੁੰਦਾਂ, ਸ਼ਰਮ, ਕਰਹਿੰ | ਮੁੰਦਾ = ਮੁੰਦਰਾਂ ਜੋ ਜੋਗੀ ਕੰਨਾਂ ਵਿਚ ਪਹਿਨਦੇ ਹਨ; ਸੰਤੋਖੁ = ਦੁਨੀਆ ਵਿਚੋਂ ਕਿਸੇ ਵੀ ਚੀਜ਼ ਦੀ ਚਾਹਨਾ ਨਾ ਹੋਣੀ ਅਤੇ ਜੋ ਕੁਝ ਹੈ, ਉਸ ਵਿਚ ਖੁਸ਼ ਰਹਿਣ ਦਾ ਗੁਣ; ਸਰਮੁ = ਗੁਰਮਤਿ ਪ੍ਰੇਮਾ ਭਗਤੀ ਲਈ ਉਦਮ ਧਾਰਨ ਕਰਨਾ; ਪਤੁ = ਖੱਪਰ, ਪੱਤਰ, ਇਕ ਭਾਂਡਾ ਜੋ ਜੋਗੀ ਮੰਗਣ ਲਈ ਨਾਲ ਰੱਖਦੇ ਹਨ; ਝੋਲੀ = ਸਾਮਾਨ ਆਦਿ ਰੱਖਣ ਲਈ ਪੱਲਾ ਜੇਹਾ। ਜਦੋਂ ਪੱਤੁ ਭਰ ਜਾਂਦਾ ਹੈ ਤਾਂ ਉਸਨੂੰ ਝੋਲੀ ਵਿਚ ਉਡੇਲ ਦਿੰਦੇ ਹਨ; ਧਿਆਨ = ਨਾਮ ਵਿਚ ਧਿਆਨ ਲਾਉਣਾ; ਕਰਹਿ = ਅਸੀਂ ਕਰਦੇ ਹਾਂ; ਬਿਭੂਤਿ = ਸੁਆਹ ਜੋ ਜੋਗੀ ਸਰੀਰ ਤੇ ਮਲਦੇ ਹਨ। | (ਜੋਗੀ ਨੂੰ ਉਪਦੇਸ਼ ਕਰਦੇ ਹੋਏ ਹਜ਼ੂਰ ਦਸਦੇ ਹਨ ਕਿ) ਕੰਨਾਂ ਵਿਚ ਮੁੰਦਰਾਂ ਪਾਉਣ ਦੀ ਥਾਂ ਤੇ ਅਸੀਂ ਸੰਤੋਖ ਧਾਰਨ ਕਰਦੇ ਹਾਂ, (ਗੁਰਮਤਿ ਨਾਮ ਅਭਿਆਸ ਕਮਾਈ ਲਈ) ਉਦਮ ਦਾ ਪੱਤਰ ਅਤੇ ਝੋਲੀ ਧਾਰਨ ਕਰਦੇ ਹਾਂ ਅਤੇ (ਨਾਮ ਰਾਹੀਂ ਨਾਮੀ ਅਕਾਲ ਪੁਰਖ ਵਿਚ) ਧਿਆਨ (ਲਾਉਣ) ਦੀ ਬਿਭੂਤਿ ਧਾਰਨ ਕਰਦੇ ਹਾਂ।<br><br>ਗੁਰਸਿਖ ਅਸਲੀ ਜੋਗੀ ਹਨ ਜੋ ਸੰਤੋਖ, ਨਾਮ ਸਿਮਰਨ ਲਈ ਉਦਮ ਕਰਨਾ ਅਤੇ ਨਾਮ ਵਿਚ ਧਿਆਨ ਲਾਉਣ ਨੂੰ ਕ੍ਰਮਵਾਰ ਮੁੰਦਰਾਂ, ਪੱਤੁ, ਝੋਲੀ ਅਤੇ ਬਿਭੂਤੀ ਦੀ ਥਾਂ ਤੇ ਧਾਰਨ ਕਰਦੇ ਹਨ। ਨਾਮ ਸਿਮਰਨ ਕਰਨ ਦਾ ਉਦਮ ਧਾਰਨ ਕਰਨ ਦਾ ਅਰਥ ਹੈ ਕਿ ਅੰਮ੍ਰਿਤ ਵੇਲੇ ਉਦਮ ਧਾਰਕੇ ਉਠਣਾ, ਗੁਰਮਤਿ ਇਸ਼ਨਾਨਾ ਸੋਧਕੇ ਗੁਰਮਤਿ ਨਾਮ ਅਭਿਆਸ ਕਮਾਈ ਵਿਚ ਜੁੱਟ ਜਾਣਾ ਅਤੇ ਦਿਨ ਚੜ੍ਹਦੇ ਤੱਕ ਨਾਮ ਅਤੇ ਗੁਰਬਾਣੀ ਨਿਤਨੇਮ, ਅਤੇ ਕੀਰਤਨ ਨਾਲ ਜੁੜੇ ਰਹਿਣਾ। ਦਿਨ ਵੇਲੇ ਵੀ ਉਦਮ ਕਰਕੇ ਬਹਿੰਦਿਆਂ ਉਠਦਿਆਂ ਨਾਮ ਜਪਦੇ ਰਹਿਣਾ। |
| ਖਿੰਥਾ ਕਾਲੁ, ਕੁਆਰੀ ਕਾਇਆ; ਜੁਗਤਿ ਡੰਡਾ ਪਰਤੀਤਿ ॥ | ਕਾਇਆਂ | ਖਿੰਥਾ = ਲੀਰਾਂ ਦੀ ਬਣੀ ਹੋਈ ਗੋਦੜੀ ਜੋ ਜੋਗੀ ਪਹਿਨਦੇ ਹਨ; ਕਾਲੁ = ਮੌਤ; ਕੁਆਰੀ = ਆਦਿ ਕੁਮਾਰੀ। ਇਸਤ੍ਰੀ ਜੋ ਜੋਗੀ ਨਾਲ ਰਖਦੇ ਸਨ ਭਾਂਤਿ ਭਾਂਤਿ ਦੀਆਂ ਸਾਧਨਾਂ ਕਰਨ ਲਈ। ਕੁਆਰੀ ਕੁੜੀ ਨੂੰ ਮਾਧਿਅਮ ਬਣਾ ਕੇ ਮੰਤਰ ਸਾਧਨਾ ਨਾਲ ਉਸ ਪਾਸੋਂ ਗੁਪਤ ਗੱਲਾਂ ਪਤਾ ਕਰਦੇ ਸਨ। ਸਮਾਂ ਪਾ ਕੇ ਸਿਧ ਇਸਤ੍ਰੀਆਂ ਰੱਖਣ ਲਗ ਪਏ ਅਤੇ ਇਹ ਇਸਤ੍ਰੀਆਂ ਨਾਥਣੀਆਂ ਕਹਾਉਂਦੀਆਂ ਸਨ। ਉਹ ਆਦਿ ਕੁਮਾਰੀ ਨੂੰ ਸ਼ਕਤੀ ਦਾ ਪ੍ਰਤੀਕ ਮੰਨਦੇ ਹਨ ਅਤੇ ਇਹ ਮੰਨਦੇ ਹਨ ਕਿ ਖਾਸ ਸਾਧਨਾ ਵੇਲੇ ਇਸ ਆਦਿ ਕੁਮਾਰੀ ਵਿਚ ਦੈਵੀ ਸ਼ਕਤੀਆਂ ਪਰਗਟ ਹੋ ਜਾਂਦੀਆਂ ਹਨ ਅਤੇ ਆਗਮ ਨਿਗਮ ਦੀਆਂ ਗੱਲਾਂ ਉਸ ਪਾਸੋਂ ਪਤਾ ਲਗਦੀਆਂ ਹਨ; ਕਾਇਆ = ਸਰੀਰ; ਜੁਗਤਿ = ਇਕ ਪੱਤਰੀ ਜਿਸਤੇ ਜੋਗੀ ਜੋਗ ਦੀ ਜੁਗਤਿ ਲਿਖ ਕੇ ਕੋਲ ਰੱਖਦੇ ਹਨ; ਡੰਡਾ = ਹੋਰਨਾਂ ਦੇ ਮੰਤ੍ਰਾਂ ਦੇ ਅਸਰ ਨੂੰ ਰੋਕਣ ਲਈ ਕੋਲ ਡੰਡਾ ਰਖਦੇ ਹਨ; ਪਰਤੀਤਿ = ਸਤਿਗੁਰਾਂ ਤੇ ਭਰੋਸਾ। | ਖਿੰਥਾ ਦੀ ਥਾਂ ਤੇ ਅਸੀਂ ਕਾਲ ਨੂੰ ਸਿਰ ਪਰ ਸਮਝਦੇ ਹਾਂ, ਆਦਿ ਕੁਮਾਰੀ ਆਪਣੀ ਕਾਇਆਂ ਨੂੰ ਹੀ ਸਮਝਦੇ ਹਾਂ, ਜੋਗ ਦੀ ਜੁਗਤਿ ਅਤੇ (ਹੋਰਨਾਂ ਦੇ ਮੰਤਰ ਦੇ ਅਸਰ ਨੂੰ ਘਟਾਉਣ ਲਈ) ਡੰਡੇ ਦੀ ਥਾਂ ਤੇ (ਅਕਾਲ ਪੁਰਖ ਵਿਚ ਪੂਰਨ) ਯਕੀਨ ਜਾਂ ਪਰਤੀਤ ਰਖਦੇ ਹਾਂ।<br><br>ਖਿੰਥਾ ਭਾਵ ਗੋਦੜੀ ਧਾਰਨ ਕਰਕੇ ਜੋਗੀ ਅਨੁਮਾਨ ਕਰਦੇ ਹਨ ਕਿ ਉਹ ਸੰਸਾਰੀ ਪਾਪਾਂ ਅਤੇ ਜੰਜਾਲਾਂ ਤੋਂ ਬਚ ਜਾਂਦੇ ਹਨ। ਗੁਰੂ ਜੀ ਦਾ ਸਿਧਾਂਤ ਹੈ ਕਿ ਸਦਾ ਮੌਤ ਨੂੰ ਚੇਤੇ ਰਖਣ ਨਾਲ ਨਾਲ ਸੰਸਾਰੀ ਪਾਪਾਂ ਅਤੇ ਜੰਜਾਲਾਂ ਤੋਂ ਸਹਿਜ ਹੀ ਬਚ ਜਾਈਦਾ ਹੈ।<br><br>ਪਰਾਈ ਕਾਇਆਂ (ਪਰ ਇਸਤ੍ਰੀ ਦੀ ਕਾਇਆਂ) ਜੋ ਜੋਗੀ ਸਾਧਨਾ ਵਾਸਤੇ ਵਰਤਦੇ ਹਨ, ਜਿਸ ਆਦਿ ਕੁਮਾਰੀ ਨਾਲ ਉਹ ਸਰੀਰਕ ਸੰਬੰਧ ਵੀ ਬਣਾਉਂਦੇ ਹਨ, ਅਤੇ ਜਿਸ ਰਾਹੀਂ ਉਹ ਸ਼ਕਤੀ ਦੀ ਪੂਜਾ ਕਰਦੇ ਹੋਏ ਇਸ ਕੁਮਾਰੀ ਵਿਚ ਦੈਵੀ ਸ਼ਕਤੀਆਂ ਪਰਗਟ ਕਰਨਾ ਅਨੁਮਾਨ ਕਰਦੇ ਹਨ, ਦੀ ਥਾਂ ਤੇ ਗੁਰਮਤਿ ਧਾਰਨ ਕਰਕੇ ਗੁਰਮੁਖਿ ਇਸ ਕਾਇਆਂ ਵਿਚ ਹੀ ਮਹਾਨ ਦੈਵੀ ਸ਼ਕਤੀਆਂ ਪੈਦਾ ਕਰ ਲੈਂਦੇ ਹਨ। ਕੁਮਾਰੀਆਂ ਦੇ ਚੱਕਰ ਵਿਚ ਪੈਣ ਵਾਲੇ ਮਹਾਂ ਨਿਖੇਧਤ ਕਰਮ, ਗੁਰਮੁਖਿ ਕਦੇ ਨਹੀਂ ਕਰਦੇ। ਉਹ ਪਰਾਈ ਇਸਤ੍ਰੀ ਦੇ ਸੰਗਿ ਤੋਂ ਪੈਦਾ ਹੋਈ ਸ਼ਕਤੀ ਨੂੰ ਮਹਾਂ ਲਾਹਣਤ ਸਮਝਦੇ ਹਨ। |
| ਆਈ ਪੰਥੀ ਸਗਲ ਜਮਾਤੀ; ਮਨਿ ਜੀਤੈ ਜਗੁ ਜੀਤੁ ॥ | | ਆਈ ਪੰਥੀ = ਜੋਗੀਆਂ ਦੇ ਬਾਰ੍ਹਾਂ ਫਿਰਕਿਆਂ ਚੋਂ ਇਕ ਫਿਰਕਾ; ਸਗਲ ਜਮਾਤੀ = ਸਭ ਨੂੰ ਜਮਾਤੀ ਭਾਵ ਆਪਣੇ ਸਮਝਣਾ; ਮਨਿ ਜੀਤੈ = ਮਨ ਦੇ ਜਿਤਿਆਂ, ਮਨ ਜਿਤਣ ਕਰਕੇ; ਜਗੁ ਜੀਤੁ = ਜਗ ਜਿਤਣ ਵਾਲਾ। | ਜੋਗੀਆਂ ਦੇ ਆਈ ਪੰਥੀ ਫਿਰਕੇ ਦੀ ਥਾਂ ਤੇ ਅਸੀਂ ਸਭ ਨੂੰ ਆਪਣੇ ਜਮਾਤੀ ਸਮਝਕੇ ਉਹਨਾਂ ਨਾਲ ਹਿੱਤ ਕਰਦੇ ਹਾਂ। (ਜਗ ਨੂੰ ਜਿੱਤਣ ਦੀ ਜੋਗੀਆਂ ਦੀ ਪਰਬਲ ਇਛਾ ਦੀ ਬਜਾਏ ਅਸੀਂ ਮਨ ਨੂੰ ਜਿੱਤਣ ਦਾ ਉਦਮ ਕਰਦੇ ਹਾਂ ਕਿਉਂਕਿ) ਮਨ ਦੇ ਜਿਤਿਆਂ ਜਗ ਜੀਤ ਬਣ ਜਾਈਦਾ ਹੈ। |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਪਦ ਅਰਥ | ਸਰਲ ਅਰਥ ਵਿਚਾਰ |
| ਆਦੇਸੁ, ਤਿਸੈ ਆਦੇਸੁ ॥ | | ਆਦੇਸੁ = ਪ੍ਰਣਾਮ। ਜੋਗੀ ਮਿਲਣ ਵੇਲੇ ਪ੍ਰਣਾਮ ਦੀ ਥਾਂ ਆਦੇਸ ਕਰਦੇ ਸਨ। ਉਹ ਆਪਣੇ ਗੁਰੂ ਦੇ ਹੁਕਮ ਨੂੰ ਯਾਦ ਕਰਦੇ ਹੋਏ ਆਦੇਸ ਕਹਿੰਦੇ ਸਨ ਅਤੇ ਬਾਅਦ ਵਿਚ ਆਦੇਸ ਦਾ ਅਰਥ ਪ੍ਰਣਾਮ ਦੇ ਅਰਥਾਂ ਵਿਚ ਤਬਦੀਲ ਹੋ ਗਿਆ। ਸੋ ਇਥੇ ਆਦੇਸ ਦਾ ਅਰਥ ਪ੍ਰਣਾਮ ਹੀ ਹੈ। | (ਜੋਗੀਆਂ ਦੇ ਗੁਰੂ ਨੂੰ ਆਦੇਸ ਕਰਨ ਦੀ ਬਜਾਏ) ਸਾਡਾ ਆਦੇਸ ਹੈ, ਤਿਸੇ ਨੂੰ ਹੀ ਸਾਡਾ ਆਦੇਸ ਹੈ (ਜੋ); |
| ਆਦਿ, ਅਨੀਲੁ, ਅਨਾਦਿ, ਅਨਾਹਤਿ; ਜੁਗੁ ਜੁਗੁ ਏਕੋ ਵੇਸੁ ॥੨੮॥ | | ਆਦਿ = ਸਭ ਦਾ ਮੁੱਢ; ਅਨੀਲੁ = ਨੀਲ ਸੰਖ ਆਦਿ ਗਿਣਤੀਆਂ ਤੋਂ ਰਹਿਤ; ਅਨਾਦਿ = ਅਨ+ਆਦਿ = ਆਦਿ ਤੋਂ ਰਹਿਤ; ਅਨਾਹਤਿ = ਅਨ+ਆਹਤ = ਦੁਨਿਆਵੀ ਆਹਤ ਤੋਂ ਰਹਿਤ, ਨਿਰਗੁਣ ਰੂਪ। ਜੁਗੁ ਜੁਗੁ = ਹਰ ਜੁਗ। | ਸਭ ਦਾ ਮੁੱਢ ਹੈ, ਗਿਣਤੀ ਤੋਂ ਰਹਿਤ ਹੈ, ਆਦਿ ਤੋਂ ਰਹਿਤ ਹੈ, ਨਿਰਗੁਣ ਰੂਪ ਹੈ ਅਤੇ ਜੁਗ ਜੁਗ ਏਕੋ ਵੇਸ ਭਾਵ ਏਕੋ ਜੇਹਾ ਰਹਿੰਦਾ ਹੈ। |
| ਭੁਗਤਿ ਗਿਆਨੁ; ਦਇਆ ਭੰਡਾਰਣਿ; ਘਟਿ ਘਟਿ ਵਾਜਹਿ ਨਾਦ ॥ | ਵਾਜਹਿਂ | ਭੁਗਤਿ = ਸਿਧਾਂ ਦੇ ਡੇਰਿਆਂ ਤੇ ਵਰਤਣ ਵਾਲਾ ਭੋਜਨ; ਗਿਆਨੁ = ਗੁਰਮਤਿ ਨਾਮ ਭਜਨ ਰੂਪੀ ਤਤ ਗਿਆਨ, ਯਥਾ - "ਹਰਿ ਭਜਨੁ ਤਤੁ ਗਿਆਨੁ"; ਦਇਆ = ਅਕਾਲ ਪੁਰਖ ਦੀ ਦਇਆ ਜਾਂ ਕਿਰਪਾ; ਭੰਡਾਰਣਿ = ਸਿਧਾਂ ਨੂੰ ਭੋਜਨ ਵੰਡਣ ਵਾਲੀ; ਘਟਿ ਘਟਿ ਵਾਜਹਿ ਨਾਦ = ਘਟ ਘਟ ਵਿਖੇ, ਹਿਰਦੇ ਹਿਰਦੇ ਵਿਖੇ ਵਜ ਰਹੇ ਅਨਹਦ ਨਾਦ। | (ਪਿਛਲੀ ਪਉੜੀ ਤੋਂ ਜੋਗੀਆਂ ਨੂੰ ਸੰਬੋਧਨ ਜਾਰੀ ਰਖਦੇ ਹੋਏ ਗੁਰੂ ਜੀ ਫੁਰਮਾਉਂਦੇ ਹਨ ਕਿ ਤੁਹਾਡੇ ਭੰਡਾਰਿਆਂ ਵਾਲੀ) ਭੁਗਤਿ ਦੀ ਥਾਂ ਤੇ ਗੁਰਮਤਿ ਭਜਨ ਰੂਪੀ ਗਿਆਨ ਸਾਡੀ ਭੁਗਤਿ ਹੈ ਅਤੇ ਇਸ ਗਿਆਨ ਨੂੰ ਵੰਡਣ ਵਾਲੀ ਭੰਡਾਰਣਿ ਅਕਾਲ ਪੁਰਖ ਦੀ ਦਇਆ ਹੈ। ਤੁਹਾਡੇ ਸਿੰਙੀ ਵਾਲੇ ਨਾਦ ਦੇ ਥਾਂਵੇਂ ਅਕਾਲ ਪੁਰਖ ਦੇ ਨਾਮ ਦੇ ਅਨਹਦ ਨਾਦ ਹਰੇਕ ਸਰੀਰ ਵਿਚ ਵੱਜ ਰਹੇ ਹਨ (ਸੋ ਸਾਨੂੰ ਸੁਣ ਰਹੇ ਹਨ)। |
| ਆਪਿ ਨਾਥੁ, ਨਾਥੀ ਸਭ ਜਾ ਕੀ; ਰਿਧਿ ਸਿਧਿ ਅਵਰਾ ਸਾਦ ॥ | | ਨਾਥੁ = ਸੁਆਮੀ; ਨਾਥੀ = ਨੱਥੀ ਹੋਈ; ਰਿਧਿ ਸਿਧਿ = ਕਰਾਮਾਤੀ ਸ਼ਕਤੀਆਂ; ਅਵਰਾ = ਹੋਛਾ, ਘਟੀਆ। ਉਤਮ, ਮਧਮ ਅਤੇ ਅਵਰਾ, ਇਹ ਤਿਨ ਤਰ੍ਹਾਂ ਦੇ ਸੁਆਦ ਮੰਨੇ ਗਏ ਹਨ ਅਤੇ ਅਵਰਾ ਦਾ ਅਰਥ ਇਥੇ ਅਵਰ ਜਾਂ ਹੋਰ ਨਹੀਂ ਹੈ ਬਲਕਿ ਹੋਛਾ ਜਾਂ ਘਟੀਆ ਹੈ; ਸਾਦ = ਸੁਆਦ। | (ਜੋਗੀ ਆਪਣੇ ਗੁਰੂ ਨੂੰ ਨਾਥ ਮੰਨਦੇ ਹਨ ਪਰ ਗੁਰੂ ਜੀ ਦਸਦੇ ਹਨ ਕਿ) ਅਕਾਲ ਪੁਰਖ ਖੁਦ ਆਪ ਸਭ ਦਾ ਨਾਥ ਹੈ ਅਤੇ ਸਗਲੀ ਸ੍ਰਿਸ਼ਟੀ ਉਸਦੀ ਨੱਥੀ ਹੋਈ ਹੈ ਭਾਵ ਉਸਦੇ ਵੱਸ ਵਿਚ ਹੈ; ਤੁਹਾਡੇ ਰਿਧਿ ਸਿਧਿ ਵਾਲੇ ਸੁਆਦ ਘਟੀਆ ਸੁਆਦ ਹਨ।<br><br>ਸਿਧਾਂ ਦੇ ਗੁਰੂ ਜਿਨਾਂ ਨੂੰ ਉਹ ਨਾਥ ਦਸਦੇ ਹਨ ਦੇ ਮੁਕਾਬਲੇ ਗੁਰੂ ਜੀ ਨੇ ਅਕਾਲ ਪੁਰਖ ਨੂੰ ਆਪਣਾ ਨਾਥ ਦਸਿਆ ਹੈ। ਨਾਥ ਆਪਣੇ ਅੰਗਾਂ ਨੂੰ ਨੱਥ ਕੇ ਭਾਵ ਵੱਸ ਕਰਕੇ ਨਾਥ ਅਖਵਾਉਂਦੇ ਹਨ ਪਰ ਅਕਾਲ ਪੁਰਖ ਨੇ ਸਾਰੀ ਸ੍ਰਿਸ਼ਟੀ ਹੀ ਵੱਸ ਕਰਕੇ ਨੱਥੀ ਹੋਈ ਹੈ। ਰਿਧਿ ਸਿਧਿ ਦੇ ਮੁਕਾਬਲੇ ਤੇ ਗੁਰੂ ਜੀ ਨੇ ਆਪਣਾ ਸਿਧਾਂਤ ਨਹੀਂ ਦਸਿਆ ਕਿਉਂਕਿ ਗੁਰੂ ਜੀ ਰਿਧਿ ਸਿਧਿ ਦੇ ਰਸਾਂ ਨੂੰ ਹੋਛੇ ਰਸ ਮੰਨਦੇ ਹਨ, ਸੋ ਇਨ੍ਹਾਂ ਨੂੰ ਅਵਰਾ (ਹੋਛਾ, ਘਟੀਆ) ਰਸ ਦਸਕੇ ਮੂਲੋਂ ਹੀ ਰੱਦ ਕਰ ਦਿਤਾ ਹੈ। |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਪਦ ਅਰਥ** | **ਸਰਲ ਅਰਥ ਵਿਚਾਰ** |
| ਸੰਜੋਗੁ ਵਿਜੋਗੁ ਦੁਇ, ਕਾਰ ਚਲਾਵਹਿ; ਲੇਖੇ ਆਵਹਿ ਭਾਗ ॥ | ਚਲਾਵਹਿੰ, ਆਵਹਿੰ | ਸੰਜੋਗੁ = ਅਕਾਲ ਪੁਰਖ ਦੀ ਰਜ਼ਾ ਵਿਚ, ਕਰਮਾਂ ਅਨੁਸਾਰ, ਜੀਵਾਂ ਦਾ ਮਿਲਾਪ; ਵਿਜੋਗੁ = ਅਕਾਲ ਪੁਰਖ ਦੀ ਰਜ਼ਾ ਅਨੁਸਾਰ, ਕਰਮਾਂ ਅਨੁਸਾਰ, ਜੀਵਾਂ ਦਾ ਵਿਛੋੜਾ; ਕਾਰ ਚਲਾਵਹਿ = ਸੰਸਾਰ ਦੀ ਕਾਰ ਚਲਾਉਂਦੇ ਹਨ; ਲੇਖੇ = ਕਰਮਾਂ ਦੇ ਲੇਖੇ ਅਨੁਸਾਰ ਪ੍ਰਭੂ ਦੀ ਰਜ਼ਾ ਵਿਚ; ਆਵਹਿ = ਆਉਂਦੇ ਹਨ, ਮਿਲਦੇ ਹਨ; ਭਾਗ = ਪਰਮਾਰਥੀ ਭਾਗ, ਪ੍ਰਭੂ ਮਿਲਾਪ ਦੇ ਭਾਗ। | (ਅਕਾਲ ਪੁਰਖ ਵਲੋਂ ਨੱਥੀ ਹੋਈ ਭਾਵ ਵੱਸ ਕੀਤੀ ਹੋਈ ਸ੍ਰਿਸ਼ਟੀ ਬਾਰੇ ਦਸਦੇ ਹਨ ਕਿ) ਸੰਜੋਗ ਤੇ ਵਿਜੋਗ ਦੋਵੇਂ (ਜੋ ਕਿ ਪ੍ਰਭੂ ਦੀ ਰਜ਼ਾ ਵਿਚ ਕਰਮਾਂ ਅਨੁਸਾਰ ਕੰਮ ਕਰਦੇ ਹਨ), ਸੰਸਾਰ ਦੀ ਕਾਰ ਚਲਾਉਂਦੇ ਹਨ (ਜਿੰਨਾਂ ਦੇ ਅਧੀਨ ਹੋਏ ਜੀਵ ਮਿਲਦੇ ਤੇ ਵਿਛੁੜਦੇ ਰਹਿੰਦੇ ਹਨ ਪਰ ਸ਼ੁਭ ਕਰਮਾਂ ਦੇ) ਲੇਖੇ ਅਨੁਸਾਰ ਉਹ ਭਾਗ (ਵਡਭਾਗ) ਜੀਵਾਂ ਨੂੰ ਮਿਲਦੇ ਹਨ (ਜਿਨਾਂ ਸਦਕਾ ਜੀਵ ਨਾਮ ਜਪਕੇ, ਸੰਜੋਗ ਵਿਜੋਗ ਦੇ ਕਰਮਾਂ ਦੇ ਚੱਕਰ 'ਚੋਂ ਛੁਟ ਕੇ ਮੁਕਤ ਹੁੰਦੇ ਹਨ)।<br><br>ਉਦਾਂ ਜੀਵ ਕਰਮਾਂ ਦੇ ਲੇਖੇ ਵਿਚ ਉਲਝੇ ਹੀ ਰਹਿੰਦੇ ਹਨ ਅਤੇ ਸੰਜੋਗ ਵਿਜੋਗ ਦੀਆਂ ਦੋ ਕਰਮ ਸ਼ਕਤੀਆਂ ਅਨੁਸਾਰ ਮਿਲਦੇ ਵਿਛੁੜਦੇ ਰਹਿੰਦੇ ਹਨ। ਕਦੇ ਜੀਵ ਪਾਸੋਂ ਕੁਝ ਅਜਿਹੇ ਸ਼ੁਭ ਕਰਮ ਹੋ ਜਾਂਦੇ ਹਨ, ਜਿਨਾਂ ਦੇ ਲੇਖੇ ਅਨੁਸਾਰ, ਜੀਵਾਂ ਨੂੰ ਉਹ ਸੁਲੱਖਣੇ ਭਾਗ ਪ੍ਰਾਪਤ ਹੁੰਦੇ ਹਨ ਜਿਨਾਂ ਅਨੁਸਾਰ ਉਹਨਾਂ ਨੂੰ ਸਤਿਗੁਰੂ ਜੀ ਮਿਲਦੇ ਹਨ ਅਤੇ ਉਹ ਗੁਰਮਤਿ ਧਾਰਨ ਕਰਕੇ ਇਥੋਂ ਮੁਕਤ ਹੋ ਜਾਂਦੇ ਹਨ ਜਿਵੇਂ ਕਿ ਹੁਕਮ ਹੈ ਕਿ "ਬਿਨੁ ਭਾਗਾ ਸਤਿਸੰਗ ਨ ਲਭੈ, ਬਿਨੁ ਸੰਗਤ, ਮੈਲੁ ਭਰੀਜੈ ਜੀਉ ॥" |
| ਆਦੇਸੁ, ਤਿਸੈ ਆਦੇਸੁ ॥ | | ਆਦੇਸੁ = ਪ੍ਰਣਾਮ। ਜੋਗੀਆਂ ਮਿਲਣ ਵੇਲੇ ਪ੍ਰਣਾਮ ਦੀ ਥਾਂ ਆਦੇਸ ਕਰਦੇ ਸਨ। ਉਹ ਆਪਣੇ ਗੁਰੂ ਦੇ ਹੁਕਮ ਨੂੰ ਯਾਦ ਕਰਦੇ ਹੋਏ ਆਦੇਸ ਕਹਿੰਦੇ ਸਨ ਅਤੇ ਬਾਅਦ ਵਿਚ ਆਦੇਸ ਦਾ ਅਰਥ ਪ੍ਰਣਾਮ ਦੇ ਅਰਥਾਂ ਵਿਚ ਤਬਦੀਲ ਹੋ ਗਿਆ। ਸੋ ਇਥੇ ਆਦੇਸ ਦਾ ਅਰਥ ਪ੍ਰਣਾਮ ਹੀ ਹੈ। | (ਜੋਗੀਆਂ ਦੇ ਗੁਰੂ ਨੂੰ ਆਦੇਸ ਕਰਨ ਦੀ ਬਜਾਏ) ਸਾਡਾ ਆਦੇਸ ਹੈ, ਤਿਸੇ ਨੂੰ ਹੀ ਸਾਡਾ ਆਦੇਸ ਹੈ (ਜੋ); |
| ਆਦਿ, ਅਨੀਲੁ, ਅਨਾਦਿ, ਅਨਾਹਤਿ; ਜੁਗੁ ਜੁਗੁ ਏਕੋ ਵੇਸੁ ॥੨੯॥ | | ਆਦਿ = ਸਭ ਦਾ ਮੁੱਢ; ਅਨੀਲੁ = ਨੀਲ ਸੰਖ ਆਦਿ ਗਿਣਤੀਆਂ ਤੋਂ ਰਹਿਤ; ਅਨਾਦਿ = ਅਨ+ਆਦਿ = ਆਦਿ ਤੋਂ ਰਹਿਤ; ਅਨਾਹਤਿ = ਅਨ+ਆਹਤ = ਦੁਨਿਆਵੀ ਆਹਤ ਤੋਂ ਰਹਿਤ, ਨਿਰਗੁਣ ਰੂਪ। ਜੁਗੁ ਜੁਗੁ = ਹਰ ਜੁਗ। | ਸਭ ਦਾ ਮੁੱਢ ਹੈ, ਗਿਣਤੀ ਤੋਂ ਰਹਿਤ ਹੈ, ਆਦਿ ਤੋਂ ਰਹਿਤ ਹੈ, ਨਿਰਗੁਣ ਰੂਪ ਹੈ ਅਤੇ ਜੁਗ ਜੁਗ ਏਕੋ ਵੇਸ ਭਾਵ ਏਕੋ ਜੇਹਾ ਰਹਿੰਦਾ ਹੈ। |
| ਏਕਾ ਮਾਈ, ਜੁਗਤਿ ਵਿਆਈ; ਤਿਨਿ ਚੇਲੇ ਪਰਵਾਣੁ ॥ | | ਏਕਾ ਮਾਈ = ਇਕ ਮਾਈ, ਇਕ ਇਸਤ੍ਰੀ, ਇਥੇ ਭਾਵ ਹੈ ਮਾਇਆ ਦਾ; ਜੁਗਤਿ ਵਿਆਈ = ਜੁਗਤਿ ਨਾਲ ਸੂਈ ਗਈ, ਪ੍ਰਸੂਤ ਹੋਈ; ਤਿਨਿ ਚੇਲੇ ਪਰਵਾਣੁ = ਤਿਨ ਚੇਲੇ ਮਾਇਆ ਦੇ ਪਰਵਾਣ ਹੋਏ ਭਾਵ ਪੈਦਾ ਹੋਏ ਪ੍ਰਸੂਤ ਦੇ ਨਤੀਜੇ ਵਜੋਂ। | (ਅਕਾਲ ਪੁਰਖ ਨੇ ਪਹਿਲਾਂ ਸੁੰਨ ਤੋਂ ਭਾਵ ਨਿਰਗੁਣ ਤੋਂ ਮਾਇਆ ਪੈਦਾ ਕੀਤੀ ਅਤੇ ਫੇਰ) ਜੁਗਤੀ ਨਾਲ ਇਕ ਮਾਈ ਭਾਵ ਮਾਇਆ ਨੂੰ ਪ੍ਰਸੂਤ ਕੀਤਾ ਭਾਵ ਮਾਇਆ ਵਿਚੋਂ (ਮਾਇਆ ਦੇ) ਤਿਨ ਚੇਲੇ ਪਰਵਾਣ ਕੀਤੇ ਭਾਵ ਪੈਦਾ ਕੀਤੇ।<br><br>ਇਸ ਪੰਕਤੀ ਤੋਂ ਇਹ ਅਸਰ ਨਹੀਂ ਲੈਣਾ ਚਾਹੀਦਾ ਕਿ ਮਾਇਆ ਆਪਣੇ ਆਪ ਹੀ ਸੂਈ ਅਤੇ ਆਪ ਹੀ ਉਸਨੇ ਤਿਨ ਚੇਲੇ ਪੈਦਾ ਕੀਤੇ ਜੈਸਾ ਕਿ ਅਦਵੈਤ ਵੇਦਾਂਤ ਵਾਲੇ ਅਨੁਮਾਨ ਕਰਦੇ ਹਨ ਕਿ ਅਵਿਦਿਆ ਜਾਂ ਮਾਇਆ ਨੇ ਹੀ ਜਗਤ ਪੈਦਾ ਕੀਤਾ ਹੈ ਆਦਿ। ਮਾਇਆ ਸੂਈ ਅਤੇ ਇਸ ਵਿਚੋਂ ਤਿਨ ਚੇਲੇ ਪੈਦਾ ਹੋਏ ਇਕ ਕਹਿਣ ਦਾ ਤਰੀਕਾ ਹੈ ਕਿ ਅਕਾਲ ਪੁਰਖ ਨੇ ਮਾਇਆ ਪੈਦਾ ਕਰਕੇ, ਮਾਇਆ ਵਿਚੋਂ ਤਿਨ ਚੇਲੇ ਬ੍ਰਹਮਾ, ਬਿਸ਼ਨ ਤੇ ਮਹੇਸ਼ ਪੈਦਾ ਕੀਤੇ। |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਪਦ ਅਰਥ** | **ਸਰਲ ਅਰਥ ਵਿਚਾਰ** |
| ਇਕੁ ਸੰਸਾਰੀ, ਇਕੁ ਭੰਡਾਰੀ, ਇਕੁ ਲਾਏ ਦੀਬਾਣੁ ॥ | | ਇਕੁ ਸੰਸਾਰੀ = ਬ੍ਰਹਮਾ ਜਿਸਨੇ ਸ੍ਰਿਸ਼ਟੀ ਦੀ ਘਾੜਤਿ ਘੜੀ; ਇਕੁ ਭੰਡਾਰੀ = ਵਿਸ਼ਨੂ ਜੋ ਸ੍ਰਿਸ਼ਟੀ ਨੂੰ ਭਰਦਾ ਹੈ ਭਾਵ ਸੰਭਾਲ ਕਰਦਾ ਹੈ; ਇਕੁ ਲਾਏ ਦੀਬਾਣੁ = ਇਕ ਦਿਵਾਨ ਲਾਉਂਦਾ ਹੈ ਭਾਵ ਕਚਹਿਰੀ ਲਾਉਂਦਾ ਹੈ ਭਾਵ ਸ਼ਿਵ। | (ਤਿਨ ਚੇਲਿਆਂ ਬਾਰੇ ਦਸਦੇ ਹੋਏ ਹਜ਼ੂਰ ਫੁਰਮਾਉਂਦੇ ਹਨ ਕਿ) ਇਕ ਸੰਸਾਰ ਨੂੰ ਬਨਾਉਣ ਵਾਲਾ ਬ੍ਰਹਮਾ ਹੈ, ਇਕ ਪਾਲਨ ਵਾਲਾ ਵਿਸ਼ਨੂ ਹੈ ਅਤੇ ਇਕ ਤਬਾਹ ਕਰਨਵਾਲਾ ਸ਼ਿਵ ਹੈ, (ਇਹ ਤਿਨ ਚੇਲੇ ਪੈਦਾ ਕੀਤੇ ਹਨ ਅਕਾਲ ਪੁਰਖ ਨੇ ਮਾਇਆ ਵਿਚੋਂ)। |
| ਜਿਵ ਤਿਸੁ ਭਾਵੈ, ਤਿਵੈ ਚਲਾਵੈ; ਜਿਵ ਹੋਵੈ ਫੁਰਮਾਣੁ ॥ | ਤਿਵੈਂ | ਜਿਵ ਤਿਸੁ ਭਾਵੈ = ਜਿਦਾਂ ਉਸਨੂੰ (ਅਕਾਲ ਪੁਰਖ ਨੂੰ) ਭਾਉਂਦਾ ਹੈ; ਤਿਵੈ ਚਲਾਵੈ = ਉਵੇਂ ਹੀ ਉਹ ਤਿਨਾਂ ਨੂੰ ਭਾਵ ਬ੍ਰਹਮਾ, ਬਿਸ਼ਨ ਅਤੇ ਮਹੇਸ਼ ਨੂੰ ਚਲਾਉਂਦਾ ਹੈ; ਜਿਵ ਹੋਵੈ ਫੁਰਮਾਣੁ = ਜਿਵ ਫੁਰਮਾਣੁ ਹੋਵੈ, (ਤਿਵ) ਹੋਵੈ। ਸੋ "ਹੋਵੈ" ਦੇਹੁਲੀ ਦੀਪਕ ਵਾਂਗ ਵਰਤਿਆ ਗਿਆ ਹੈ। | ਜਿਵੇਂ ਅਕਾਲ ਪੁਰਖ ਨੂੰ ਭਾਉਂਦਾ ਹੈ ਉਵੇਂ ਹੀ ਉਹ (ਇਨ੍ਹਾਂ ਤਿਨਾਂ ਨੂੰ) ਚਲਾਉਂਦਾ ਹੈ; ਜਿਵੇਂ ਉਸਦਾ ਫੁਰਮਾਨ (ਹੁਕਮ) ਹੁੰਦਾ ਹੈ, ਉਵੇਂ ਹੁੰਦਾ ਹੈ ਭਾਵ ਉਵੇਂ ਹੀ ਇਹ ਤਿਨੇ ਕਰਦੇ ਹਨ (ਪਰ); |
| ਓਹੁ ਵੇਖੈ, ਓਨਾ ਨਦਰਿ ਨ ਆਵੈ; ਬਹੁਤਾ ਏਹੁ ਵਿਡਾਣੁ ॥ | ਓਨਾਂ | ਓਹੁ ਵੇਖੈ = ਉਹ (ਪ੍ਰਭੂ) ਦੇਖਦਾ ਹੈ; ਓਨਾ ਨਦਰਿ ਨ ਆਵੈ = ਪਰ ਉਹਨਾਂ ਨੂੰ (ਬ੍ਰਹਮਾ, ਬਿਸ਼ਨ ਅਤੇ ਮਹੇਸ਼ ਨੂੰ), ਅਕਾਲ ਪੁਰਖ ਨਦਰਿ ਨਹੀਂ ਆਉਂਦਾ; ਬਹੁਤਾ ਏਹੁ ਵਿਡਾਣੁ = ਇਹ ਬਹੁਤ ਹੀ ਹੈਰਾਨੀਜਨਕ ਕਉਤਕ ਹੈ। | ਬਹੁਤਾ ਵਿਡਾਣ (ਬਹੁਤ ਅਸਚਰਜ ਵਾਲੀ ਗੱਲ) ਇਹ ਹੈ ਕਿ, ਅਕਾਲ ਪੁਰਖ, ਬ੍ਰਹਮਾ, ਬਿਸ਼ਨ ਤੇ ਮਹੇਸ਼ ਨੂੰ ਵਾਚ ਰਿਹਾ ਹੈ ਪਰ ਉਹਨਾਂ ਨੂੰ ਕੋਈ ਖਬਰ ਨਹੀਂ ਕਿ ਪ੍ਰਭੂ ਹੈ ਤੇ ਉਹਨਾਂ ਨੂੰ ਵਾਚ ਰਿਹਾ ਹੈ।<br><br>ਸੋ ਅਕਾਲ ਪੁਰਖ ਉਹਨਾਂ ਨੂੰ ਚਲਾ ਰਿਹਾ ਹੈ ਪਰ ਉਹਨਾਂ ਨੂੰ ਪਤਾ ਵੀ ਨਹੀਂ। ਐਸੀ ਅਚਰਜ ਲੀਲਾ ਹੈ ਅਕਾਲ ਪੁਰਖ ਦੀ। |
| ਆਦੇਸੁ, ਤਿਸੈ ਆਦੇਸੁ ॥ | | ਆਦੇਸੁ = ਪ੍ਰਣਾਮ। ਜੋਗੀਆਂ ਮਿਲਣ ਵੇਲੇ ਪ੍ਰਣਾਮ ਦੀ ਥਾਂ ਆਦੇਸ ਕਰਦੇ ਸਨ। ਉਹ ਆਪਣੇ ਗੁਰੂ ਦੇ ਹੁਕਮ ਨੂੰ ਯਾਦ ਕਰਦੇ ਹੋਏ ਆਦੇਸ ਕਹਿੰਦੇ ਸਨ ਅਤੇ ਬਾਅਦ ਵਿਚ ਆਦੇਸ ਦਾ ਅਰਥ ਪ੍ਰਣਾਮ ਦੇ ਅਰਥਾਂ ਵਿਚ ਤਬਦੀਲ ਹੋ ਗਿਆ। ਸੋ ਇਥੇ ਆਦੇਸ ਦਾ ਅਰਥ ਪ੍ਰਣਾਮ ਹੀ ਹੈ। | (ਜੋਗੀਆਂ ਦੇ ਗੁਰੂ ਨੂੰ ਆਦੇਸ ਕਰਨ ਦੀ ਬਜਾਏ) ਸਾਡਾ ਆਦੇਸ ਹੈ, ਤਿਸੇ ਨੂੰ ਹੀ ਸਾਡਾ ਆਦੇਸ ਹੈ (ਜੋ); |
| ਆਦਿ, ਅਨੀਲੁ, ਅਨਾਦਿ, ਅਨਾਹਤਿ; ਜੁਗੁ ਜੁਗੁ ਏਕੋ ਵੇਸੁ ॥੩੦॥ | | ਆਦਿ = ਸਭ ਦਾ ਮੁੱਢ; ਅਨੀਲੁ = ਨੀਲ ਸੰਖ ਆਦਿ ਗਿਣਤੀਆਂ ਤੋਂ ਰਹਿਤ; ਅਨਾਦਿ = ਅਨ+ਆਦਿ = ਆਦਿ ਤੋਂ ਰਹਿਤ; ਅਨਾਹਤਿ = ਅਨ+ਆਹਤ = ਦੁਨਿਆਵੀ ਆਹਤ ਤੋਂ ਰਹਿਤ, ਨਿਰਗੁਣ ਰੂਪ। ਜੁਗੁ ਜੁਗੁ = ਹਰ ਜੁਗ। | ਸਭ ਦਾ ਮੁੱਢ ਹੈ, ਗਿਣਤੀ ਤੋਂ ਰਹਿਤ ਹੈ, ਆਦਿ ਤੋਂ ਰਹਿਤ ਹੈ, ਨਿਰਗੁਣ ਰੂਪ ਹੈ ਅਤੇ ਜੁਗ ਜੁਗ ਏਕੋ ਵੇਸ ਭਾਵ ਏਕੋ ਜੇਹਾ ਰਹਿੰਦਾ ਹੈ। |

| ਗੁਰਬਾਣੀ ਪਾਠ | ਉਚਾਰਨ ਸੇਧ | ਪਦ ਅਰਥ | ਸਰਲ ਅਰਥ ਵਿਚਾਰ |
|---|---|---|---|
| ਆਸਣੁ ਲੋਇ ਲੋਇ ਭੰਡਾਰ ॥ | | ਆਸਣੁ = ਅਕਾਲ ਪੁਰਖ ਦਾ ਆਸਣ; ਲੋਇ ਲੋਇ = ਲੋਕ ਲੋਕ ਵਿਚ, ਹਰੇਕ ਦੁਨੀਆ ਵਿਚ; ਭੰਡਾਰ = ਖਜ਼ਾਨੇ।<br><br>"ਲੋਇ ਲੋਇ" ਦੇਹੁਲੀ ਦੀਪਕ ਹੈ ਜੋ ਕਿ "ਆਸਣੁ" ਨਾਲ ਅਤੇ "ਭੰਡਾਰ" ਦੋਹਾਂ ਨਾਲ ਲਗਦਾ ਹੈ। | ਅਕਾਲ ਪੁਰਖ ਦਾ ਆਸਨ ਅਤੇ ਭੰਡਾਰੇ ਲੋਕ ਲੋਕ ਵਿਚ ਹਨ ਭਾਵ ਹਰੇਕ ਲੋਕ ਵਿਚ ਹਨ।<br><br>ਸ੍ਰੀ ਆਸਾ ਕੀ ਵਾਰ ਦੀ ਪਹਿਲੀ ਪਉੜੀ ਵਿਚ ਵੀ ਜ਼ਿਕਰ ਹੈ - "ਕਰਿ ਆਸਣੁ ਡਿਠੋ ਚਾਉ ॥" ਲੋਕ (ਦੁਨੀਆ) ਸਾਜਣ ਤੋਂ ਪਹਿਲਾਂ ਅਕਾਲ ਪੁਰਖ ਆਪਣੇ ਆਪ ਨੂੰ ਉਸ ਲੋਕ ਵਾਸਤੇ ਸਾਜਦੇ ਹਨ ਭਾਵ ਸਰਗੁਨ ਸਰੂਪ ਵਿਚ ਆਪਣੇ ਆਪ ਨੂੰ ਉਸ ਸੰਸਾਰ ਨੂੰ ਚਲਾਉਣ ਲਈ ਅਸਥਾਪਤ ਕਰਦੇ ਹਨ ਅਤੇ ਲੋਕ ਬਨਾਉਣ ਲਈ ਨਾਮ ਰੂਪੀ ਸ਼ਕਤੀ ਰੱਚਦੇ ਹਨ ਜਿਸ ਨਾਲ ਉਹ ਸੰਸਾਰ ਰਚਨਾ ਕਰਦੇ ਹਨ। ਇਸੇ ਤਰ੍ਹਾਂ ਹਰ ਲੋਕ (ਸੰਸਾਰ) ਵਿਚ ਅਕਾਲ ਪੁਰਖ ਦਾ ਆਸਨ ਹੈ ਜਿਥੇ ਬੈਠ ਕੇ ਉਹ ਸਭ ਵਾਚਦੇ ਹਨ। ਇਹ ਅਕਾਲ ਪੁਰਖ ਦੇ ਸਰਗੁਣ ਸਰੂਪ ਦੀ ਗੱਲ ਹੈ। ਜਿਵੇਂ ਜੀਵਾਤਮਾ ਦੇ ਆਉਣ ਨਾਲ ਰਕਤ ਅਤੇ ਬੀਜ ਦੇ ਮਿਲਾਪ ਨਾਲ ਸਰੀਰ ਬਣਦਾ ਹੈ ਅਤੇ ਜੇਕਰ ਜੀਵਾਤਮਾ ਨਾ ਹੋਵੇ ਤਾਂ ਕਦੇ ਵੀ ਰਕਤ ਬੀਜ ਮਿਲ ਕੇ ਸਰੀਰ ਨਹੀਂ ਬਣਾ ਸਕਦੇ; ਇਸੇ ਤਰ੍ਹਾਂ ਹੀ ਕਿਸੇ ਵੀ ਸੰਸਾਰ ਦੀ ਰਚਨਾ ਕਰਨ ਲਈ ਅਕਾਲ ਪੁਰਖ ਉਸ ਲੋਕ ਵਿਚ ਆਪਣਾ ਆਸਨ ਜਮਾਉਂਦੇ ਹਨ। ਅਕਾਲ ਪੁਰਖ ਸਚਖੰਡ ਵਿਚ ਆਪਣੇ ਨਿਰਗੁਣ ਸਰੂਪ ਵਿਚ ਵੀ ਹੈ ਅਤੇ ਸਰਗੁਨ ਰੂਪ ਵਿਚ ਹਰ ਲੋਕ ਵਿਚ ਆਸਨ ਲਾ ਕੇ ਵੀ ਬਿਰਾਜਮਾਨ ਹੈ। ਇਹ ਇਕ ਗਹਿਰਾ ਰਾਜ਼ ਹੈ ਜੋ ਗੁਰਮੁਖਾਂ ਨੂੰ ਨਾਮ ਜਪ ਕੇ ਹੀ ਸਮਝ ਆਉਂਦਾ ਹੈ। ਉਹ ਘਟਿ ਘਟਿ ਵੀ ਹੈ ਅਤੇ ਆਪਣੇ ਕੇਂਦਰੀ ਅਸਥਾਨ ਸਚਖੰਡ ਵਿਚ ਵੀ ਹੈ ਜਿਵੇਂ ਚੰਦ ਉਪਰ ਅਸਮਾਨ ਵਿਚ ਵੀ ਹੁੰਦਾ ਹੈ ਅਤੇ ਜ਼ਮੀਨ ਤੇ ਪਾਣੀ ਨਾਲ ਭਰੇ ਹੋਏ ਹਰ ਘੜੇ ਵਿਚ ਵੀ ਉਹ ਨਜ਼ਰ ਆਉਂਦਾ ਹੈ। ਕੁਝ ਇਸੇ ਤਰ੍ਹਾਂ ਹੀ ਅਕਾਲ ਪੁਰਖ ਸਚਖੰਡੇ ਦੇ ਕੇਂਦਰੀ ਅਸਥਾਨ ਤੇ ਹੁੰਦਾ ਹੋਇਆ, ਲੋਇ ਲੋਇ ਅਤੇ ਘਟਿ ਘਟਿ ਵੀ ਬਿਰਾਜਮਾਨ ਹੈ। |
| ਜੋ ਕਿਛੁ ਪਾਇਆ; ਸੁ ਏਕਾ ਵਾਰ ॥ | | ਏਕਾ ਵਾਰ = ਇਕੋ ਵਾਰੀ। | (ਅਕਾਲ ਪੁਰਖ ਨੇ) ਭੰਡਾਰਿਆਂ ਵਿਚ ਜੋ ਕੁਝ ਵੀ ਪਾਇਆ ਹੈ, ਸੋ ਇਕੋ ਵਾਰ ਹੀ ਪਾ ਦਿਤਾ ਹੈ।<br><br>ਅਕਾਲ ਪੁਰਖ ਨੇ ਭੂਤ, ਭਵਾਨ ਅਤੇ ਭਵਿਖ ਨੂੰ ਵਿਚਾਰ ਕੇ ਸੰਸਾਰ ਵਿਚ ਪਹਿਲਾਂ ਹੀ ਸਭ ਕੁਝ ਪਾ ਦਿਤਾ ਹੈ ਜਿਸ ਕਰਕੇ ਕਦੇ ਕਿਸੇ ਚੀਜ਼ ਦੀ ਤੋਟਿ ਨਹੀਂ ਆਵੇਗੀ। ਬਾਰ ਬਾਰ ਮੰਗਣ ਦੀ ਜਾਂ ਭੰਡਾਰਿਆਂ ਨੂੰ ਭਰਨ ਦੀ ਲੋੜ ਨਹੀਂ ਹੈ। ਇਹ ਭੰਡਾਰੇ ਅਤੁੱਟ ਹਨ। |
| ਕਰਿ ਕਰਿ ਵੇਖੈ, ਸਿਰਜਣਹਾਰੁ ॥ | | ਕਰਿ ਕਰਿ = ਬਣਾ ਬਣਾ ਕੇ ਦੇਖਦਾ ਹੈ; ਵੇਖੈ = ਦੇਖਦਾ ਹੈ ਭਾਵ ਨਿਗਾਹਬਾਨੀ ਕਰਦਾ ਹੈ, ਪ੍ਰਤਿਪਾਲਣਾ ਕਰਦਾ ਹੈ; ਸਿਰਜਣਹਾਰੁ = ਸਿਰਜਣਾ ਕਰਨਵਾਲਾ, ਬਨਾਉਣ ਵਾਲਾ ਕਰਤਾ ਪੁਰਖ ਵਾਹਿਗੁਰੂ। | (ਲੋਕ) ਰੱਚ ਰੱਚ ਕੇ ਅਕਾਲ ਪੁਰਖ ਸਿਰਜਣਹਾਰ ਸਭ ਦੇਖਦਾ ਹੈ ਭਾਵ ਨਿਗਹਬਾਨੀ ਕਰਦਾ ਹੈ। |
| ਨਾਨਕ, ਸਚੇ ਕੀ, ਸਾਚੀ ਕਾਰ ॥ | | ਸਚੇ ਕੀ = ਸਚੇ ਪ੍ਰਭੂ ਦੀ; ਸਾਚੀ ਕਾਰ = ਕਾਰ ਸਚੀ ਹੈ। | ਗੁਰੂ ਜੀ 'ਨਾਨਕ' ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ, ਸਚੇ ਅਕਾਲ ਪੁਰਖ ਦੀ ਕਾਰ (ਰਚਨਾ, ਕੰਮ) ਵੀ ਸੱਚੀ ਹੈ (ਭਾਵ ਸਚੀਂ ਮੁਚੀਂ ਹੈ, ਸੁਫਨਾ ਜਾਂ ਕਲਪਨਾ ਨਹੀਂ ਹੈ)।<br><br>ਭਾਵ ਇਹ ਹੈ ਕਿ ਰਚਨਾ ਸਚੀਂ ਹੈ, ਨਾ ਕੇ ਮਹਿਜ਼ ਛਲਾਵਾ ਰੂਪ ਜਾਂ ਸੁਫਨਾ ਰੂਪ ਹੈ। ਜਗਤ ਨੂੰ ਸੁਫਨਾ ਵੀ ਬਾਣੀ ਵਿਚ ਕਿਹਾ ਗਿਆ ਹੈ ਪਰ ਉਥੇ ਭਾਵ ਇਹ ਹੈ ਕਿ ਜਗਤ ਸੁਫਨੇ ਵਾਂਗ ਆਰਜ਼ੀ ਹੈ। ਇਹ ਭਾਵ ਨਹੀਂ ਹੈ ਕਿ ਸੰਸਾਰ ਮੂਲੋਂ ਹੈ ਹੀ ਨਹੀਂ ਹੈ ਜਿਵੇਂ ਕਿ ਅਦਵੈਤ ਵੇਦਾਂਤ ਵਾਲੇ ਕਹਿੰਦੇ ਹਨ। |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਪਦ ਅਰਥ | ਸਰਲ ਅਰਥ ਵਿਚਾਰ |
| ਆਦੇਸੁ, ਤਿਸੈ ਆਦੇਸੁ ॥ | | ਆਦੇਸੁ = ਪ੍ਰਣਾਮ। ਜੋਗੀਆਂ ਮਿਲਣ ਵੇਲੇ ਪ੍ਰਣਾਮ ਦੀ ਥਾਂ ਆਦੇਸ ਕਰਦੇ ਸਨ। ਉਹ ਆਪਣੇ ਗੁਰੂ ਦੇ ਹੁਕਮ ਨੂੰ ਯਾਦ ਕਰਦੇ ਹੋਏ ਆਦੇਸ ਕਹਿੰਦੇ ਸਨ ਅਤੇ ਬਾਅਦ ਵਿਚ ਆਦੇਸ ਦਾ ਅਰਥ ਪ੍ਰਣਾਮ ਦੇ ਅਰਥਾਂ ਵਿਚ ਤਬਦੀਲ ਹੋ ਗਿਆ। ਸੋ ਇਥੇ ਆਦੇਸ ਦਾ ਅਰਥ ਪ੍ਰਣਾਮ ਹੀ ਹੈ। | (ਜੋਗੀਆਂ ਦੇ ਗੁਰੂ ਨੂੰ ਆਦੇਸ ਕਰਨ ਦੀ ਬਜਾਏ) ਸਾਡਾ ਆਦੇਸ ਹੈ, ਤਿਸੇ ਨੂੰ ਹੀ ਸਾਡਾ ਆਦੇਸ ਹੈ (ਜੋ); |
| ਆਦਿ, ਅਨੀਲੁ, ਅਨਾਦਿ, ਅਨਾਹਤਿ; ਜੁਗੁ ਜੁਗੁ ਏਕੋ ਵੇਸੁ ॥੩੧॥ | | ਆਦਿ = ਸਭ ਦਾ ਮੁੱਢ; ਅਨੀਲੁ = ਨੀਲ ਸੰਖ ਆਦਿ ਗਿਣਤੀਆਂ ਤੋਂ ਰਹਿਤ; ਅਨਾਦਿ = ਅਨ+ਆਦਿ = ਆਦਿ ਤੋਂ ਰਹਿਤ; ਅਨਾਹਤਿ = ਅਨ+ਆਹਤ = ਦੁਨਿਆਵੀ ਆਹਤ ਤੋਂ ਰਹਿਤ, ਨਿਰਗੁਣ ਰੂਪ। ਜੁਗੁ ਜੁਗੁ = ਹਰ ਜੁਗ। | ਸਭ ਦਾ ਮੁੱਢ ਹੈ, ਗਿਣਤੀ ਤੋਂ ਰਹਿਤ ਹੈ, ਆਦਿ ਤੋਂ ਰਹਿਤ ਹੈ, ਨਿਰਗੁਣ ਰੂਪ ਹੈ ਅਤੇ ਜੁਗ ਜੁਗ ਏਕੋ ਵੇਸ ਭਾਵ ਏਕੋ ਜੇਹਾ ਰਹਿੰਦਾ ਹੈ। |
| ਪ੍ਰਾਤਕਥਨ: ਇਸ ਪਉੜੀ ਹਜ਼ੂਰ ਨੇ ਦਸਿਆ ਹੈ ਕਿ ਕਿਸ ਤਰ੍ਹਾਂ ਗੁਰਮਤਿ ਨਾਮ ਦੇ ਜਾਪ ਦਾ ਕੋਈ ਅੰਤ ਜਾਂ ਪਾਰਾਵਾਰ ਨਹੀਂ ਹੈ ਅਤੇ ਕਿਸ ਤਰ੍ਹਾਂ ਉਚੀ ਅਵਸਥਾ ਵਾਲੇ ਗੁਰਮੁਖਿ ਜੋ ਨਾਮ ਅਭਿਆਸ ਵਿਚ ਲਗੇ ਰਹਿੰਦੇ ਹਨ, ਉਹਨਾਂ ਦੇ ਰੋਮ ਰੋਮ ਨੂੰ ਜੀਭਾਂ ਲਗ ਜਾਂਦੀਆਂ ਹਨ ਅਤੇ ਉਹ ਪ੍ਰੀਤਮ ਪਿਆਰੇ ਵਾਹਿਗੁਰੂ ਜੀ ਦਾ ਅਥਾਹ ਨਾਮ ਜਪਦੇ ਹਨ ਅਤੇ ਇਸ ਤਰ੍ਹਾਂ ਜਪ ਜਪ ਕੇ ਉਹ ਉਸ ਨਾਲ ਇਕ ਹੋ ਜਾਂਦੇ ਹਨ। | | | |
| ਇਕ ਦੂ ਜੀਭੌ, ਲਖ ਹੋਹਿ; ਲਖ ਹੋਵਹਿ, ਲਖ ਵੀਸ ॥ | ਦੂੰ, ਜੀਭੌਂ, ਹੋਹਿੰ, ਹੋਵਹਿੰ, | ਇਕ ਦੂ ਜੀਭੌ = ਇਕ ਜੀਭ ਤੋਂ; ਲਖ ਹੋਹਿ = ਲੱਖ ਹੋ ਜਾਣ; ਲਖ ਵੀਸ = ਵੀਹ ਲੱਖ। | ਇਕ ਜੀਭ ਤੋਂ ਲੱਖ ਹੋ ਜਾਣ ਅਤੇ ਲੱਖ ਜੀਭਾਂ, ਵੀਹ ਲੱਖ ਹੋ ਜਾਣ। |
| ਲਖੁ ਲਖੁ ਗੇੜਾ ਆਖੀਅਹਿ; ਏਕੁ ਨਾਮੁ ਜਗਦੀਸ ॥ | ਆਖੀਅਹਿੰ | ਲਖੁ ਲਖੁ ਗੇੜਾ ਆਖੀਅਹਿ = (ਨਾਮ ਦਾ) ਲੱਖ ਲੱਖ ਗੇੜਾ ਆਖਿਆ ਜਾਵੇ; ਜਗਦੀਸ = ਜਗ+ਈਸ, ਜਗਤ ਦਾ ਈਸ਼ਰ ਭਾਵ ਮਾਲਕ ਅਕਾਲ ਪੁਰਖ; ਏਕੁ ਨਾਮੁ ਜਗਦੀਸ = ਜਗਦੀਸ਼ ਦਾ ਇਕ ਨਾਮ। | (ਇਹਨਾਂ ਵੀਹ ਲੱਖ ਜੀਭਾਂ ਨਾਲ) ਲੱਖ ਲੱਖ ਗੇੜਾ ਆਖਿਆ ਜਾਵੇ ਜਗਤ ਦੇ ਮਾਲਕ ਪ੍ਰਭੂ ਦਾ ਇਕ ਨਾਮ ਭਾਵ ਲੱਖ ਲੱਖ ਗੇੜਾ ਜਗਦੀਸ਼ ਪ੍ਰਭੂ ਦਾ ਨਾਮ ਆਖਿਆ ਜਾਵੇ।<br><br>"ਏਕੁ ਨਾਮੁ" ਦੇ ਅਖੀਰ ਵਿਚ ਲਗਿਆ ਔਂਕੜ ਇਕ ਖਾਸ ਮਖਸੂਸ ਗੁਰਮਤਿ ਨਾਮ ਦਾ ਸੂਚਕ ਹੈ ਜਦਕਿ "ਜਗਦੀਸ" ਦਾ 'ਸ' ਇਸ ਕਰਕੇ ਮੁਕਤਾ ਹੈ ਕਿ ਇਸਦੇ ਅਗੇ ਸੰਬੰਧ ਕਾਰਕ "ਦਾ" ਲੁਪਤ ਹੈ। |
| ਏਤੁ ਰਾਹਿ, ਪਤਿ ਪਵੜੀਆ; ਚੜੀਐ ਹੋਇ ਇਕੀਸ ॥ | ਪਵੜੀਆਂ | ਏਤੁ ਰਾਹਿ = ਇਸ ਰਾਹ ਤੇ; ਪਤਿ ਪਵੜੀਆ = ਪਤਿ ਦੀਆਂ ਪਉੜੀਆਂ; ਚੜੀਐ = ਚੜ੍ਹ ਕੇ; ਹੋਇ ਇਕੀਸ = ਇਕ ਹੋਈਦਾ ਹੈ। | ਇਸ ਰਾਹ ਤੇ ਪਤਿ ਦੀਆਂ ਪਉੜੀਆਂ ਚੜ ਕੇ ਵਾਹਿਗੁਰੂ ਨਾਲ ਇਕ ਹੋਈਦਾ ਹੈ। |
| ਸੁਣਿ ਗਲਾ ਆਕਾਸ ਕੀ; ਕੀਟਾ ਆਈ ਰੀਸ ॥ | ਗੱਲਾਂ, ਕੀਂ, ਆਕਾਸ਼ | ਸੁਣਿ = ਸਣਿ ਕੇ; ਗਲਾ ਆਕਾਸ ਕੀ = ਆਕਾਸ਼ ਕੀਆਂ ਗੱਲਾਂ; ਕੀਟਾ = ਕੀੜੀ, ਮਨਮੁਖ; ਕੀਟਾ ਆਈ ਰੀਸ = ਮਨਮੁਖ ਰੂਪੀ ਕੀੜੀ ਨੂੰ ਰੀਸ ਆਈ। | ਇਸ ਤਰ੍ਹਾਂ ਦੀਆਂ ਉਚੀਆਂ ਆਕਾਸ਼ੀ ਗੱਲਾਂ ਸੁਣ ਕੇ ਮਨਮੁਖ ਰੂਪੀ ਕੀੜੀ ਨੂੰ ਵੀ ਰੀਸ ਆਉਂਦੀ ਹੈ ਭਾਵ ਉਸਦਾ ਵੀ ਦਿਲ ਕਰਦਾ ਹੈ ਕਿ ਉਹ ਇਹ ਉਚੀਆਂ ਰੂਹਾਨੀ ਮੰਜ਼ਿਲਾਂ ਤੈਅ ਕਰੇ। |
| ਨਾਨਕ, ਨਦਰੀ ਪਾਈਐ, ਕੂੜੀ ਕੂੜੈ ਠੀਸ ॥੩੨॥ | | ਨਦਰੀ ਪਾਈਐ = ਮਿਹਰ ਦੀ ਨਦਰਿ ਨਾਲ ਪਾਈਏ; ਕੂੜੀ = ਕੂੜੀ ਹੈ, ਝੂਠੀ ਹੈ; ਕੂੜੈ = ਕੂੜੇ ਮਨੁਖ ਦੀ, ਝੂਠੇ ਦੀ; ਠੀਸ = ਗਪ; ਕੂੜੀ ਕੂੜੈ ਠੀਸ = ਕੂੜੀ ਹੈ ਕੂੜੇ ਦੀ ਠੀਸ (ਗੱਪ)। | ਗੁਰੂ ਸਾਹਿਬ "ਨਾਨਕ" ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ (ਇਹ ਅਜਪਾ ਜਾਪ ਵਾਲੀ ਰੂਹਾਨੀ ਮੰਜ਼ਿਲ) ਨਦਰਿ ਨਾਲ ਪਾਈ ਜਾਂਦੀ ਹੈ ਅਤੇ ਕੂੜੇ ਮਨੁੱਖ ਦੀ ਗੱਲ (ਜਾਂ ਦਾਅਵਾ) ਤਾਂ ਇਕ ਕੂੜੀ ਗੱਪ ਹੀ ਹੈ। |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਪਦ ਅਰਥ** | **ਸਰਲ ਅਰਥ ਵਿਚਾਰ** |
| ਪ੍ਰਾਤਕਥਨ: ਇਸ ਪਉੜੀ ਵਿਚ ਜਿਸ ਜ਼ੋਰ ਦੀ ਗਲ ਕੀਤੀ ਹੈ, ਉਹ ਸਰੀਰਕ, ਮਾਨਸਿਕ ਜਾਂ ਕਿਸੇ ਹੋਰ ਭਾਂਤਿ ਦੀ ਸੰਸਾਰੀ ਤਾਕਤ ਨਹੀਂ ਹੈ ਬਲਕਿ ਅਸਲ ਆਤਮਕ ਸ਼ਕਤੀ ਦੀ ਗੱਲ ਹੈ। ਇਹ ਆਤਮਕ ਬਲ ਉਹ ਹੈ ਜਿਸ ਦੁਆਰਾ ਗੁਰਮੁਖਿ ਜਨ ਗੁਰਮਤਿ ਪ੍ਰੇਮਾ ਭਗਤੀ ਵਿਚ ਪਰਵਿਰਿਤ ਹੁੰਦੇ ਹਨ ਅਤੇ ਇਸ ਪ੍ਰੇਮਾ ਭਗਤੀ ਦਾ ਸਦਕਾ ਅਕਾਲੀ ਸ਼ਕਤੀਆਂ ਦੇ ਮਾਲਕ ਬਣਦੇ ਹਨ। ਇਸ ਆਤਮਕ ਬਲ ਨੂੰ ਪ੍ਰਾਪਤ ਕਰਨ ਦੇ ਪ੍ਰਚਲਤ ਤਰੀਕਿਆਂ ਦਾ, ਇਸ ਪਉੜੀ ਵਿਚ ਹਜ਼ੂਰ ਨੇ ਖੰਡਨ ਕੀਤਾ ਹੈ ਅਤੇ ਫੈਸਲਾ ਕੀਤਾ ਹੈ ਕਿ ਦਾਨ ਦਿਤਿਆਂ, ਮੌਨ ਧਾਰਨ ਕੀਤਿਆਂ, ਇਸ਼ਟ ਦੇਵ ਪਾਸੋਂ ਫੋਕੀ ਮੰਗਣੀ ਮੰਗਿਆਂ, ਲੰਬੀ ਆਰਜਾ ਜੀਵਿਆਂ ਅਤੇ ਇਥੋਂ ਤੱਕ ਕਿ ਜਾਨ ਦੀ ਕੁਰਬਾਨੀ ਕੀਤਿਆਂ ਵੀ ਇਹ ਆਤਮਕ ਜ਼ੋਰ ਪ੍ਰਾਪਤ ਨਹੀਂ ਹੁੰਦਾ। ਜਿਸ ਅਕਾਲ ਪੁਰਖ ਦੇ ਹੱਥ ਵਿਚ ਸਾਰੀ ਸ਼ਕਤੀ ਨੱਥੀ ਹੋਈ ਹੈ, ਉਹ ਆਪ ਹੀ ਜੇਕਰ ਕਿਸੇ ਵਡਭਾਗੇ ਤੇ ਕਿਰਪਾ ਕਰੇ ਤਾਂ ਇਹ ਜ਼ੋਰ ਪ੍ਰਾਪਤ ਹੁੰਦਾ ਹੈ। | | | |
| ਆਖਣਿ ਜੋਰੁ, ਚੁਪੈ ਨਹ ਜੋਰੁ ॥ | | ਆਖਣਿ = ਆਖਣ ਨਾਲ; ਜੋਰੁ = ਆਤਮਕ ਬਲ, ਅਸਲ ਪਰਮਾਰਥੀ ਜ਼ੋਰ ਕੇਵਲ ਗੁਰੂ ਕਰਤਾਰ ਜਾਂ ਭਗਤਾਂ ਪਾਸ ਹੁੰਦਾ ਹੈ; ਚੁਪੈ = ਚੁਪ ਰਹਿਣ ਨਾਲ। | (ਕੁਝ ਵੀ) ਆਖਣ ਨਾਲ ਆਤਮਕ ਜ਼ੋਰ ਪ੍ਰਾਪਤ ਨਹੀਂ ਹੁੰਦਾ; ਮੌਨ ਧਾਰਨ ਨਾਲ ਆਤਮਕ ਜ਼ੋਰ ਨਹੀਂ ਮਿਲਦਾ ਹੈ। |
| ਜੋਰੁ ਨ ਮੰਗਣਿ; ਦੇਣਿ ਨ ਜੋਰੁ ॥ | | ਮੰਗਣਿ = ਮੰਗਣ ਨਾਲ, ਮਿੰਨਤਾਂ ਪਾਉਣ ਨਾਲ; ਦੇਣਿ = ਦਾਨ ਦੇਣ ਨਾਲ। | ਮੰਗਣ ਨਾਲ ਆਤਮਕ ਜ਼ੋਰ ਨਹੀਂ ਮਿਲਦਾ; ਦਾਨ ਦੇਣ ਨਾਲ ਆਤਮਕ ਜ਼ੋਰ ਪ੍ਰਾਪਤ ਨਹੀਂ ਹੁੰਦਾ। |
| ਜੋਰੁ ਨ ਜੀਵਣਿ; ਮਰਣਿ ਨਹ ਜੋਰੁ ॥ | | ਜੀਵਣਿ = ਲੰਬੇ ਜੀਵਨ ਦੁਆਰਾ; ਮਰਣਿ = ਮਰਣ ਨਾਲ ਭਾਵ ਜਾਨ ਦੀ ਕੁਰਬਾਨੀ ਦੇਣ ਨਾਲ। | (ਵਡੀ ਆਰਜਾ ਭਾਵ ਲੰਬੇ) ਜੀਵਨ ਨਾਲ ਆਤਮਕ ਜ਼ੋਰ ਨਹੀਂ ਮਿਲਦਾ; ਮਰਨ ਨਾਲ (ਜੀਵਨ ਦੀ ਕੁਰਬਾਨੀ ਕਰਨ ਨਾਲ) ਆਤਮਕ ਜ਼ੋਰ ਪ੍ਰਾਪਤ ਨਹੀਂ ਹੁੰਦਾ। |
| ਜੋਰੁ ਨ ਰਾਜਿ, ਮਾਲਿ; ਮਨਿ ਸੋਰੁ ॥ | | ਰਾਜਿ = ਰਾਜ ਦੁਆਰਾ, ਰਾਜਸੀ ਤਾਕਤ ਦੁਆਰਾ; ਮਾਲਿ = ਮਾਲ ਜਾਂ ਧਨ ਦੁਆਰਾ; ਮਨਿ ਸੋਰੁ = ਮਨ ਵਿਚ ਸ਼ੋਰ, ਮਨ ਵਿਚ ਮਾਇਆ ਦਾ ਰੌਲਾ ਭਾਵ ਮਾਇਆਵੀ ਫੁਰਨੇ ਹੀ ਮਨ ਵਿਚ ਪ੍ਰਬਲ ਰਹਿੰਦੇ ਹਨ। | ਰਾਜ ਦੁਆਰਾ ਭਾਵ ਰਾਜ ਦੇ ਜ਼ੋਰ ਨਾਲ ਅਤੇ ਮਾਲ ਧਨ ਨਾਲ ਆਤਮਕ ਜ਼ੋਰ ਪ੍ਰਾਪਤ ਨਹੀਂ ਹੁੰਦਾ; (ਰਾਜ ਮਾਲ ਨਾਲ ਸਗੋਂ) ਮਨ ਵਿਚ ਸ਼ੋਰ ਹੀ ਵਧਦਾ ਹੈ। |
| ਜੋਰੁ ਨ ਸੁਰਤੀ, ਗਿਆਨਿ, ਵੀਚਾਰਿ ॥ | | ਸੁਰਤੀ = ਸੁਰਤਿ ਲਾਉਣ ਨਾਲ; ਗਿਆਨਿ = ਸੰਸਾਰੀ ਗਿਆਨ ਦੁਆਰਾ; ਵੀਚਾਰਿ = ਨਿਰਾ ਬੁਧੀ ਦੇ ਵਿਚਾਰ ਦੁਆਰਾ। | ਸੁਰਤਿ ਲਾਉਣ (ਸੁਰਤੀ) ਨਾਲ, ਸੰਸਾਰੀ ਗਿਆਨ ਨਾਲ ਅਤੇ ਬੁਧੀ ਦੇ ਵਿਚਾਰ (ਅਨੈਲਸਿਸ) ਦੁਆਰਾ ਆਤਮਕ ਜ਼ੋਰ ਪ੍ਰਾਪਤ ਨਹੀਂ ਹੁੰਦਾ। |
| ਜੋਰੁ ਨ ਜੁਗਤੀ ਛੁਟੈ ਸੰਸਾਰੁ ॥ | | ਜੁਗਤੀ ਛੁਟੈ ਸੰਸਾਰੁ = ਸੰਸਾਰ ਛੱਡਣ ਦੀ ਜੁਗਤੀ ਦੁਆਰਾ। | ਸੰਸਾਰ ਨੂੰ ਛੱਡਣ (ਤਿਆਗ ਦੇਣ) ਦੀ ਜੁਗਤੀ ਦੁਆਰਾ ਆਤਮਕ ਜ਼ੋਰ ਪ੍ਰਾਪਤ ਨਹੀਂ ਹੂੰਦਾ।<br><br>ਇਸ ਪੰਕਤੀ ਦੁਆਰਾ ਹਜ਼ੂਰ ਨੇ ਸੰਸਾਰ ਤਿਆਗ ਕੇ ਸੰਨਿਆਸ ਧਾਰਨ ਕਰਨ ਦਾ ਖੰਡਨ ਕੀਤਾ ਹੈ। ਇਸ ਜੁਗਤੀ ਨਾਲ ਵੀ ਆਤਮਕ ਬਲ ਪ੍ਰਾਪਤ ਨਹੀਂ ਹੁੰਦਾ। |
| ਜਿਸੁ ਹਥਿ ਜੋਰੁ, ਕਰਿ ਵੇਖੈ ਸੋਇ ॥ | | ਹਥਿ ਜ਼ੋਰ = ਜਿਸਦੇ (ਅਕਾਲ ਪੁਰਖ ਦੇ) ਹਥ ਵਿਚ ਜ਼ੋਰ ਹੈ। | ਜਿਸਦੇ ਹੱਥ ਵਿਚ ਜ਼ੋਰ ਹੈ ਉਹੀ ਇਹ ਜ਼ੋਰ ਕਰਕੇ ਭਾਵ (ਗੁਰਮਖਾਂ ਨੂੰ ਇਹ ਜ਼ੋਰ) ਦੇ ਕੇ ਦੇਖਦਾ ਹੈ। |
| ਨਾਨਕ, ਉਤਮੁ ਨੀਚੁ ਨ ਕੋਇ ॥੩੩॥ | | ਉਤਮੁ = ਸ੍ਰੇਸ਼ਟ; ਨੀਚੁ = ਘਟੀਆ। | ਗੁਰੂ ਜੀ 'ਨਾਨਕ' ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ (ਆਪਣੇ ਸਨਾਤਨ ਰੂਪ ਵਿਚ ਭਾਵ ਮੁਢਲੇ ਰੂਪ ਵਿਚ ਕੋਈ ਵੀ ਜੀਵ) ਉਤਮ ਤੇ ਨੀਚ ਨਹੀਂ ਹੈ (ਸਭ ਅਕਾਲ ਪੁਰਖ ਦੀ ਕਲਾ ਅਤੇ ਰਜ਼ਾ ਹੈ ਕਿ ਜਿਸਨੂੰ ਉਹ ਆਤਮਕ ਜ਼ੋਰ ਬਖਸ਼ ਦਿੰਦਾ ਹੈ ਉਹ ਉਤਮ ਹੋ ਜਾਂਦਾ ਹੈ ਅਤੇ ਬਾਕੀ ਨੀਚ ਰਹਿ ਜਾਂਦੇ ਹਨ)। |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਪਦ ਅਰਥ** | **ਸਰਲ ਅਰਥ ਵਿਚਾਰ** |
| ਪੰਜ ਖੰਡਾਂ ਬਾਰੇ ਪ੍ਰਾਤਕਥਨ: ਇਸ ਪਉੜੀ ਤੋਂ ਕਾਇਨਾਤ (ਸ੍ਰਿਸ਼ਟੀ) ਦੇ ਪੰਜ ਖੰਡਾਂ ਦੀ ਅਗੰਮੀ, ਰਹੱਸਮਈ, ਅਨੂਪਮ ਅਤੇ ਬਿਸਮਾਦੀ ਕਥਾ ਸ਼ੁਰੂ ਹੁੰਦੀ ਹੈ। ਗੁਰੂ ਜੀ ਤੋਂ ਪਹਿਲਾਂ ਕਿਸੇ ਨੇ ਵੀ ਇਹਨਾਂ ਪੰਜਾਂ ਖੰਡਾਂ ਦਾ ਇੰਕਸ਼ਾਫ ਨਹੀਂ ਕੀਤਾ ਅਤੇ ਇਹਨਾਂ ਪੰਜਾਂ ਖੰਡਾਂ ਦੇ ਗਿਆਨ ਨਾਲ ਅਨੇਕਾਂ ਉਹ ਪੇਚੀਦਾ ਆਤਮਕ ਸਵਾਲ ਜੋ ਕਿ ਸਦੀਆਂ ਤੋ ਜਵਾਬ ਦੇ ਤਲਬਗਾਰ ਸਨ, ਹੱਲ ਹੋ ਜਾਂਦੇ ਹਨ। ਹਿੰਦੂ, ਮੁਸਲਮਾਨ, ਈਸਾਈ, ਬੋਧੀ ਆਦਿ ਜੋ ਸਚੇ ਮਨੋਂ ਰੂਹਾਨੀ ਜੀਵਨ ਬਤੀਤ ਕਰਦੇ ਹਨ, ਉਹਨਾਂ ਦੀ ਗੁਰਮਤਿ ਅਨੁਸਾਰ ਕੀ ਗਤਿ ਹੁੰਦੀ ਹੈ, ਪੰਜਾਂ ਖੰਡਾਂ ਦੀਆਂ ਪਉੜੀਆਂ ਦੇ ਅਧਿਐਨ ਤੋਂ ਪਤਾ ਲਗ ਜਾਂਦਾ ਹੈ। ਈਸਾਈ, ਮੁਸਾਈ, ਮੁਸਲਮਾਨੀ ਅਤੇ ਹੋਰ ਮਜ਼ਹਬ ਤਾਂ ਇਹੋ ਹੀ ਅਨੁਮਾਨ ਕਰਦੇ ਹਨ ਕਿ ਉਹਨਾਂ ਦੇ ਧਰਮ ਤੋਂ ਬਿਨਾਂ ਹੋਰ ਸਾਰੇ ਨਰਕ ਜਾਂਦੇ ਹਨ। ਦੂਜੇ ਪਾਸੇ ਇਹ ਕਹਿਣਾ ਵੀ ਮੁਨਾਸਬ ਨਹੀਂ ਹੈ ਕਿ ਸਭ ਧਾਰਮਕ ਅਨੁਆਈ ਇਕੋ ਹੀ ਮੰਜ਼ਿਲ ਨੂੰ ਪ੍ਰਾਪਤ ਕਰਦੇ ਹਨ ਕਿਉਂਕਿ ਸਭਨਾਂ ਦੀ ਸਾਧਨਾ ਅਤੇ ਨਿਸ਼ਾਨੇ ਮੁਖ਼ਤਲਿਫ (ਫਰਕ) ਹਨ। ਗੁਰਮਤਿ ਨੇ ਪੰਜਾਂ ਖੰਡਾਂ ਵਿਚ ਸਾਰੀ ਸ੍ਰਿਸ਼ਟੀ ਦੀ ਵੰਡ ਕਰਕੇ ਇਹਨਾਂ ਸਵਾਲਾਂ ਦੇ ਜਵਾਬ ਸਹਿਜ ਹੀ ਦੇ ਦਿਤੇ ਹਨ। ਪੰਜਾਂ ਖੰਡਾਂ ਵਿਚ ਅਸੰਖ ਮੰਡਲ ਅਤੇ ਦਿਬ ਲਤੀਫੀ ਅਸਥਾਨ ਹਨ ਜਿਥੇ ਅਲਗ ਅਲਗ ਧਰਮਾਂ ਦੇ ਪੈਰੋਕਾਰ ਮਰਨ ਉਪਰੰਤ ਜਾਂਦੇ ਹਨ ਪਰ ਗੁਰਮੁਖਿ ਜਨ ਹੀ ਹਨ ਜੋ ਸਭ ਤੋਂ ਉਪਰਲੀ ਮੰਜ਼ਿਲ ਸਚਖੰਡ ਤਕ ਪਹੁੰਚਦੇ ਹਨ। ਗੁਰਮਤਿ ਇਹ ਨਹੀਂ ਕਹਿੰਦੀ ਕਿ ਜੇਕਰ ਕੋਈ ਸਿਖ ਨਹੀਂ ਹੈ ਤਾਂ ਉਹ ਕੇਵਲ ਨਰਕ ਜਾਂਦਾ ਹੈ ਜਿਵੇਂ ਕਿ ਇਸਾਈ, ਮੁਸਲਿਮ ਆਦਿ ਕਹਿੰਦੇ ਹਨ। ਜਿਦਾਂ ਦਾ ਕੋਈ ਉਦਮ ਕਰਦਾ ਹੈ ਉਦਾਂ ਦਾ ਫਲ ਉਸਨੂੰ ਮਿਲ ਜਾਂਦਾ ਹੈ। ਜੇਕਰ ਇਕ ਮੁਸਲਮਾਨ ਜੰਨਤ ਲਈ ਉਦਮ ਕਰਦਾ ਹੈ ਤਾਂ ਉਸਨੂੰ ਜੰਨਤ, ਜੋ ਕਿ ਧਰਮਖੰਡ ਜਾਂ ਗਿਆਨਖੰਡ ਵਿਚ ਹੈ, ਮਿਲ ਜਾਵੇਗੀ। ਅਗਰ ਕੋਈ ਸ਼ਿਵ ਨੂੰ ਪੂਜਦਾ ਹੈ ਤਾਂ ਉਹ ਵਧ ਤੋਂ ਵਧ ਸ਼ਿਵ ਨੂੰ ਪ੍ਰਾਪਤ ਹੋ ਕੇ ਸ਼ਿਵਪੁਰੀ, ਜੋ ਕਿ ਗਿਆਨ ਖੰਡ ਵਿਚ ਹੈ, ਚਲਿਆ ਜਾਵੇਗਾ।<br><br>ਪੰਜ ਖੰਡਾਂ ਬਾਰੇ ਤਫਸੀਲ ਅਗਲੀਆਂ ਚਾਰਿ ਪਉੜੀਆਂ ਵਿਚ ਦਰਜ ਹੈ। ਧਰਮਖੰਡ, ਗਿਆਨਖੰਡ ਅਤੇ ਸ਼ਰਮਖੰਡ ਵਾਸਤੇ ਅਲਗ ਪਉੜੀਆਂ ਹਨ ਪਰ ਕਰਮ ਖੰਡ ਅਤੇ ਸਚਖੰਡ ਇਕੋ ਹੀ ਪਉੜੀ ਵਿਚ ਦਰਜ ਹਨ ਜਿਸਦਾ ਅੰਤ੍ਰੀਵੀ ਅਤੇ ਰਹੱਸਵਾਦੀ ਅਰਥ ਇਹ ਹੈ ਕਿ ਇਹ ਦੋਨੋ ਖੰਡ ਉਤਪੋਤ ਹਨ ਅਤੇ ਦੋਨੋ ਹੀ ਅਬਿਨਾਸ਼ੀ ਖੰਡ ਹਨ। ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਆਪਣੀ ਪੁਸਤਕ ਸਚਖੰਡ ਦਰਸ਼ਨ ਵਿਚ ਬਹੁਤ ਸੁੰਦਰ ਮਿਸਾਲ ਦੇ ਕੇ ਸਮਝਾਇਆ ਹੈ ਕਿ ਕਰਮਖੰਡ ਅਤੇ ਸਚਖੰਡ ਇਵੇਂ ਹਨ ਜਿਵੇਂ ਇਕ ਮਕਾਨ ਅਤੇ ਉਸਦਾ ਵਰਾਂਡਾ ਹੁੰਦਾ ਹੈ। ਮਕਾਨ ਦਾ ਅੰਦਰਲਾ ਕਮਰਾ ਮਾਨੋ ਸਚਖੰਡ ਹੈ ਅਤੇ ਕਮਰੇ ਦੇ ਸਾਹਮਣੇ ਬਾਹਰ, ਮਕਾਨ ਦੇ ਵਿਚੇ ਹੀ, ਵਰਾਂਡਾ ਮਾਨੋ ਕਰਮਖੰਡ ਹੈ।<br><br>ਬਹੁਤੇ ਦਾਨੇ ਇਹ ਅਨੁਮਾਨ ਲਾਉਂਦੇ ਹਨ ਕਿ ਪੰਜ ਖੰਡ ਸਚੀਂ ਦੀਆਂ ਥਾਂਵਾਂ ਨਹੀਂ ਹਨ ਬਲਕਿ ਆਤਮਕ ਅਵਸਥਾਵਾਂ ਹਨ ਪਰ ਆਤਮਕ ਅਵਸਥਾ ਵਿਚ ਕਈ ਪ੍ਰਕਾਰ ਦੀਆਂ ਪਵਣਾਂ, ਅਗਨੀਆਂ, ਜਲ ਆਦਿ ਦਾ ਕੋਈ ਅਰਥ ਨਹੀਂ। ਫੇਰ ਇਹਨਾਂ ਖੰਡਾਂ ਵਾਸਤੇ 'ਤਿਥੈ', 'ਓਥੈ' ਆਦਿ ਪੜਨਾਵਾਂ ਤੋਂ ਸਿਧ ਹੁੰਦਾ ਹੈ ਕਿ ਇਹ ਖੰਡ ਇਸ ਧਰਤੀ ਤੋਂ ਦੂਰ ਹੋਰ ਅਸਥਾਨਾਂ ਜਾਂ ਮੰਡਲਾਂ ਦੀ ਗੱਲ ਹੈ। ਇਹਨਾਂ ਪੰਜਾਂ ਖੰਡਾਂ ਨੂੰ ਮਹਿਜ਼ ਆਤਮਕ ਅਵਸਥਾ ਕਹਿਣ ਦਾ ਮਤਲਬ ਹੈ ਕਿ ਅਗੇ ਹੋਣ ਵਾਲੇ ਲੇਖੇ ਤੋਂ, ਧਰਮਰਾਏ ਦੀ ਹੋਂਦ ਤੋਂ ਅਤੇ ਗੁਰਪੁਰੀ ਦੇ ਸਿਧਾਂਤ ਤੋਂ ਮੁਨਕਰ ਹੋਣਾ। ਜੇਕਰ ਧਰਮਖੰਡ ਨਹੀਂ ਹੈ ਤਾਂ ਫੇਰ ਮਰਣ ਉਪਰੰਤ ਜੀਵਾਂ ਦਾ ਲੇਖਾ ਜੋਖਾ ਕਿਥੇ ਹੁੰਦਾ ਹੈ? ਸੋ ਇਹਨਾਂ ਖੰਡਾਂ ਨੂੰ ਸਚੀਂ ਦੇ ਅਸਥਾਨ ਨਾ ਤਸਲੀਮ ਕਰਨਾ, ਪਰਲੋਕ ਦੀ ਹੋਂਦ ਨੂੰ ਵੀ ਨਾ ਤਸਲੀਮ ਕਰਨ ਦੇ ਬਰਾਬਰ ਹੈ। ਜੇਕਰ ਪਰਲੋਕ ਦੀ ਹੋਂਦ ਨੂੰ ਮੰਨਣ ਵਾਲੇ ਵੀ ਇਹਨਾਂ ਪੰਜਾਂ ਖੰਡਾਂ ਨੂੰ ਨਹੀਂ ਮੰਨਦੇ ਤਾਂ ਉਹਨਾਂ ਵਾਸਤੇ ਫੇਰ ਪਰਲੋਕ ਦੀ ਵਿਆਖਿਆ ਕਰਨ ਦੀ ਸਮਸਿਆ ਬਣ ਜਾਂਦੀ ਹੈ। ਜੇਕਰ ਪਰਲੋਕ ਪੰਜ ਖੰਡ ਨਹੀਂ ਹਨ ਤਾਂ ਉਹ ਦਸਣ ਕਿ ਪਰਲੋਕ ਫੇਰ ਕੀ ਹੈ? | | | |
| ਧਰਮਖੰਡ ਬਾਰੇ ਪ੍ਰਾਤਕਥਨ: ਧਰਮਖੰਡ ਉਹ ਖੰਡ ਹੈ ਜਿਥੇ ਧਰਮਰਾਏ ਦੀ ਕਚਹਿਰੀ ਹੈ ਅਤੇ ਨਰਕ ਹਨ। ਇਥੇ, ਧਰਤੀ ਜੈਸੀਆਂ ਅਨੇਕਾਂ ਸਥੂਲ ਕਰਮਭੂਮੀਆਂ ਵਿਚ ਜੀਵਾਂ ਵਲੋਂ ਕੀਤੇ ਗਏ ਕਰਮਾਂ ਦਾ, ਹਿਸਾਬ ਕਿਤਾਬ ਹੁੰਦਾ ਹੈ। ਜੀਵਾਂ ਦੇ ਕਰਮਾਂ ਅਨੁਸਾਰ ਸਵਰਗ, ਨਰਕ, ਉਪਰਲੇ ਖੰਡਾਂ ਜਾਂ ਚਉਰਾਸੀ ਵਿਚ ਭੇਜਣ ਦਾ ਫੈਸਲਾ ਹੁੰਦਾ ਹੈ। ਧਰਮਖੰਡ ਦਾ ਪਰਧਾਨ ਗੁਣ, ਕਰਮ ਅਤੇ ਫਰਜ਼ ਹੈ ਧਰਮ। ਇਸੇ ਕਰਕੇ ਹੀ ਇਸ ਲੋਕ ਨੂੰ ਗੁਰੂ ਜੀ ਨੇ 'ਧਰਮਸਾਲ' ਕਿਹਾ ਹੈ ਭਾਵ ਉਹ ਜਗ੍ਹਾ ਜਿਥੇ ਧਰਮ ਚਲਦਾ ਹੈ। ਹੋਰਨਾਂ ਖੰਡਾਂ ਦੇ ਪਰਧਾਨ ਗੁਣ, ਧਰਮ ਅਤੇ ਕਰਮ ਆਦਿ ਉਹਨਾਂ ਖੰਡਾ ਵਿਚ ਬਿਆਨ ਕੀਤੇ ਗਏ ਹਨ। | | | |
| ਰਾਤੀ, ਰੁਤੀ, ਥਿਤੀ, ਵਾਰ ॥ | ਰਾਤੀਂ, ਰੁਤੀਂ, ਥਿਤੀਂ | ਰਾਤੀਂ = ਰਾਤਾਂ, ਰੁਤੀਂ = ਰੁੱਤਾਂ, ਥਿਤੀ = ਥਿਤਾਂ; ਵਾਰ = ਵਾਰ, ਦਿਨ। | (ਧਰਮਖੰਡ ਵਿਚ ਅਨੇਕ) ਰਾਤਾਂ, ਰੁਤਾਂ, ਥਿਤਾਂ ਅਤੇ ਵਾਰ ਹਨ; |
| ਪਵਣ, ਪਾਣੀ, ਅਗਨੀ, ਪਾਤਾਲ ॥ | | ਪਵਣ = ਹਵਾ; ਪਾਣੀ = ਜਲ; ਅਗਨੀ = ਅੱਗ; ਪਾਤਾਲ = ਪਾਤਾਲ ਲੋਕ। | (ਧਰਮਖੰਡ ਵਿਚ ਅਨੇਕ) ਪਵਣ, ਪਾਣੀ, ਅਗਨੀ ਅਤੇ ਪਾਤਾਲ ਹਨ;<br><br>ਧਰਮਖੰਡ ਦੇ ਪਾਤਾਲਾਂ ਵਿਚ ਨਰਕ ਹਨ ਜਿਥੇ ਸਜ਼ਾ ਜ਼ਾਫਤਾ ਜੀਵ ਜਨਮ ਲੈ ਕੇ ਸਜ਼ਾ ਭੁਗਤਦੇ ਹਨ। |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਪਦ ਅਰਥ | ਸਰਲ ਅਰਥ ਵਿਚਾਰ |
| ਤਿਸੁ ਵਿਚਿ, ਧਰਤੀ ਥਾਪਿ ਰਖੀ, ਧਰਮਸਾਲ ॥ | ਧਰਮਸ਼ਾਲ | ਥਾਪਿ = ਥਾਪ ਕੇ; ਧਰਮਸਾਲ = ਧਰਮ ਦੀ ਸ਼ਾਲਾ; ਜਿਥੇ ਧਰਮ ਹੀ ਧਰਮ ਹੈ, ਨਿਆਏ ਹੈ। | ਉਥੇ (ਰਾਤਾਂ, ਰੁੱਤਾਂ, ਥਿਤਾਂ ਅਤੇ ਵਾਰ ਆਦਿ ਵਿਚ ਅਕਾਲ ਪੁਰਖ ਨੇ ਧਰਮਖੰਡ ਦੀ ਦਿਬ ਲਤੀਫੀ) ਧਰਤੀ ਥਾਪ ਰਖੀ ਹੈ, ਜੋ ਕਿ ਧਰਮਸ਼ਾਲ ਹੈ ਭਾਵ ਧਰਮ ਦੀ ਸ਼ਾਲਾ (ਜਿਥੇ ਧਰਮ ਪਰਧਾਨ ਹੈ ਅਤੇ ਧਰਮ ਭਾਵ ਇਨਸਾਫ ਕੀਤਾ ਜਾਂਦਾ ਹੈ)।<br><br>ਰਾਤਾਂ, ਰੁੱਤਾਂ, ਥਿਤਾਂ ਅਤੇ ਵਾਰ ਵਿਚ ਧਰਮਖੰਡ ਰੂਪੀ ਧਰਤੀ ਥਾਪਣ ਦਾ ਭਾਵ ਹੈ ਕਿ ਉਥੇ ਕਾਲ ਹੈ ਭਾਵ ਸਮਾਂ ਹੈ। ਪਵਣ, ਪਾਣੀ, ਅਗਨੀ ਅਤੇ ਪਾਤਾਲ ਦੱਸਣ ਦਾ ਮਤਲਬ ਹੈ ਕਿ ਧਰਮਖੰਡ ਵਸਤੂ ਅਤੇ ਦੇਸ ਵਿਚ ਹੈ। ਸਮੁੱਚੇ ਤੌਰ ਤੇ ਇਹ ਭਾਵ ਹੈ ਕਿ ਧਰਮਖੰਡ ਦੇਸ, ਕਾਲ ਅਤੇ ਵਸਤੂ ਦੇ ਅਧੀਨ ਹੈ। ਉਥੇ ਸਮੇਂ ਦੀ ਗਨਣਾ ਹੁੰਦੀ ਹੈ। ਦੇਸ ਅਤੇ ਵਸਤੂ ਤੋਂ ਇਹ ਭਾਵ ਲੈਣਾ ਚਾਹੀਦਾ ਹੈ ਕਿ ਇਹ ਇਕ ਮੰਡਲ ਹੈ ਨਾ ਕੇ ਕੇਵਲ ਆਤਮਕ ਅਵਸਥਾ ਜੈਸਾ ਕਿ ਕਈ ਅਨੁਮਾਨ ਕਰਦੇ ਹਨ। |
| ਤਿਸੁ ਵਿਚਿ, ਜੀਅ ਜੁਗਤਿ ਕੇ ਰੰਗ ॥ | | ਜੀਅ ਜੁਗਤਿ ਕੇ ਰੰਗ = ਕਈ ਜੁਗਤੀਆਂ ਤੇ ਰੰਗਾਂ ਦੇ ਜੀਵ। | (ਤਿਸ ਵਿਚ ਭਾਵ ਧਰਮਖੰਡ ਵਿਚ) ਕਈ ਜੁਗਤੀਆਂ ਵਾਲੇ ਅਤੇ ਕਈ ਰੰਗਾਂ ਦੇ ਜੀਵ (ਕਈ ਕਰਮਭੂਮੀਆਂ ਤੋਂ ਆ ਕੇ ਪਰਵੇਸ਼ ਕਰਦੇ ਹਨ)। |
| ਤਿਨ ਕੇ ਨਾਮ, ਅਨੇਕ ਅਨੰਤ ॥ | | ਅਨੰਤ = ਅਨ+ਅੰਤ; ਅੰਤ ਤੋਂ ਰਹਿਤ, ਬੇਅੰਤ। | (ਉਹਨਾਂ ਜੀਵਾਂ ਦੇ) ਨਾਮ ਅਨੇਕ ਤਰ੍ਹਾਂ ਦੇ, ਬੇਅੰਤ ਤਰ੍ਹਾਂ ਦੇ ਹਨ। |
| ਕਰਮੀ ਕਰਮੀ, ਹੋਇ ਵੀਚਾਰੁ ॥ | | ਕਰਮੀ ਕਰਮੀ = ਕਰਮਾਂ ਕਰਮਾਂ ਅਨੁਸਾਰ। | (ਉਹਨਾਂ ਜੀਵਾਂ ਦਾ) ਕਰਮਾਂ ਕਰਮਾਂ ਅਨੁਸਾਰ ਵਿਚਾਰ ਹੁੰਦਾ ਹੈ। |
| ਸਚਾ ਆਪਿ; ਸਚਾ ਦਰਬਾਰੁ ॥ | | ਸਚਾ ਦਰਬਾਰੁ = ਧਰਮਰਾਏ ਦਾ ਦਰਬਾਰ ਸੱਚਾ ਹੈ, ਨਿਆਏ ਵਾਲਾ; ਇਨਸਾਫ ਵਾਲਾ। | ਧਰਮਰਾਏ ਵੀ ਸੱਚਾ ਹੈ ਅਤੇ ਉਸਦਾ ਦਰਬਾਰ ਵੀ ਸੱਚਾ ਹੈ। |
| ਤਿਥੈ ਸੋਹਨਿ, ਪੰਚ ਪਰਵਾਣੁ ॥ | | ਸੋਹਨਿ = ਸੋਹਣੇ ਲਗਦੇ ਹਨ, ਫੱਬਦੇ ਹਨ; ਪੰਚ = ਸ੍ਰੇਸ਼ਟ ਜਨ, ਉਤਮ ਗੁਰਮਖਿ ਜਨ, ਪੁਗ ਖਲੋਤੇ ਜਨ; ਪਰਵਾਣੁ = ਕਬੂਲ। | ਤਿਥੈ (ਉਥੇ ਧਰਮਖੰਡ ਵਿਚ) ਪੰਚ ਜਨ ਸੋਂਹਦੇ ਹਨ ਕਿਉਂਕਿ ਉਹ ਅਕਾਲ ਪੁਰਖ ਵਲੋਂ ਪਰਵਾਨ (ਕਬੂਲ) ਹੋਏ ਹੁੰਦੇ ਹਨ।<br><br>'ਰੇ ਰੇ ਦਰਗਹ ਕਹੈ ਨ ਕੋਊ ॥ ਆਉ ਬੈਠੁ ਆਦਰੁ ਸੁਭ ਦੇਊ ॥' ਦੇ ਹੁਕਮ ਅਨੁਸਾਰ, ਗੁਰਮੁਖਾਂ ਨੂੰ ਧਰਮਰਾਏ ਦੇ ਦਰਬਾਰ ਵਿਚ ਸਤਿਕਾਰ ਮਿਲਦਾ ਹੈ। ਪੰਡਿਤ ਕਰਤਾਰ ਸਿੰਘ ਦਾਖਾ ਨੇ ਲਿਖਿਆ ਹੈ ਕਿ ਚੋਣਵੇਂ ਗੁਰਮੁਖਾਂ ਦੀ ਪੰਚਾਇਤ ਵੀ ਉਥੇ ਬੈਠਦੀ ਹੈ ਅਤੇ ਉਹ ਉਥੇ ਹੋਣ ਵਾਲੇ ਇਨਸਾਫ ਵਿਚ ਹਿੱਸਾ ਪਾਉਂਦੇ ਹਨ। |
| ਨਦਰੀ ਕਰਮਿ, ਪਵੈ ਨੀਸਾਣੁ ॥ | ਨੀਸ਼ਾਣੁ | ਨਦਰੀ = ਨਦਰਿ ਕਰਨ ਵਾਲਾ ਅਕਾਲ ਪੁਰਖ, ਮਿਹਰ ਕਰਨਵਾਲਾ; ਕਰਮਿ = ਮਿਹਰ ਰਾਹੀਂ, ਫਾਰਸੀ ਵਿਚ 'ਕਰਮ' ਮਤਲਬ ਹੁੰਦਾ ਹੈ ਮਿਹਰ, ਇਹਸਾਨ ਆਦਿ। | ਨਦਰੀ (ਵਾਹਿਗੁਰੂ) ਦੇ ਕਰਮ (ਫਜ਼ਲ) ਰਾਹੀਂ (ਕਿਰਪਾ ਦਾ) ਨੀਸ਼ਾਣ ਪਰਗਟ ਹੁੰਦਾ ਹੈ।<br><br>ਇਹ ਨੀਸ਼ਾਣ ਗੁਰਮੁਖਾਂ ਦੇ ਮਸਤਕ ਤੇ, ਗੁਰਮਤਿ ਅਨੁਸਾਰ ਨਾਮ ਸਿਮਰਨ ਕਰਨ ਕਰਕੇ ਪਰਗਟ ਹੁੰਦਾ ਹੈ ਅਤੇ ਇਸ ਨੀਸ਼ਾਣ ਕਰਕੇ ਅਗੇ ਦਰਗਾਹ ਵਿਚ ਗੁਰਮੁਖਾਂ ਨੂੰ ਸਤਿਕਾਰ ਅਤੇ ਸੋਭਾ ਮਿਲਦੀ ਹੈ। |
| ਕਚ ਪਕਾਈ, ਓਥੈ ਪਾਇ ॥ | | ਕਚ = ਜੀਵਾਂ ਦੀ ਕਚਿਆਈ; ਪਕਾਈ = ਜੀਵਾਂ ਦੀ ਪਕਿਆਈ | (ਜੀਵ ਆਪਣੀ ਆਤਮਕ ਅਵਸਥਾ ਦੀ) ਕਚਿਆਈ ਅਤੇ ਪਕਿਆਈ ਦਾ (ਫਤਵਾ, ਫੈਸਲਾ) ਉਥੇ ਜਾ ਕੇ ਪਾਉਂਦਾ ਹੈ।<br><br>ਇਸ ਦੁਨੀਆ ਵਿਚ ਆਪਣੀ ਮਤਿ ਅਨੁਸਾਰ ਲੋਕ ਪੂਰੇ ਬਣੇ ਫਿਰਦੇ ਹਨ ਪਰ ਅਸਲ ਵਿਚ ਧਰਮਖੰਡ ਵਿਚ ਜਾ ਕੇ ਪਤਾ ਲਗਦਾ ਹੈ ਕਿ ਕੌਣ ਪੂਰਾ ਹੈ ਅਤੇ ਕੌਣ ਹਾਲੇ ਕੱਚਾ ਹੈ। |

# ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ

| ਗੁਰਬਾਣੀ ਪਾਠ | ਉਚਾਰਨ ਸੇਧ | ਪਦ ਅਰਥ | ਸਰਲ ਅਰਥ ਵਿਚਾਰ |
|---|---|---|---|
| ਨਾਨਕ, ਗਇਆ ਜਾਪੈ, ਜਾਇ ॥੩੪॥ | ਗਇਆਂ | ਗਇਆ = ਗਿਆਂ, ਜਾ ਕੇ; ਜਾਪੈ = ਜਾਪਦਾ ਹੈ, ਪਤਾ ਲਗਦਾ ਹੈ; ਜਾਇ = ਜਾਹੁ। | ਉਥੇ ਗਇਆਂ ਹੀ ਸਹੀ ਪਤਾ ਲਗਦਾ ਹੈ (ਕਿ ਕੌਣ ਕੱਚਾ ਹੈ ਤੇ ਕੌਣ ਪੱਕਾ); (ਤਾਂ ਤੇ ਹੇ ਸਾਧਕ ਤੂੰ) ਜਾ (ਅਤੇ ਜਾ ਕੇ ਦੇਖ ਲੈ)। |

ਗਿਆਨਖੰਡ ਬਾਰੇ ਪ੍ਰਾਤਕਥਨ: ਗਿਆਨਖੰਡ ਅਥਾਹ ਗਿਆਨ ਦਾ ਖੰਡ ਹੈ। ਇਹ ਖੰਡ ਬਹੁਤ ਵੱਡਾ ਹੈ ਅਤੇ ਅਤਿ ਸੂਖਮ ਹੈ। ਇਹ ਖੰਡ ਸਭ ਸਥੂਲ ਖੰਡਾਂ ਬ੍ਰਹਮੰਡਾਂ ਉਪਰ ਛਾਇਆ ਹੋਇਆ ਹੈ ਜਿਸਦਾ ਭਾਵ ਹੈ ਕਿ ਇਹ ਖੰਡ ਦੁਰੇਡੇ ਨਹੀਂ ਹੈ ਬਲਕਿ ਨਿਕਟਿ ਹੀ ਹੈ ਪਰ ਸੂਖਮ ਹੋਣ ਕਰਕੇ ਦਿਸਦਾ ਨਹੀਂ ਹੈ। ਇਸ ਖੰਡ ਵਿਚ ਅਨੇਕਾਂ ਬ੍ਰਹਮੇ ਸ੍ਰਿਸ਼ਟੀ ਦੀ ਘਾੜਤਿ ਘੜ ਰਹੇ ਹਨ, ਅਨੇਕਾਂ ਮਹਾਦੇਵ ਸ਼ਿਵ ਅਤੇ ਕ੍ਰਿਸ਼ਨ ਕਨ੍ਹਈਆ ਹਨ। ਇਥੇ ਗਿਆਂ ਅਨੇਕਾਂ ਕਰਮਭੂਮੀਆਂ ਬਾਰੇ ਗਿਆਨ ਪਰਗਟ ਹੁੰਦਾ ਹੈ ਅਤੇ ਕਈ ਤਾਰਿਆਂ ਦੇ ਸਮੁਦਾਏ ਪਤਾ ਲਗਦੇ ਹਨ। ਇਥੇ ਕਈ ਸਿਧ, ਬੁਧ ਅਤੇ ਨਾਥ ਹਨ; ਕਈ ਦੇਵੀਆਂ ਦੇ ਰੂਪ ਹਨ। ਇਥੇ ਕਈ ਇੰਦਰ ਦੇਵਤੇ ਅਤੇ ਚੰਦ ਸੂਰਜ ਜੈਸੇ ਗ੍ਰਿਹ ਹਨ। ਅਨੇਕ ਦੇਵਤੇ, ਰਾਕਸ਼, ਰਿਖੀ ਮੁਨੀ ਅਤੇ ਅਨੇਕ ਸਮੁੰਦਰ ਹਨ। ਜੀਵ ਦੀਆਂ ਅਨੇਕ ਖਾਣੀਆਂ, ਅਨੇਕ ਬਾਣੀਆਂ, ਅਨੇਕ ਰਾਜੇ ਹਨ। ਕਈ ਸੁਰਤੀਆਂ, ਬਿਰਤੀਆਂ, ਫਿਲਾਸਫੀਆਂ ਅਤੇ ਕਈ ਤਰ੍ਹਾਂ ਦੇ ਸੇਵਕ ਹਨ।

ਗਿਆਨਖੰਡ ਦੀ ਪਉੜੀ ਤੋਂ ਅਲਗ ਅਲਗ ਧਰਮਾਂ ਦੇ ਅਨੁਆਈਆਂ (ਪੈਰੋਕਾਰਾਂ) ਦੀ ਗਤਿ ਬਾਰੇ ਅਮੋਲਕ ਗਿਆਨ ਪ੍ਰਾਪਤ ਹੁੰਦਾ ਹੈ। ਇਸ ਪਉੜੀ ਵਿਚ ਜ਼ਿਕਰ ਹੈ ਕਿ ਅਨੇਕਾਂ ਕ੍ਰਿਸ਼ਨ ਕਨ੍ਹਈਏ, ਸ਼ਿਵ ਮਹਾਂਦੇਵ ਆਦਿ ਦੇਵਤੇ ਇਸ ਖੰਡ ਵਿਚ ਹਨ ਜਿਸ ਤੋਂ ਇਹ ਗਿਆਨ ਮਿਲਦਾ ਹੈ ਕਿ ਸ਼ਿਵਪੁਰੀ, ਬੈਕੁੰਠ ਆਦਿ ਅਸਥਾਨ ਇਸੇ ਖੰਡ ਦੇ ਅੰਤਰਗਤਿ ਹਨ। ਕਿਉਂਕਿ ਸ੍ਰੀ ਕ੍ਰਿਸਨ ਅਤੇ ਸ਼ੰਕਰ ਮਹੇਸ਼ ਇਸ ਖੰਡ ਵਿਚ ਹਨ ਤਾਂ ਉਹਨਾਂ ਦੇ ਪੁਜਾਰੀ ਵੀ ਇਸੇ ਖੰਡ ਤੱਕ ਪਹੁੰਚ ਸਕਦੇ ਹਨ। ਇਸੇ ਕਰਕੇ ਹੀ ਸਿਧ ਅਤੇ ਨਾਥ ਇਸੇ ਖੰਡ ਵਿਚ ਹਨ। ਇਸੇ ਖੰਡ ਵਿਚ ਹੀ ਮਹਾਤਮਾ ਬੁੱਧ ਜੈਸੇ ਹਨ ਜਿਸ ਤੋਂ ਇਹ ਅੰਦਾਜ਼ਾ ਹੁੰਦਾ ਹੈ ਕਿ ਪੁੱਗ ਖਲੋਤੇ ਬੋਧੀ ਜੋ ਨਿਰਵਾਣਾ ਪ੍ਰਾਪਤ ਕਰ ਲੈਂਦੇ ਹਨ, ਇਸੇ ਖੰਡ ਵਿਚ ਹੀ ਹਨ। ਗੁਰਮੁਖਾਂ ਦੀ ਗਤਿ ਇਸ ਖੰਡ ਤੋਂ ਬਹੁਤ ਉਚੇਰੀ ਹੈ। ਉਹ ਤਾਂ ਕਰਮਖੰਡ ਜਾਂ ਸਚਖੰਡ ਦੇ ਵਾਸੀ ਬਣਦੇ ਹਨ।

| | | | |
|---|---|---|---|
| ਧਰਮ ਖੰਡ ਕਾ, ਏਹੋ ਧਰਮੁ ॥ | | ਧਰਮੁ = ਵਿਆਖਿਆ, ਲਕਸ਼ਨ। | ਧਰਮਖੰਡ ਦਾ ਇਹੋ ਧਰਮ ਹੈ (ਜੋ ਉਪਰ ਦਸਿਆ ਹੈ)। |
| ਗਿਆਨ ਖੰਡ ਕਾ, ਆਖਹੁ ਕਰਮੁ ॥ | | ਕਰਮੁ = ਤਫਸੀਲ, ਵਿਆਖਿਆ। | (ਗੁਰੂ ਜੀ ਆਪਣੇ ਆਪ ਨੂੰ ਮੁਖਾਤਬ ਹੋ ਕੇ ਫੁਰਮਾਉਂਦੇ ਹਨ ਕਿ ਹੁਣ) ਗਿਆਨ ਖੰਡ ਦਾ ਕਰਮ ਆਖੋ ਭਾਵ ਬਿਆਨ ਕਰੋ। |
| ਕੇਤੇ ਪਵਣ, ਪਾਣੀ, ਵੈਸੰਤਰ; ਕੇਤੇ ਕਾਨ, ਮਹੇਸ ॥ | ਕਾਨ੍ਹ, ਮਹੇਸ਼ | ਕੇਤੇ = ਅਨੇਕ; ਪਵਣ = ਹਵਾ; ਵੈਸੰਤਰ = ਅੱਗ; ਕਾਨ = ਸ੍ਰੀ ਕ੍ਰਿਸ਼ਨ ਜੀ; ਮਹੇਸ = ਸ਼ਿਵ ਸ਼ੰਕਰ। | ਉਥੇ ਅਨੇਕਾਂ ਪਵਣ (ਹਵਾ), ਪਾਣੀ, ਵੈਸੰਤਰ (ਅੱਗ) ਹਨ, ਅਨੇਕਾਂ ਉਥੇ ਕਾਨ੍ਹ (ਸ੍ਰੀ ਕ੍ਰਿਸ਼ਨ ਜੀ) ਅਤੇ ਮਹੇਸ਼ (ਸ਼ਿਵਜੀ) ਹਨ। |
| ਕੇਤੇ ਬਰਮੇ, ਘਾੜਤਿ ਘੜੀਅਹਿ; ਰੂਪ, ਰੰਗ ਕੇ ਵੇਸ ॥ | ਘੜੀਅਹਿੰ | ਕੇਤੇ = ਅਨੇਕਾਂ; ਬਰਮੇ = ਬ੍ਰਹਮੇ, ਅਕਾਲ ਪੁਰਖ ਵਲੋਂ ਪੈਦਾ ਕੀਤੇ ਹੋਏ ਦੇਵਤੇ ਜੋ ਸ੍ਰਿਸ਼ਟੀਆਂ ਬਨਾਉਣ ਦਾ ਕੰਮ ਕਰਦੇ ਹਨ; ਘਾੜਤਿ = ਘਾੜਤ, ਸ੍ਰਿਸ਼ਟੀਆਂ ਦੀ ਬਨਾਵਟ ਜਾਂ ਘਾੜਤਿ; ਘੜੀਅਹਿ = ਘੜੀ ਜਾ ਰਹੀ ਹੈ; ਕੇ = ਕਈ। | ਅਨੇਕਾਂ ਬ੍ਰਹਮੇ ਹਨ (ਅਤੇ ਉਹਨਾਂ ਵਲੋਂ ਅਨੇਕਾਂ ਸ੍ਰਿਸਟੀਆਂ ਦੀ) ਘਾੜਤਿ ਕਈ ਰੂਪਾਂ, ਰੰਗਾਂ ਅਤੇ ਵੇਸਾਂ ਨਾਲ ਘੜੀ ਜਾ ਰਹੀ ਹੈ। |
| ਕੇਤੀਆ ਕਰਮ ਭੂਮੀ; ਮੇਰ ਕੇਤੇ; ਕੇਤੇ ਧੂ ਉਪਦੇਸ ॥ | | ਕੇਤੀਆ = ਅਨੇਕਾਂ; ਕਰਮ ਭੂਮੀ = ਧਰਤੀ ਜਿਥੇ ਜੀਵ ਕਰਮ ਕਰਦੇ ਹਨ ਜਿਵੇਂ ਕਿ ਆਪਣੀ ਧਰਤੀ; ਮੇਰ ਕੇਤੇ = ਕਈ ਪਹਾੜ; ਕੇਤੇ ਧੂ ਉਪਦੇਸ = ਕਈ ਧ੍ਰੂਅ ਭਗਤ ਅਤੇ ਉਹਨਾਂ ਦੇ ਉਪਦੇਸ਼। | ਅਨੇਕਾਂ (ਇਸ ਧਰਤੀ ਵਰਗੀਆਂ) ਕਰਮ ਭੂਮੀਆਂ ਹਨ; ਅਨੇਕਾਂ ਮੇਰ ਪਹਾੜ ਹਨ ਅਤੇ ਅਨੇਕਾਂ ਧ੍ਰੂਅ ਭਗਤ ਅਤੇ ਉਹਨਾਂ ਦੇ ਉਪਦੇਸ਼ ਹਨ। |
| ਕੇਤੇ ਇੰਦ, ਚੰਦ; ਸੂਰ ਕੇਤੇ; ਕੇਤੇ ਮੰਡਲ ਦੇਸ ॥ | | ਕੇਤੇ = ਅਨੇਕ; ਇੰਦ = ਇੰਦਰ ਦੇਵਤੇ; ਚੰਦ = ਚੰਦ੍ਰਮਾ; ਸੂਰ = ਸੂਰਜ; ਮੰਡਲ = ਤਾਰਿਆਂ ਦੇ ਸਮੁਦਾਏ, ਸਫੀਅਰ। | ਅਨੇਕ ਇੰਦਰ ਹਨ; ਅਨੇਕ ਚੰਦ ਅਤੇ ਸੂਰਜ ਹਨ ਅਤੇ ਅਨੇਕ ਤਾਰਿਆਂ ਦੇ ਸਮੁਦਾਏ ਤੇ ਦੇਸ ਹਨ। |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਪਦ ਅਰਥ** | **ਸਰਲ ਅਰਥ ਵਿਚਾਰ** |
| ਕੇਤੇ ਸਿਧ, ਬੁਧ; ਨਾਥ ਕੇਤੇ; ਕੇਤੇ ਦੇਵੀ ਵੇਸ ॥ | | ਕੇਤੇ = ਅਨੇਕ; ਸਿਧ = ਪੁੱਜੇ ਹੋਏ ਜੋਗੀ; ਬੁਧ = ਮਹਾਤਮਾ ਬੁੱਧ ਵਰਗੇ ਗਿਆਨਵਾਨ; ਨਾਥ = ਸਿਧਾਂ ਦੇ ਗੁਰੂ; ਦੇਵੀ ਵੇਸ = ਦੇਵੀਆਂ ਦੇ ਵੇਸ, ਦੇਵੀਆਂ ਦੇ ਰੂਪ। | ਅਨੇਕ ਸਿਧ ਹਨ, ਅਨੇਕ ਬੁਧ ਅਤੇ ਨਾਥ ਹਨ ਅਤੇ ਕਈ ਦੇਵੀਆਂ ਦੇ ਵੇਸ ਹਨ ਭਾਵ ਦੇਵੀਆਂ ਦੇ ਰੂਪ ਹਨ। |
| ਕੇਤੇ ਦੇਵ ਦਾਨਵ; ਮੁਨਿ ਕੇਤੇ; ਕੇਤੇ ਰਤਨ ਸਮੁੰਦ ॥ | | ਦੇਵ = ਦੇਵਤੇ; ਦਾਨਵ = ਰਾਕਸ਼; ਮੁਨਿ = ਰਿਖੀ ਮੁਨੀ; ਰਤਨ ਸਮੁੰਦ = ਕੀਮਤੀ ਪੱਥਰ ਅਤੇ ਸਮੁੰਦਰ। | ਅਨੇਕ ਦੇਵਤੇ ਅਤੇ ਰਾਕਸ਼ ਹਨ, ਅਨੇਕ ਰਿਖੀ ਮੁਨੀ ਹਨ ਅਤੇ ਅਨੇਕ ਸਮੁੰਦਰ ਤੇ ਉਹਨਾਂ ਵਿਚੋਂ ਨਿਕਲਣ ਵਾਲੇ ਰਤਨ ਹਨ। |
| ਕੇਤੀਆ ਖਾਣੀ; ਕੇਤੀਆ ਬਾਣੀ; ਕੇਤੇ ਪਾਤ ਨਰਿੰਦ ॥ | ਕੇਤੀਆਂ, ਕੇਤੀਆਂ | ਖਾਣੀ = ਜੀਵਾਂ ਦੇ ਪੈਦਾ ਹੋਣ ਦੇ ਰਾਹ ਜਿਵੇਂ ਕਿ ਅੰਡਜ (ਆਂਡਿਆਂ ਤੋਂ), ਉਤਭੁਜ (ਬਨਸਪਤੀ) ਆਦਿ; ਬਾਣੀ = ਫੁਰਨੇ ਜ਼ਾਹਰ ਕਰਨ ਦੇ ਰਾਹ। ਚਾਰਿ ਬਾਣੀਆਂ ਇਸ ਧਰਤੀ ਵਿਚ ਹਨ ਬੈਖਰੀ, ਮੱਧਮਾ, ਪਰਾ ਅਤੇ ਪਸੰਤੀ। ਗਿਆਨ ਖੰਡ ਵਿਚ ਬੇਅੰਤ ਹਨ; ਪਾਤ = ਰਾਜੇ; ਨਰਿੰਦ = ਰਾਜੇ। | ਅਨੇਕ ਖਾਣੀਆਂ ਹਨ (ਕੇਵਲ ਚਾਰਿ ਨਹੀਂ ਹਨ), ਅਨੇਕ ਬਾਣੀਆਂ ਹਨ (ਕੇਵਲ ਚਾਰਿ ਨਹੀਂ ਹਨ) ਅਤੇ ਅਨੇਕ ਰਾਜੇ। |
| ਕੇਤੀਆ ਸੁਰਤੀ; ਸੇਵਕ ਕੇਤੇ; ਨਾਨਕ, ਅੰਤੁ ਨ ਅੰਤੁ ॥੩੫॥ | ਕੇਤੀਆਂ, ਸੁਰਤੀਂ | ਕੇਤੀਆ = ਅਨੇਕਾਂ; ਸੁਰਤੀ = ਸੁਰਤੀਆਂ; ਕੇਤੇ = ਅਨੇਕਾਂ। | ਕਈ ਸੁਰਤੀਆਂ ਬਿਰਤੀਆਂ ਹਨ, ਕਈ ਸੇਵਕ (ਸਮਾਜ ਸੇਵਕ ਆਦਿ); ਗੁਰੂ ਜੀ 'ਨਾਨਕ' ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ ਉਥੇ ਰਚਨਾ ਦਾ ਅੰਤ ਨਹੀਂ ਹੈ। |

| ਗੁਰਬਾਣੀ ਪਾਠ | ਉਚਾਰਨ ਸੇਧ | ਪਦ ਅਰਥ | ਸਰਲ ਅਰਥ ਵਿਚਾਰ |
|---|---|---|---|

ਸ਼ਰਮਖੰਡ ਬਾਰੇ ਪ੍ਰਾਤਕਥਨ: ਸ਼ਰਮਖੰਡ ਲੱਜਾ ਦਾ ਖੰਡ ਹੈ। ਇਥੇ ਭਗਤਾਂ ਦੀ ਭਗਤੀ ਤੇ ਰੀਝ ਕੇ ਅਕਾਲ ਪੁਰਖ ਉਹਨਾਂ ਦੀ ਲੱਜਾ ਜਾਂ ਸ਼ਰਮ ਰੱਖਦਾ ਹੈ। ਉਹਨਾਂ ਨੂੰ ਪਰਵਾਨ ਕਰਦਾ ਹੈ। ਸ਼ਰਮਖੰਡ ਦਾ ਪ੍ਰਧਾਨ ਗੁਣ ਰੂਪ ਜਾਂ ਸੁੰਦਰਤਾ ਹੈ। ਸ਼ਰਮਖੰਡ ਅਤਿ ਸੁੰਦਰ ਅਸਥਾਨ ਹੈ ਅਤੇ ਇਥੋਂ ਦੇ ਬਸ਼ਿੰਦੇ ਵੀ ਬਹੁਤ ਸੋਹਣੇ ਹੁੰਦੇ ਹਨ। ਇਥੇ ਪਹੁੰਚੀਆਂ ਹੋਈਆਂ ਗੁਰਮੁਖਿ ਰੂਹਾਂ ਦੀ ਇਥੇ ਸੁੰਦਰ ਘਾੜਤਿ ਘੜੀ ਜਾਂਦੀ ਹੈ। ਉਹਨਾਂ ਦੀ ਮਨ ਵਿਚਲੀ ਸੁਰਤਿ, ਮਤਿ ਅਤੇ ਬੁਧਿ ਨਵੀਂ ਘੜੀ ਜਾਂਦੀ ਹੈ ਜਿਸਦਾ ਸਦਕਾ ਉਹ ਮੈਲ ਤੋਂ ਰਹਿਤ ਹੋਏ ਅਤਿ ਸੁੰਦਰ ਲਗਦੇ ਹਨ। ਇਹ ਖੰਡ ਅਕਾਲੀ ਰਚਨਾ ਦਾ ਹਿੱਸਾ ਹੈ ਅਤੇ ਸਭ ਤੋਂ ਉਚੀ ਰਚਨਾ ਹੈ ਜਿਸਦਾ ਮਤਲਬ ਹੈ ਕਿ ਜਦੋਂ ਮਹਾਂ ਪ੍ਰਲਯ ਆਉਂਦੀ ਹੈ ਤਾਂ ਸ਼ਰਮਖੰਡ ਵੀ ਅਕਾਲ ਪੁਰਖ ਵਿਚ ਵਿਲੀਨ ਹੋ ਜਾਂਦਾ ਹੈ। ਕੇਵਲ ਕਰਮਖੰਡ ਅਤੇ ਸਚਖੰਡ ਅਬਿਨਾਸ਼ੀ ਖੰਡ ਹਨ ਜੋ ਨਾ ਰਚੇ ਜਾਂਦੇ ਹਨ ਨਾ ਵਿਨਾਸ਼ ਹੁੰਦੇ ਹਨ।

ਗੁਰਮੁਖਿ ਜਨ ਜੋ ਮਾਤਲੋਕ ਵਿਚ ਗੁਰੂ ਜੀ ਦੀ ਆਗਿਆ ਵਿਚ ਰਹਿੰਦੇ ਹਨ ਪਰ ਜਿਨਾਂ ਦੀ ਭਗਤੀ ਹਾਲੇ ਪੂਰੀ ਨਹੀਂ ਹੋਈ ਹੁੰਦੀ ਅਤੇ ਉਹਨਾਂ ਦੀ ਮਾਤਲੋਕੀ ਅਵਧ (ਉਮਰ) ਮੁੱਕ ਜਾਂਦੀ ਹੈ, ਉਹ ਸ਼ਹੀਦ ਸਿੰਘਾਂ ਵਾਲਾ ਜਾਮਾ ਅਪਨਾ ਕੇ ਸ਼ਰਮਖੰਡ ਦੇ ਉਤਲੇ ਹਿੱਸੇ ਦੇ ਵਾਸੀ ਬਣਦੇ ਹਨ। ਅੰਮ੍ਰਿਤ ਸਿੰਚਾਰ ਸਮੇਂ ਜੋ ਗੁਰੂ ਜੀ ਦਾ ਬਚਨ ਹੋਇਆ ਹੁੰਦਾ ਹੈ ਕਿ ਰਹਿਤਵਾਨ ਗੁਰਸਿਖਾਂ ਦਾ ਜਨਮ ਮਰਨ ਮੁੱਕ ਜਾਂਦਾ ਹੈ, ਉਸ ਬਚਨ ਦੀ ਲਾਜ ਇਸ ਬਿਧਿ ਰਖੀ ਜਾਂਦੀ ਹੈ ਕਿ ਰਹਿਤਵਾਨ ਗੁਰਸਿਖ ਜਿਨਾਂ ਦੀ ਆਤਮਕ ਕਮਾਈ ਹਾਲੇ ਪੂਰੀ ਨਹੀਂ ਹੁੰਦੀ, ਉਹ ਸ਼ਹੀਦ ਸਿੰਘਾਂ ਦਾ ਜਾਮਾ ਪਹਿਨ ਕੇ, ਨਾਮ ਬਾਣੀ ਨਾਲ ਜੁੜ ਕੇ ਮੁਕਤ ਹੋ ਕੇ ਕਰਮਖੰਡ ਜਾਂ ਸਚਖੰਡ ਵਿਚ ਜਾ ਸਮਾਉਂਦੇ ਹਨ।

ਸ਼ਰਮਖੰਡ ਵਿਚ ਮਨ ਵਿਚਲੀ ਸੁਰਤਿ, ਮਤਿ ਅਤੇ ਬੁਧਿ ਦੀ ਨਵੀਂ ਘਾੜਤਿ ਘੜੀ ਜਾਂਦੀ ਹੈ। ਇਸਦਾ ਅਰਥ ਸਮਝਣ ਲਈ ਜ਼ਰੂਰੀ ਹੈ ਕਿ ਮਨ, ਸੁਰਤਿ, ਮਤਿ ਅਤੇ ਬੁਧਿ ਦਾ ਅਰਥ ਸਮਝਿਆ ਜਾਵੇ। ਇਹ ਸਭ ਆਤਮਾ ਦੀਆਂ ਕਾਰਯ ਸ਼ਕਤੀਆਂ ਹਨ ਅਤੇ ਆਤਮਾ ਦੀਆਂ ਅੰਦਰਲੀਆਂ ਇੰਦਰੀਆਂ ਹਨ ਭਾਵ ਅੰਤਹਕਰਨ ਹਨ। ਮਨ ਆਤਮਾ ਦੀ ਉਹ ਸ਼ਕਤੀ ਹੈ ਜਿਸ ਰਾਹੀਂ ਆਤਮਾ ਕੁਝ ਕਾਰਜ ਕਰਦੀ ਹੈ। ਮਨ ਨੂੰ ਕੰਮ ਜਾਂ ਕਾਰਜ ਕਰਨ ਲਈ ਸੁਰਤਿ, ਮਤਿ ਅਤੇ ਬੁਧਿ ਦੀ ਲੋੜ ਹੁੰਦੀ ਹੈ। ਸੁਰਤਿ ਦਾ ਸੰਬੰਧ ਹੈ ਮਨ ਦੇ ਧਿਆਨ ਲਾਉਣ ਦੇ ਕਾਰਜ ਨਾਲ। ਮਤਿ ਦਾ ਸੰਬੰਧ ਹੈ ਮਨ ਦੀ ਸਮਝ ਨਾਲ। ਜੇਹੀ ਮਨ ਦੀ ਮਤਿ ਹੋਵੇਗੀ, ਤੇਹੇ (ਤੈਸੇ) ਹੀ ਮਨ ਕੰਮ ਕਰੇਗਾ। ਜਦੋਂ ਮਨ ਦੀ ਮਤਿ ਮੈਲੀ ਹੁੰਦੀ ਹੈ ਤਾਂ ਮਨ ਮਾੜੇ ਕੰਮ ਕਰਦਾ ਹੈ। ਜਦੋਂ ਨਾਮ ਗੁਰਬਾਣੀ ਅਸਰ ਸਦਕਾ, ਮਨ ਦੀ ਮਤਿ ਤਬਦੀਲ ਹੋ ਕੇ ਗੁਰਮਤਿ (ਗੁਰੂ ਦੀ ਮਤਿ) ਵਿਚ ਬਦਲ ਜਾਂਦੀ ਹੈ ਤਾਂ ਮਨ ਗੁਰੂ ਦੀ ਰਜ਼ਾ ਵਾਲੇ ਕੰਮ ਕਰਨ ਲਗ ਜਾਂਦਾ ਹੈ। ਮਨ ਉਹੋ ਹੀ ਕੰਮ ਕਰ ਸਕਦਾ ਹੈ, ਜੋ ਮਤਿ ਵਿਚ ਦਰਜ ਹੋਣ। ਮਨ ਨੂੰ ਗਲਤ ਕੰਮ ਕਰਨ ਤੋਂ ਰੋਕਣ ਲਈ ਇਹ ਹੋਰ ਅੰਦਰਲੀ ਇੰਦਰੀ ਹੈ ਜਿਸਦਾ ਨਾਮ ਹੈ ਬੁਧਿ। ਜਦੋਂ ਮਨ ਆਪਣੀ ਮਤਿ ਅਨੁਸਾਰ ਕੋਈ ਕੰਮ ਕਰਨ ਬਾਰੇ ਤਿਆਰੇ ਕਰਦਾ ਹੈ ਤਾਂ ਉਸਨੂੰ ਬੁਧਿ ਦੀ ਇਜਾਜ਼ਤ ਲੈਣੀ ਪੈਂਦੀ ਹੈ। ਬੁਧਿ ਇਹ ਨਿਰਣਾ ਕਰਦੀ ਹੈ ਕਿ ਜੋ ਮਤਿ ਨੇ ਕੰਮ ਕਰਨ ਨੂੰ ਕਿਹਾ ਹੈ, ਉਹ ਸਹੀ ਹੈ ਕਿ ਨਹੀਂ ਅਤੇ ਉਹ ਕਰਨ ਦਾ ਫਾਇਦਾ ਹੈ ਕਿ ਨਹੀਂ। ਜਿਤਨੀ ਕਿਸੇ ਦੀ ਬੁਧਿ ਉਜਲ ਹੋਵੇਗੀ, ਉਤਨੇ ਹੀ ਮਨ ਦੇ ਕੰਮ ਚੰਗੇ ਹੋਣਗੇ। ਜਦੋਂ ਗੁਰਬਾਣੀ ਨੂੰ ਸੁਰਤਿ ਕਰਕੇ ਭਾਵ ਧਿਆਨ ਨਾਲ ਸਰਵਨ ਪਰਸਨ ਕੀਤਾ ਜਾਂਦਾ ਹੈ ਤਾਂ ਗੁਰਬਾਣੀ ਦਾ ਮਤਿ ਅਤੇ ਬੁਧਿ ਦੋਹਾਂ ਤੇ ਅਸਰ ਹੁੰਦਾ ਹੈ। ਜਿਸਦੀ ਮਤਿ ਅਤੇ ਬੁਧਿ ਗੁਰਮਤਿ ਅਨੁਸਾਰੀ ਹੋ ਜਾਵੇ, ਉਸਦਾ ਮਨ ਵੀ ਗੁਰਮਤਿ ਅਨੁਸਾਰੀ ਹੋ ਕੇ ਚੰਗੇ ਕੰਮ ਕਰਨ ਲਗ ਜਾਂਦਾ ਹੈ। ਜਦੋਂ ਮਤਿ ਅਤੇ ਬੁਧਿ ਗੁਰਮਤਿ ਅਨੁਸਾਰੀ ਹੋਣ ਤਾਂ ਧਿਆਨ ਵੀ ਸਹਿਜ ਹੀ ਲਗ ਜਾਂਦਾ ਹੈ। ਧਿਆਨ ਲਾਉਣ ਵਿਚ ਉਸ ਵੇਲੇ ਸਮਸਿਆ ਆਉਂਦੀ ਹੈ ਜਦੋਂ ਮਤਿ ਅਤੇ ਬੁਧਿ ਸੰਸਾਰੀ ਮੈਲ ਨਾਲ ਥਿੰਦਾਏ ਹੋਣ। ਇਸੇ ਕਰਕੇ ਹੀ ਸੁਰਤਿ ਦਾ ਨਾਮ ਬਾਣੀ ਵਿਚ ਲਗਣਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ ਕਿਉਂਕਿ ਮਨ ਤਾਂ ਉਹੋ ਹੀ ਕੰਮ ਕਰਦਾ ਹੈ ਜੋ ਮਤਿ ਅਤੇ ਬੁਧਿ ਵਿਚ ਦਰਜ ਹੋਵੇ। ਸੋ ਨਾਮ ਬਾਣੀ ਨਾਲ ਸੁਰਤਿ, ਮਤਿ, ਅਤੇ ਬੁਧਿ ਉਜਲ ਹੋ ਜਾਂਦੇ ਹਨ। ਇਹ ਗਲ ਕਿਸੇ ਹੋਰ ਲੇਖ ਵਿਚ ਕੀਤੀ ਜਾਵੇਗੀ ਜੇਕਰ ਗੁਰੂ ਜੀ ਦੀ ਰਜ਼ਾ ਹੋਈ ਪਰ ਹੁਣ ਇੰਨਾ ਦਸਣਾ ਮੁਨਾਸਬ ਹੈ ਕਿ ਕਿਤੇ ਕਿਤੇ ਗੁਰਬਾਣੀ ਵਿਚ ਸਮੁਚੀ ਆਤਮਾ ਨੂੰ ਸਣੇ ਅੰਤਹਕਰਨ ਦੇ, ਮਨ ਕਿਹਾ ਗਿਆ ਹੈ। ਕਿਤੇ ਕਿਤੇ ਚਿੱਤ, ਮਨ ਦੇ ਅਰਥਾਂ ਵਿਚ ਵੀ ਗੁਰਬਾਣੀ ਵਿਚ ਆਇਆ ਹੈ ਹਾਲਾਂਕਿ ਕਿਤੇ ਕਿਤੇ ਚਿੱਤ ਸੁਰਤਿ ਦੇ ਅਰਥਾਂ ਵਿਚ ਵੀ ਆਉਂਦਾ ਹੈ। ਉਦਾਂ ਚਿੱਤ ਆਤਮਾ ਦੀ ਉਹ ਸ਼ਕਤੀ ਹੈ ਜਿਥੇ ਯਾਦ ਜਾਂ ਮੈਮਰੀ ਹੁੰਦੀ ਹੈ।

| | | | |
|---|---|---|---|
| ਗਿਆਨਖੰਡ ਮਹਿ, ਗਿਆਨੁ ਪਰਚੰਡੁ ॥ | | ਗਿਆਨਖੰਡ = ਸੂਖਮ ਦੁਨੀਆ ਦੇ ਦੂਜੇ ਖੰਡ ਦਾ ਨਾਮ; ਗਿਆਨੁ = ਸ਼ਊਰ, ਨੌਲੇਜ; ਪਰਚੰਡੁ = ਬਲਿਆ ਹੋਇਆ, ਤਿੱਖਾ, ਡੂੰਘਾ; ਗਿਆਨੁ ਪਰਚੰਡੁ = ਬਲਿਆ ਹੋਇਆ ਗਿਆਨ ਭਾਵ ਪਰਗਟ ਗਿਆਨ, ਡੂੰਘਾ ਗਿਆਨ। | ਗਿਆਨਖੰਡ ਵਿਚ ਪਰਚੰਡ ਗਿਆਨ (ਪ੍ਰਧਾਨ ਹੈ) ਭਾਵ ਗਿਆਨਖੰਡ ਵਿਚ ਪਰਚੰਡ ਗਿਆਨ ਦੀ ਪ੍ਰਧਾਨਤਾ ਹੈ।<br><br>ਗੁਰਮੁਖਿ ਜਨ ਜੋ ਸਦੇਹ ਜਾਂ ਬਦੇਹ ਰੂਪ ਵਿਚ ਗਿਆਨਖੰਡ ਦੀ ਗੰਮਤਾ ਰੱਖਦੇ ਹਨ, ਉਹਨਾਂ ਨੂੰ ਸਾਰੀ ਦੁਨੀਆਂ ਦਾ ਗਿਆਨ ਹੋ ਜਾਂਦਾ ਹੈ। ਕੋਈ ਵੀ ਦੁਨਿਆਵੀ ਵਿਦਿਆ ਜਾਂ ਹੁਨਰ ਜਾਂ ਗਿਆਨ ਉਹਨਾਂ ਤੋਂ ਗੁੱਝਾ ਨਹੀਂ ਰਹਿੰਦਾ। |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਪਦ ਅਰਥ** | **ਸਰਲ ਅਰਥ ਵਿਚਾਰ** |
| ਤਿਥੈ, ਨਾਦ, ਬਿਨੋਦ, ਕੋਡ, ਅਨੰਦੁ ॥ | | ਨਾਦ = ਮਿਠੀ ਸੰਗੀਤਕ ਧੁਨੀ ਜੋ ਸੰਗੀਤਕ ਜੰਤਰਾਂ ਤੋਂ ਉਠਦੀ ਹੈ। ਮਿਠੀ ਸੁਰ ਵਿਚ ਗਾਉਣ ਨੂੰ ਵੀ ਨਾਦ ਵਿਚ ਹੀ ਸ਼ਾਮਲ ਸਮਝਿਆ ਜਾਂਦਾ ਹੈ; ਬਿਨੋਦ = ਖ਼ੁਸ਼ੀਆਂ; ਕੋਡ = ਕਉਤਕ; ਅਨੰਦ = ਆਤਮਕ ਖ਼ੁਸ਼ੀ। | ਉਥੇ (ਗਿਆਨਖੰਡ ਵਿਚ) ਅਨੇਕ ਸੰਗੀਤਕ ਨਾਦ, ਬਿਨੋਦ (ਖ਼ੁਸ਼ੀਆਂ), ਕੋਡ (ਕਉਤਕ) ਹੋਣ ਕਰਕੇ ਭਗਤਾਂ ਨੂੰ ਅਨੰਦ ਰਹਿੰਦਾ ਹੈ।<br><br>ਇਸ ਪੰਕਤੀ ਵਿਚ 'ਨਾਦ', 'ਬਿਨੋਦ' ਅਤੇ 'ਕੋਡ' ਬਹੁਵਚਨ ਹਨ ਪਰ 'ਅਨੰਦੁ' ਇਕ ਵਚਨ ਹੈ ਜਿਸ ਤੋਂ ਇਹ ਸੇਧ ਮਿਲਦੀ ਹੈ ਕਿ ਰੂਹਾਨੀ ਨਾਦ, ਬਿਨੋਦ ਅਤੇ ਕੋਡ ਹੋਣ ਕਰਕੇ ਭਗਤਾਂ ਨੂੰ ਇਸ ਖੰਡ ਵਿਚ ਅਨੰਦ ਪ੍ਰਾਪਤ ਹੁੰਦਾ ਹੈ। |
| ਸਰਮਖੰਡ ਕੀ ਬਾਣੀ, ਰੂਪੁ ॥ | ਸ਼ਰਮ | ਸਰਮਖੰਡ = ਸ਼ਰਮਖੰਡ, ਲੱਜਾ ਦਾ ਖੰਡ; ਉਹ ਖੰਡ ਜਿਥੇ ਭਗਤਾਂ ਦੀ ਲੱਜਾ ਰੱਖੀ ਜਾਂਦੀ ਹੈ; ਬਾਣੀ = ਪ੍ਰਧਾਨਤਾ, ਬਣਤਰ; ਰੂਪ = ਸੁੰਦਰਤਾ। | (ਹੁਣ ਸਰਮਖੰਡ ਦਾ ਵਿਚਾਰ ਆਰੰਭ ਕਰਦੇ ਹੋਏ ਹਜ਼ੂਰ ਦਸਦੇ ਹਨ ਕਿ) ਸ਼ਰਮਖੰਡ ਦੀ ਬਾਣੀ ਭਾਵ ਬਣਤਰ ਅਤੇ ਪ੍ਰਧਾਨਤਾ, ਰੂਪ (ਸੁੰਦਰਤਾ) ਦੀ ਹੈ।<br><br>ਸ਼ਰਮਖੰਡ ਵਿਚ ਸੁੰਦਰਤਾ ਦੀ ਪ੍ਰਧਾਨਤਾ ਹੈ। ਇਹ ਖੰਡ ਬਹੁਤ ਵਿਸ਼ਾਲ ਅਤੇ ਸੁੰਦਰ ਹੈ। ਹਰ ਸ਼ੈ ਇਥੇ ਸੁੰਦਰਤਾ ਨਾਲ ਭਰਪੂਰ ਹੈ। |
| ਤਿਥੈ, ਘਾੜਤਿ ਘੜੀਐ, ਬਹੁਤੁ ਅਨੂਪੁ ॥ | | ਤਿਥੈ = ਉਥੇ (ਸ਼ਰਮਖੰਡ ਵਿਖੇ); ਅਨੂਪੁ = ਉਪਮਾ ਤੋਂ ਰਹਿਤ, ਸੁੰਦਰ; ਬਹੁਤੁ ਅਨੂਪੁ = ਬਹੁਤ ਸੁੰਦਰ। | ਉਥੇ (ਸ਼ਰਮਖੰਡ ਵਿਖੇ ਗੁਰਮੁਖਿ ਰੂਹਾਂ ਦੀ) ਘਾੜਤਿ (ਬਨਾਵਟ) ਬਹੁਤ ਸੁੰਦਰ ਰੂਪ ਵਿਚ ਘੜੀ ਜਾਂਦੀ ਹੈ।<br><br>ਸ਼ਰਮਖੰਡ ਵਿਚ ਸੁੰਦਰਤਾ ਦੀ ਪ੍ਰਧਾਨਤਾ ਹੋਣ ਕਰਕੇ ਜੋ ਗੁਰਮੁਖਿ ਰੂਹਾਂ ਇਥੇ ਪ੍ਰਵੇਸ਼ ਪਾਉਂਦੀਆਂ ਹਨ, ਉਹ ਅਤਿ ਸੁੰਦਰ ਜਾਮੇ ਵਾਲੀਆਂ ਹੁੰਦੀਆਂ ਹਨ। ਗੁਰਮਤਿ ਪ੍ਰੇਮਾ ਭਗਤੀ ਦਾ ਸਦਕਾ ਉਹਨਾਂ ਦੀ ਮੈਲ ਸਭ ਧੋਤੀ ਜਾਂਦੀ ਹੈ ਜਿਸ ਕਰਕੇ ਉਹ ਸੁੰਦਰ ਰੂਪ ਵਾਲੀਆਂ ਹੋ ਜਾਂਦੀਆਂ ਹਨ। |
| ਤਾ ਕੀਆ ਗਲਾ; ਕਥੀਆ ਨਾ ਜਾਹਿ ॥ | ਕੀਆਂ, ਗੱਲਾਂ, ਕਥੀਆਂ, ਜਾਹਿਂ | ਤਾ ਕੀਆ ਗਲਾ = ਉਹਨਾਂ ਦੀਆਂ ਗੱਲਾਂ; ਕਥੀਆ ਨਾ ਜਾਹਿ = ਬਿਆਨ ਨਹੀਂ ਕੀਤੀਆਂ ਜਾ ਸਕਦੀਆਂ। | ਉਹਨਾਂ ਦੀਆਂ (ਸ਼ਰਮਖੰਡ ਵਿਚ ਪਹੁੰਚੇ ਭਗਤਾਂ ਦੀਆਂ) ਗੱਲਾਂ ਬਿਆਨ ਨਹੀਂ ਕੀਤੀਆਂ ਜਾ ਸਕਦੀਆਂ। |
| ਜੇ ਕੋ ਕਹੈ; ਪਿਛੈ ਪਛੁਤਾਇ ॥ | | ਜੇ ਕੋ ਕਹੈ = ਜੇ ਕੋਈ ਕਹੇ ਜਾਂ ਕਹਿਣ ਦੀ ਕੋਸ਼ਿਸ਼ ਕਰੇ; ਪਿਛੈ ਪਛੁਤਾਇ = ਮਗਰੋਂ ਪਛਤਾਉਂਦਾ ਹੈ। | ਜੇ ਕੋਈ ਬਿਆਨ ਕਰਨ ਦੀ ਕੋਸ਼ਿਸ਼ ਕਰੇ (ਸ਼ਰਮਖੰਡ ਦੇ ਭਗਤਾਂ ਦੀਆਂ ਗੱਲਾਂ) ਤਾਂ ਉਹ ਮਗਰੋਂ ਪਛਤਾਉਂਦਾ ਹੈ (ਕਿਉਂਕਿ ਉਹ ਬਿਆਨ ਕਰਨ ਤੋਂ ਅਸੰਮ੍ਰਥ ਰਹਿੰਦਾ ਹੈ ਜਿਸ ਕਰਕੇ ਉਹ ਸ਼ਰਮਿੰਦਾ ਹੁੰਦਾ ਹੈ)। |
| ਤਿਥੈ ਘੜੀਐ, ਸੁਰਤਿ ਮਤਿ ਮਨਿ ਬੁਧਿ ॥ | | ਤਿਥੈ = ਉਥੇ (ਸ਼ਰਮਖੰਡ ਵਿਖੇ); ਘੜੀਐ = ਘੜੀ ਜਾਂਦੀ ਹੈ; ਸੁਰਤਿ = ਆਤਮਾ ਦੀ ਉਹ ਸ਼ਕਤੀ ਜਿਸ ਦੁਆਰਾ ਧਿਆਨ ਲਗਦਾ ਹੈ; ਮਤਿ = ਸਮਝ; ਮਨਿ = ਮਨ ਵਿਚਲੀ ਸੁਰਤਿ, ਮਤਿ ਅਤੇ ਬੁਧਿ। ਮਨ ਆਤਮਾ ਦੀ ਕਾਰਯ ਸ਼ਕਤੀ ਦਾ ਨਾਮ ਹੈ; ਬੁਧਿ = ਆਤਮਾ ਦੀ ਨਿਰਣਾ ਕਰਨ ਦੀ ਸ਼ਕਤੀ। | ਉਥੇ (ਸ਼ਰਮਖੰਡ ਵਿਖੇ ਭਗਤਾਂ ਦੀ) ਮਨ ਵਿਚਲੀ ਸੁਰਤਿ, ਮਤਿ ਅਤੇ ਬੁਧਿ ਘੜੀ ਜਾਂਦੀ ਹੈ। |
| ਤਿਥੈ ਘੜੀਐ, ਸੁਰਾ ਸਿਧਾ ਕੀ ਸੁਧਿ ॥੩੬॥ | ਸੁਰਾਂ, ਸਿਧਾਂ | ਤਿਥੈ = ਉਥੇ (ਸ਼ਰਮਖੰਡ ਵਿਖੇ); ਘੜੀਐ = ਘੜੀਦੀ ਹੈ ਜਾਂ ਘੜੀ ਜਾਂਦੀ ਹੈ; ਸੁਰਾ ਸਿਧਾ ਕੀ ਸੁਧਿ - ਦੇਵਤਿਆਂ ਅਤੇ ਸਿਧਾਂ ਦੀ ਸੋਝੀ ਅਤੇ ਗਤੀ। | ਉਥੇ (ਸ਼ਰਮਖੰਡ ਵਿਖੇ) ਦੇਵਤਿਆਂ ਅਤੇ ਸਿਧਾਂ ਦੀ ਸੁਧਿ ਘੜੀ ਜਾਂਦੀ ਹੈ। |

# ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ

| ਗੁਰਬਾਣੀ ਪਾਠ | ਉਚਾਰਨ ਸੇਧ | ਪਦ ਅਰਥ | ਸਰਲ ਅਰਥ ਵਿਚਾਰ |
|---|---|---|---|
| ਕਰਮਖੰਡ ਅਤੇ ਸਚਖੰਡ ਬਾਰੇ ਪ੍ਰਾਤਕਥਨ: ਕਰਮਖੰਡ ਅਤੇ ਸਚਖੰਡ ਦੋਨੋ ਇਕ ਹੀ ਪਉੜੀ ਵਿਚ ਬਿਆਨ ਕੀਤੇ ਗਏ ਹਨ ਜਦਕਿ ਬਾਕੀ ਦੇ ਤਿੰਨ ਖੰਡ ਧਰਮਖੰਡ, ਗਿਆਨਖੰਡ ਅਤੇ ਸ਼ਰਮਖੰਡ ਅਲਗ ਅਲਗ ਪਉੜੀਆਂ ਵਿਚ ਦਰਜ ਹਨ। ਇਸ ਪਿਛੇ ਗੂੜ੍ਹਾ ਰਾਜ਼ ਹੈ। ਕਰਮਖੰਡ ਅਤੇ ਸਚਖੰਡ ਅਬਿਨਾਸ਼ੀ ਖੰਡ ਹਨ ਜੋ ਕਿ ਰਚਨਾ ਵਿਚ ਨਹੀਂ ਆਉਂਦੇ। ਇਹ ਸਦੀਵੀ ਖੰਡ ਹਨ ਜੋ ਪ੍ਰਲਯ ਜਾਂ ਮਹਾਂਪ੍ਰਲਯ ਸਮੇਂ ਵੀ ਵਿਨਾਸ਼ ਨਹੀਂ ਹੁੰਦੇ। ਭਾਈ ਸਾਹਿਬ ਰਣਧੀਰ ਸਿੰਘ ਜੀ ਬ੍ਰਹਮਗਿਆਨੀ ਅਵਸਥਾ ਦੇ ਅਨੁਭਵੀ ਗੁਰਮੁਖਿ ਸਨ ਜਿਨਾਂ ਨੇ ਆਪਣੀ ਕਿਤਾਬ 'ਸਚਖੰਡ ਦਰਸ਼ਨ' ਵਿਚ ਪੰਜਾਂ ਖੰਡਾਂ ਬਾਰੇ ਖੋਲ ਕੇ ਨਿਰਣਾ ਕੀਤਾ ਹੈ। ਉਹਨਾਂ ਨੇ ਇਕ ਸੁੰਦਰ ਤਸ਼ਬੀਹ (ਮਿਸਾਲ) ਦੇ ਕੇ ਸਮਝਾਇਆ ਹੈ ਕਿ ਸਚਖੰਡ ਅਤੇ ਕਰਮਖੰਡ ਇਸ ਪ੍ਰਕਾਰ ਹਨ ਜਿਵੇਂ ਇਕ ਇਮਾਰਤ ਵਿਚ ਅੰਦਰ ਦਰਬਾਰ ਹੋਵੇ ਅਤੇ ਦਰਬਾਰ ਦੇ ਸਾਹਮਣੇ ਵਰਾਂਡਾ ਹੋਵੇ। ਸਚਖੰਡ ਅੰਦਰਲਾ ਦਰਬਾਰ ਹੈ ਅਤੇ ਕਰਮਖੰਡ ਦਰਬਾਰ ਦੇ ਸਾਹਮਣੇ ਪਰ ਉਸੇ ਇਮਾਰਤ ਵਿਚ ਵਰਾਂਡਾ ਹੈ ਜਿਥੋਂ ਸਚਖੰਡ ਦਾ ਨਜ਼ਾਰਾ ਵੀ ਨਜ਼ਰ ਆਉਂਦਾ ਹੈ ਅਤੇ ਅਨੰਦ ਵੀ ਆਉਂਦਾ ਹੈ।<br><br>ਗੁਰਮਤਿ ਵਿਚ ਮੁਕਤੀ ਦਾ ਮਤਲਬ ਕਰਮਖੰਡ ਜਾਂ ਸਚਖੰਡ ਵਿਖੇ ਜਾ ਸਮਾਉਣਾ ਹੈ। ਸਚਖੰਡ ਜਾਂ ਕਰਮਖੰਡ ਵਿਚ ਸਮਾਉਣ ਦਾ ਅਰਥ ਇਹ ਨਹੀਂ ਹੈ ਕਿ ਇਥੋਂ ਦੇ ਗੁਰਮੁਖਾਂ ਦੇ ਆਪੇ ਦਾ ਵਿਨਾਸ਼ ਹੋ ਜਾਂਦਾ ਹੈ ਬਲਕਿ ਉਹ ਤਾਂ ਸਦ ਜੀਵਨ ਪ੍ਰਾਪਤ ਕਰਦੇ ਹਨ ਅਤੇ ਸਦਾ ਅਨੰਦ ਵਾਲੇ ਮਰਤਬੇ ਨੂੰ ਪ੍ਰਾਪਤ ਕਰਦੇ ਹਨ। ਸਮੁੰਦਰ ਵਿਚ ਬੂੰਦ ਸਮਾਉਣ ਦਾ ਅਰਥ ਇਹ ਹੈ ਕਿ ਉਹ ਮਹਿਮਾਂ ਵਿਚ 'ਸੀਤੋ ਸੀਤਾ' ਭਾਵ ਇਥੇ ਗੁਰਮੁਖਿ ਰੂਹਾਂ ਹਰਿ ਕੀਰਤਿ ਵਿਚ ਸੀਤੀਆਂ ਪਰੋਤੀਆਂ ਹੁੰਦੀਆਂ ਹਨ। ਉਹਨਾਂ ਦਾ ਵਿਨਾਸ਼ ਨਹੀਂ ਹੁੰਦਾ। ਇਹਨਾਂ ਖੰਡਾਂ ਵਿਚ ਕਈ ਲੋਆਂ ਵਿਚ ਭਗਤ ਜਨ ਵੱਸਦੇ ਹਨ ਜਿਨਾਂ ਦੀ ਗਿਣਤੀ ਹੋ ਸਕਣੀ ਨਾਮੁਮਕਿਨ ਹੈ। ਇਥੇ ਭਗਤਾਂ ਨੂੰ ਕੋਈ ਠੱਗ ਨਹੀਂ ਸਕਦਾ ਭਾਵ ਉਹਨਾ ਦਾ ਕਦੇ ਜ਼ਵਾਲ (ਗਿਰਾਵਟ) ਨਹੀਂ ਹੁੰਦਾ ਕਿਉਂਕਿ ਇਕ ਤਾਂ ਉਹਨਾਂ ਵਿਚ ਰਾਮ ਭਰਪੂਰ ਰਹਿੰਦਾ ਹੈ ਅਤੇ ਦੂਸਰਾ ਉਥੇ ਮਾਇਆ ਦਾ ਉਕਾ ਹੀ ਅਭਾਵ ਹੈ। ਸੋ ਉਹ ਗੁਰਮੁਖਿ ਜਨ 'ਪੂਰਨ ਪੁਰਖ ਨਹੀ ਡੋਲਾਨੇ ॥' ਦੇ ਗੁਰਵਾਕ ਅਨੁਸਾਰ ਕਦੇ ਡੋਲਦੇ ਨਹੀਂ ਅਤੇ 'ਗੁਰਮੁਖਿ ਆਵੈ ਜਾਇ ਨਿਸੰਗੁ ॥' ਦੇ ਹੁਕਮ ਅਨੁਸਾਰ ਜਦੋਂ ਚਾਹੁੰਣ ਪੰਜਾਂ ਖੰਡਾਂ ਸਣੇ ਕਿਸੇ ਵੀ ਕਰਮ ਭੂਮੀ ਵਿਚ ਆ ਜਾ ਸਕਦੇ ਹਨ। ਉਹ ਮੁਏ ਨਹੀਂ ਬਲਕਿ ਅਸਲ ਵਿਚ ਉਹੋ ਹੀ ਜੀਉਂਦੇ ਹਨ, ਹੋਰ ਲੁਕਾਈ ਸਭ ਮੁਈ ਹੋਈ ਹੈ।<br><br>ਇਕ ਉਟੰਕਣ ਜੋ ਸਚਖੰਡ ਵਿਚ ਨਿਰੰਕਾਰ ਹੋਣ ਤੇ ਲਾਉਂਦੇ ਹਨ ਉਹ ਇਹ ਹੈ ਕਿ ਜੇਕਰ ਨਿਰੰਕਾਰ ਸਚਖੰਡ ਵਿਚ ਹੈ ਤਾਂ ਫੇਰ ਉਹ ਸਰਬ ਵਿਆਪਕ ਕਿਵੇਂ ਹੈ। ਇਸਦਾ ਜਵਾਬ ਇਹ ਹੈ ਕਿ ਜਿਵੇਂ ਸੂਰਜ ਭਾਂਵੇਂ ਧਰਤੀ ਤੋਂ ਦੁਰਾਡੇ ਹੀ ਵਸਦਾ ਹੈ ਪਰ ਉਹ ਆਪਣੀਆਂ ਕਿਰਣਾਂ ਕਰਕੇ ਧਰਤੀ ਵਿਚ ਹਾਜ਼ਰ ਹੈ। ਇਸੇ ਤਰ੍ਹਾਂ ਹੀ ਭਾਨਾਨ ਭਾਨ, ਸੂਰਜ ਸੂਰਜੇ ਨਿਰੰਕਾਰ ਵਾਹਿਗੁਰੂ ਵੀ ਸਚਖੰਡ ਵਿਚ ਹੁੰਦਾ ਹੋਇਆ ਸਰਬ ਵਿਆਪਕ ਹੈ ਕਿਉਂਕਿ ਉਹ ਸਰਗੁਨ ਰੂਪ ਵਿਚ ਕਿਸੇ ਵੀ ਲੋਕ ਨੂੰ ਅਸਥਾਪਤ ਕਰਨ ਤੋਂ ਪਹਿਲਾਂ ਆਪਣੇ ਆਪ ਨੂੰ ਥਾਪਦਾ ਹੈ ਅਤੇ ਫੇਰ ਆਸਨ ਲਾ ਕੇ ਲੋਇ ਲੋਇ ਬਿਰਾਜਮਾਨ ਰਹਿੰਦਾ ਹੈ। ਇਸਦੇ ਬਾਵਜੂਦ ਉਹ ਮੁੱਖ ਤੌਰ ਤੇ, ਨਿਰਗੁਣ ਰੂਪ ਵਿਚ ਸਚਖੰਡ ਵਿਚ ਹੀ ਨਿਵਾਸ ਕਰਦਾ ਹੈ ਅਤੇ ਜਿਵੇਂ ਕਿ ਇਸ ਪਉੜੀ ਤੋਂ ਸਿਧ ਹੈ, ਉਹ ਇਥੇ ਨਿਵਾਸ ਕਰਦਾ ਹੋਇਆ 'ਵੇਖੈ, ਵਿਗਸੈ, ਕਰਿ ਵਿਚਾਰੁ ॥' ਵਾਲੀ ਅਵਸਥਾ ਵਿਚ ਰਹਿੰਦਾ ਹੈ। ਉਹ ਹਮੇਸ਼ਾਂ ਸਾਵਧਾਨ ਹੋ ਕੇ ਆਪਣੀ ਰਚਨਾ ਦੀ ਇਕੱਲੀ ਇਕੱਲੀ ਗਤੀਵਿਧੀ ਨੂੰ ਦੇਖਦਾ ਹੈ, ਵਿਗਸਦਾ ਹੈ ਅਤੇ ਉਸਤੇ ਵਿਚਾਰ ਕਰਦਾ ਹੈ। ਪਰ ਉਹ ਮੁਖ ਤੌਰ ਤੇ ਜ਼ਰੂਰ ਹੀ ਸਚਖੰਡ ਦਾ ਨਿਵਾਸੀ ਹੈ ਅਤੇ ਇਥੋਂ ਦਾ ਨਿਵਾਸੀ ਹੁੰਦਾ ਹੋਇਆ ਵੀ ਸਰਬ ਵਿਆਪਕ ਹੈ। ਇਹ ਗੁਰਮਤਿ ਦਾ ਰਹੱਸ ਹੈ ਜੋ ਕੇਵਲ ਸਮਝਿਆ ਜਾ ਸਕਦਾ ਹੈ, ਮਾਨਿਆ ਜਾ ਸਕਦਾ ਹੈ ਪਰ ਬਿਆਨ ਨਹੀਂ ਕੀਤਾ ਜਾ ਸਕਦਾ; 'ਕਰੜਾ ਸਾਰੁ' ਜੁ ਹੋਇਆ। | | | |
| ਕਰਮਖੰਡ ਕੀ ਬਾਣੀ, ਜੋਰੁ ॥ | | ਕਰਮਖੰਡ = ਚੌਥਾ ਖੰਡ ਜਿਸ ਵਿਚ ਮੁਕਤ ਰੂਹਾਂ ਦਾ ਵਾਸਾ ਹੈ। ਕਰਮ ਦਾ ਅਰਥ ਹੈ ਫਜ਼ਲ ਜਾਂ ਮਿਹਰ। ਸੋ ਇਹ ਅਕਾਲ ਪੁਰਖ ਦੀ ਮਿਹਰ ਜਾਂ ਫਜ਼ਲ ਦਾ ਖੰਡ ਹੈ; ਬਾਣੀ = ਪ੍ਰਧਾਨਤਾ, ਬਣਤਰ; ਜ਼ੋਰ = ਆਤਮਕ ਸ਼ਕਤੀ, ਪ੍ਰਭੂ ਦੀ ਸ਼ਕਤੀ। ਜ਼ੋਰ ਪ੍ਰਭੂ ਦੀ ਸ਼ਕਤੀ ਹੈ ਜੋ ਭਗਤਾਂ ਨੂੰ ਮਿਲਦੀ ਹੈ। ਇਹ ਦੁਨਿਆਵੀ ਹਉਮੈ ਵਾਲੀ ਸ਼ਕਤੀ ਨਹੀਂ ਜੋ ਸੰਸਾਰੀ ਸਮਝਦੇ ਹਨ ਕਿ ਉਹਨਾਂ ਪਾਸ ਹੈ। | ਕਰਮਖੰਡ ਦੀ ਬਣਤਰ ਅਤੇ ਪ੍ਰਧਾਨਤਾ ਆਤਮਕ ਜ਼ੋਰ ਹੈ ਭਾਵ ਕਰਮਖੰਡ ਵਿਚ ਭਗਤਾਂ ਪਾਸ ਅਕਾਲ ਪੁਰਖ ਦੀ ਅਥਾਹ ਸ਼ਕਤੀ ਆ ਜਾਂਦੀ ਹੈ। |
| ਤਿਥੈ, ਹੋਰੁ ਨ ਕੋਈ ਹੋਰੁ ॥ | | ਤਿਥੈ = ਉਥੇ (ਕਰਮਖੰਡ ਵਿਖੇ); ਹੋਰੁ ਨ ਕੋਈ ਹੋਰੁ = ਹੋਰ ਕੋਈ ਨਹੀਂ ਹੁੰਦਾ। | ਉਥੇ ਭਗਤਾਂ ਤੋਂ ਬਿਨਾਂ ਹੋਰ ਕੋਈ ਨਹੀਂ ਹੈ। |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਪਦ ਅਰਥ** | **ਸਰਲ ਅਰਥ ਵਿਚਾਰ** |
| ਤਿਥੈ, ਜੋਧ ਮਹਾਬਲ ਸੂਰ ॥ | | ਤਿਥੈ = ਉਥੇ (ਕਰਮਖੰਡ ਵਿਖੇ); ਜੋਧ = ਜੋਧੇ; ਮਹਾਬਲ = ਮਹਾਂਬਲੀ, ਬਹੁਤ ਸ਼ਕਤੀ ਵਾਲੇ; ਸੂਰ = ਸੂਰਮੇ। | ਉਥੇ (ਕਰਮਖੰਡ ਵਿਖੇ) ਆਤਮਕ ਜੋਧੇ, ਮਹਾਂਬਲੀ ਅਤੇ ਸੂਰਮੇ ਭਗਤ ਵੱਸਦੇ ਹਨ। |
| ਤਿਨ ਮਹਿ, ਰਾਮੁ ਰਹਿਆ ਭਰਪੂਰ ॥ | | ਤਿਨ ਮਹਿ = ਉਹਨਾਂ ਭਗਤਾਂ ਵਿਚ, ਭਗਤਾਂ ਦੇ ਅੰਤਰ ਆਤਮੇ; ਰਾਮੁ ਰਹਿਆ ਭਰਪੂਰ= ਰਾਮ ਵਾਹਿਗੁਰੂ ਭਰਪੂਰ ਹੁੰਦਾ ਹੈ ਭਾਵ ਭਗਤਾਂ ਦੇ ਅੰਤਰ ਆਤਮੇ ਰਾਮ ਵਾਹਿਗੁਰੂ ਭਰਪੂਰ ਹੁੰਦਾ ਹੈ। | ਉਹਨਾਂ ਵਿਚ (ਕਰਮਖੰਡ ਪੁੱਜੇ ਭਗਤਾਂ ਦੇ ਅੰਤਰ ਆਤਮੇ) ਅਕਾਲ ਪੁਰਖ ਭਰਪੂਰ ਰਹਿੰਦਾ ਹੈ। |
| ਤਿਥੈ, ਸੀਤੋ ਸੀਤਾ ਮਹਿਮਾ ਮਾਹਿ ॥ | ਸੀਤਾਂ | ਤਿਥੈ = ਉਥੇ (ਕਰਮਖੰਡ ਵਿਖੇ); ਸੀਤੋ ਸੀਤਾ = ਰੂਹਾਂ ਪ੍ਰਭੂ ਦੀ ਮਹਿਮਾਂ ਵਿਚ ਸੀਤੀਆਂ ਪਰੋਤੀਆਂ ਹੁੰਦੀਆਂ ਹਨ। ਭਾਈ ਸਾਹਿਬ ਰਣਧੀਰ ਸਿੰਘ ਜੀ ਮੁਤਾਬਕ ਸੀਤਾ ਦਾ ਮਤਲਬ ਰੂਹਾਂ ਹੈ। | ਉਥੇ (ਕਰਮਖੰਡ ਵਿਖੇ) ਗੁਰਮੁਖਿ ਰੂਹਾਂ (ਸੀਤਾਂ) ਨਾਮ ਦੀ ਮਹਿਮਾ ਵਿਚ ਸੀਤੀਆਂ ਪਰੋਤੀਆਂ ਰਹਿੰਦੀਆਂ ਹਨ।<br><br>ਕਈ ਸੀਤੋ ਦਾ ਅਰਥ ਰਾਮ ਅਤੇ ਸੀਤਾ ਦਾ ਅਰਥ ਸੀਤਾ ਦੇਵੀ ਕਰਦੇ ਹਨ ਪਰ ਇਥੇ ਵਿਚਾਰਨ ਵਾਲੀ ਗੱਲ ਹੈ ਕਿ ਸਚਖੰਡ ਵਿਚ ਸੀਤਾ ਰਾਮ ਦਾ ਕੀ ਕੰਮ ਹੈ। ਇਥੇ ਤਾਂ ਗੁਰੂਘਰ ਦੇ ਅਨਿੰਨ ਸਿਖ ਭਗਤ ਵੱਸਦੇ ਹਨ। |
| ਤਾ ਕੇ ਰੂਪ, ਨ ਕਥਨੇ ਜਾਹਿ ॥ | ਜਾਹਿੰ | ਨ ਕਥਨੇ ਜਾਹਿ = ਬਿਆਨ ਨਹੀਂ ਕੀਤੇ ਜਾਂਦੇ। | (ਨਾਮ ਦੀ ਮਹਿਮਾ ਵਿਚ ਸੀਤੀਆਂ ਪਰੋਤੀਆਂ ਗੁਰਮੁਖਿ ਰੂਹਾਂ ਦੇ) ਰੂਪ ਕਥੇ ਨਹੀਂ ਜਾਂਦੇ ਭਾਵ ਬਿਆਨ ਨਹੀਂ ਕੀਤੇ ਜਾ ਸਕਦੇ। |
| ਨਾ ਓਹਿ ਮਰਹਿ; ਨ ਠਾਗੇ ਜਾਹਿ ॥ | ਮਰਹਿੰ, ਜਾਹਿੰ | ਨਾ ਓਹਿ ਮਰਹਿ = ਨਾ ਉਹ ਮਰਦੇ ਹਨ; ਨ ਠਾਗੇ ਜਾਹਿ = ਨਾ ਉਹ ਮਾਇਆ ਵਲੋਂ ਠੱਗੇ ਜਾਂਦੇ ਹਨ। | ਨਾ ਉਹ (ਕਰਮਖੰਡੀ ਭਗਤ ਜਨ) ਮਰਦੇ ਹਨ ਨਾ ਉਹ ਮਾਇਆ ਵਲੋਂ ਠੱਗੇ ਜਾਂਦੇ ਹਨ; |
| ਜਿਨ ਕੈ, ਰਾਮੁ ਵਸੈ ਮਨ ਮਾਹਿ ॥ | | ਜਿਨ ਕੈ = ਜਿਨਾਂ ਦੇ। | ਜਿਨਾਂ ਦੇ ਮਨ ਵਿਚ ਰਾਮ ਵੱਸਦਾ ਹੈ। |
| ਤਿਥੈ, ਭਗਤ ਵਸਹਿ, ਕੇ ਲੋਅ ॥ | ਵਸਹਿੰ | ਤਿਥੈ = ਉਥੇ (ਕਰਮਖੰਡ ਵਿਖੇ); ਭਗਤ ਵਸਹਿ = ਭਗਤ ਵਸਦੇ ਹਨ; ਕੇ ਲੋਅ = ਕਈਆਂ ਲੋਆਂ ਵਿਚ, ਕਈ ਲੋਕਾਂ ਵਿਚ। | ਉਥੇ (ਕਰਮਖੰਡ ਅਤੇ ਸਚਖੰਡ ਵਿਚ) ਭਗਤ ਜਨ ਕਈ ਲੋਆਂ ਵਿਚ ਵੱਸਦੇ ਹਨ।<br><br>ਇਹ ਅਤੇ ਇਸ ਤੋਂ ਅਗਲੀਆਂ ਪੰਕਤੀਆਂ ਕਰਮਖੰਡ ਅਤੇ ਸਚਖੰਡ ਦੀਆਂ ਸਾਂਝੀਆਂ ਪੰਕਤੀਆਂ ਹਨ। ਇਸ ਪੰਕਤੀ ਤੋਂ ਸਾਬਤ ਹੈ ਕਿ ਇਹਨਾਂ ਖੰਡਾਂ ਵਿਚ ਕਈ ਲੋਅ ਹਨ ਜਿਥੇ ਅਣਗਿਣਤ ਭਗਤ ਜਨ ਵੱਸਦੇ ਹਨ। |
| ਕਰਹਿ ਅਨੰਦੁ, ਸਚਾ ਮਨਿ ਸੋਇ ॥ | ਕਰਹਿੰ | ਕਰਹਿ ਅਨੰਦੁ = ਅਨੰਦ ਕਰਦੇ ਹਨ; ਸਚਾ ਮਨਿ ਸੋਇ = ਸਦੀਵੀ ਹੋਂਦ ਵਾਲਾ (ਨਿਰੰਕਾਰ) ਹੀ ਉਹਨਾਂ ਦੇ ਮਨ ਵਿਚ ਹੁੰਦਾ ਹੈ (ਇਸ ਕਰਕੇ, ਉਹ 'ਕਰਹਿ ਅਨੰਦੁ')। | (ਕਰਮਖੰਡੀ ਅਤੇ ਸਚਖੰਡੀ ਭਗਤ) ਅਨੰਦ ਕਰਦੇ ਹਨ ਕਿਉਂਕਿ ਉਹਨਾਂ ਦੇ ਮਨ ਵਿਚ ਸੋਈ (ਕੇਵਲ ਵਾਹਿਗੁਰੂ ਹੀ) ਵੱਸਦਾ ਹੈ। |
| ਸਚਖੰਡਿ ਵਸੈ ਨਿਰੰਕਾਰੁ ॥ | | ਸਚਖੰਡਿ = ਸਚਖੰਡ ਵਿਖੇ; ਵਸੈ = ਵਸਦਾ ਹੈ; ਨਿਰੰਕਾਰੁ = ਤ੍ਰੈਗੁਣੀ ਸੰਸਾਰੀ ਆਕਾਰ ਤੋਂ ਰਹਿਤ ਅਕਾਲ ਪੁਰਖ। | ਸਚਖੰਡ ਵਿਖੇ ਨਿਰੰਕਾਰ ਵੱਸਦਾ ਹੈ।<br><br>ਖੰਡਿ ਦੀ ਸਿਹਾਰੀ "ਵਿਖੇ" ਦਾ ਭਾਵ ਦਿੰਦੀ ਹੈ। ਕੈਸੀ ਅਚਰਜ ਬਾਤ ਹੈ ਕਿ ਉਹ ਨਿਰੰਕਾਰ ਵੀ ਹੈ ਤੇ ਸਚਖੰਡ ਵਿਖੇ ਵੱਸਦਾ ਵੀ ਹੈ। ਨਿਰੰਕਾਰ ਦਾ ਦੇਸ ਵੀ ਨਿਰੰਕਾਰ ਹੀ ਹੋ ਸਕਦਾ ਹੈ। ਨਿਰੰਕਾਰ ਤੋਂ ਭਾਵ ਹੈ ਦੁਨੀਆਵੀ ਆਕਾਰ ਤੋਂ ਰਹਿਤ ਹਸਤੀ। |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਪਦ ਅਰਥ** | **ਸਰਲ ਅਰਥ ਵਿਚਾਰ** |
| ਕਰਿ ਕਰਿ, ਵੇਖੈ ਨਦਰਿ ਨਿਹਾਲ ॥ | | ਕਰਿ ਕਰਿ = ਰਚਨਾ ਕਰ ਕਰ ਕੇ, ਬਣਾ ਬਣਾ ਕੇ; ਵੇਖੈ = ਦੇਖਦਾ ਹੈ, ਵਾਚਦਾ ਹੈ, ਨਿਗਹਬਾਨੀ ਕਰਦਾ ਹੈ; ਨਦਰਿ ਨਿਹਾਲ= ਆਪਣੀ ਮਿਹਰ ਦੀ ਨਜ਼ਰ ਨਾਲ ਸਭ ਨੂੰ ਨਿਹਾਲ ਕਰੀ ਜਾਂਦਾ ਹੈ। | ਨਿਰੰਕਾਰ ਵਾਹਿਗੁਰੂ ਸ੍ਰਿਸ਼ਟੀ ਨੂੰ ਕਰ ਕਰ ਕੇ ਭਾਵ ਬਣਾ ਬਣਾ ਕੇ ਦੇਖਦਾ ਹੈ ਭਾਵ ਸੰਭਾਲ ਕਰਦਾ ਹੈ, ਨਿਗਹਬਾਨੀ ਕਰਦਾ ਹੈ ਅਤੇ ਆਪਣੀ ਨਦਰਿ ਨਾਲ ਜੀਵਾਂ ਨੂੰ ਨਿਹਾਲ ਕਰਦਾ ਹੈ।<br><br>ਨਿਰੰਕਾਰ ਹੁੰਦਾ ਹੋਇਆ ਵੀ ਉਹ ਆਪਣੀ ਆਕਾਰੀ ਸ੍ਰਿਸ਼ਟੀ ਨੂੰ ਵਾਚਦਾ ਹੈ। |
| ਤਿਥੈ, ਖੰਡ ਮੰਡਲ ਵਰਭੰਡ ॥ | | ਤਿਥੈ = ਉਥੇ (ਸਚਖੰਡ ਵਿਖੇ); ਖੰਡ = ਬ੍ਰਹਮੰਡ ਦੇ ਟੁਕੜੇ; ਮੰਡਲ = ਸਿਤਾਰਿਆਂ ਜਾਂ ਗ੍ਰਿਹਾਂ ਦੇ ਅਨੇਕ ਸਮੂਹ; ਵਰਭੰਡ = ਅਨੇਕ ਬ੍ਰਹਮੰਡ | ਉਥੇ (ਸਚਖੰਡ ਵਿਖੇ) ਅਨੇਕਾਂ ਖੰਡ, ਮੰਡਲ ਅਤੇ ਬ੍ਰਹਮੰਡ ਹਨ। |
| ਜੇ ਕੋ ਕਥੈ, ਤ ਅੰਤ ਨ ਅੰਤ ॥ | | ਜੇ ਕੋ ਕਥੈ = ਜੇ ਕੋਈ ਕਥਨ ਕਰੇ ਭਾਵ ਬਿਆਨ ਕਰਨ ਦੀ ਕੋਸ਼ਿਸ਼ ਕਰੇ; ਅੰਤ ਨ ਅੰਤ = ਅੰਤ ਦਾ ਕੋਈ ਅੰਤ ਨਹੀਂ ਭਾਵ ਬੇਅੰਤ। | (ਇਹਨਾਂ ਖੰਡਾਂ, ਮੰਡਲਾਂ ਬ੍ਰਹਮੰਡਾਂ ਨੂੰ) ਜੇਕਰ ਕੋਈ ਕਥੇ (ਕਥਨਾ ਚਾਹੇ) ਤਾਂ (ਕਥ ਨਹੀਂ ਸਕਦਾ ਕਿਉਂਕਿ ਉਹਨਾਂ ਦਾ) ਅੰਤ ਨਹੀਂ ਹੈ, ਅੰਤ ਨਹੀਂ ਹੈ। |
| ਤਿਥੈ, ਲੋਅ ਲੋਅ ਆਕਾਰ ॥ | | ਤਿਥੈ = ਉਥੇ (ਸਚਖੰਡ ਵਿਖੇ); ਲੋਅ ਲੋਅ ਆਕਾਰ = ਕਈ ਲੋਆਂ ਦੇ ਆਕਾਰ ਹਨ। | ਉਥੇ (ਸਚਖੰਡ ਵਿਖੇ) ਅਨੇਕਾਂ ਲੋਆਂ ਦੇ ਆਕਾਰ ਹਨ ਭਾਵ ਸਚਖੰਡ ਚੋਂ ਸਾਜੀ ਨਿਵਾਜ਼ੀ ਹੋਈ ਸ੍ਰਿਸ਼ਟੀ ਦੇ ਅਣਗਿਣਤ ਲੋਆਂ ਦੇ ਆਕਾਰ ਦ੍ਰਿਸ਼ਟੀਗੋਚਰ ਹਨ। |
| ਜਿਵ ਜਿਵ ਹੁਕਮੁ; ਤਿਵੈ ਤਿਵ ਕਾਰ ॥ | ਤਿਵੈਂ | ਜਿਵ ਜਿਵ ਹੁਕਮੁ = ਜਿਦਾਂ ਜਿਦਾਂ (ਅਕਾਲ ਪੁਰਖ ਦਾ) ਹੁਕਮ ਹੁੰਦਾ ਹੈ; ਤਿਵੈ ਤਿਵ ਕਾਰ = ਉਦਾਂ ਉਦਾਂ ਦੀ ਕਾਰ ਕਰਦੇ ਹਨ ਅਕਾਲ ਪੁਰਖ ਦੇ ਪੈਦਾ ਕੀਤੇ ਹੋਏ। | ਜਿਵੇਂ ਜਿਵੇਂ ਨਿਰੰਕਾਰ ਦਾ ਹੁਕਮ ਹੁੰਦਾ ਹੈ, ਤਿਵੇਂ ਤਿਵੇਂ ਸਭ ਜੀਵ ਕਾਰ ਕਰਦੇ ਹਨ ਭਾਵ ਕੰਮ ਕਰਦੇ ਹਨ। |
| ਵੇਖੈ, ਵਿਗਸੈ, ਕਰਿ ਵੀਚਾਰੁ ॥ | | ਵੇਖੈ = ਦੇਖਦਾ ਹੈ; ਵਿਗਸੈ = ਖੁਸ਼ ਹੁੰਦਾ ਹੈ; ਕਰਿ ਵੀਚਾਰੁ = ਵਿਚਾਰ ਕਰਦਾ ਹੈ। | ਨਿਰੰਕਾਰ ਵਾਹਿਗੁਰੂ ਆਪਣੀ ਰਚਨਾ ਨੂੰ (ਸਚਖੰਡ 'ਚੋਂ) ਦੇਖਦਾ ਹੈ (ਭਾਵ ਸੰਭਾਲਦਾ ਹੈ), ਦੇਖ ਕੇ ਵਿਗਸਦਾ ਹੈ (ਭਾਵ ਖੁਸ਼ ਹੁੰਦਾ ਹੈ) ਅਤੇ ਵਿਚਾਰ ਕਰਦਾ ਹੈ (ਸ੍ਰਿਸ਼ਟੀ ਬਾਰੇ)।<br><br>ਇਸ ਪੰਕਤੀ ਤੋਂ ਸਾਬਤ ਹੈ ਕਿ ਅਕਾਲ ਪੁਰਖ ਆਪਣੀ ਸ੍ਰਿਸ਼ਟੀ ਨੂੰ ਕਿਸੇ ਸਿਸਟਮ ਦੇ ਅਧੀਨ ਕਰਕੇ ਆਪ ਗੈਰ ਹਾਜ਼ਰ ਨਹੀਂ ਹੈ ਬਲਕਿ ਉਹ ਸ੍ਰਿਸ਼ਟੀ ਦੀ ਇਕ ਇਕ ਗਤੀਵਿਧੀ ਤੋਂ ਅਤੇ ਇਕ ਇਕ ਜੀਵ ਦੇ ਇਕ ਇਕ ਕਰਮ ਤੋਂ ਵਾਕਫ ਹੈ। ਉਹ ਦੇਖ ਰਿਹਾ ਹੈ, ਵਿਗਸ ਰਿਹਾ ਹੈ ਅਤੇ ਵਿਚਾਰ ਕਰ ਰਿਹਾ ਹੈ; ਸੁੱਤਾ ਨਹੀਂ ਪਿਆ ਅਤੇ ਅਵੇਸਲਾ ਨਹੀਂ ਹੈ। |
| ਨਾਨਕ, ਕਥਨਾ ਕਰੜਾ ਸਾਰੁ ॥੩੭॥ | | ਕਥਨਾ = ਬਿਆਨ ਕਰਨਾ; ਕਰੜਾ ਸਾਰੁ = ਕੈੜਾ ਲੋਹਾ, ਸਖਤ ਲੋਹਾ। | ਗੁਰੂ ਜੀ 'ਨਾਨਕ' ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ ਸਚਖੰਡ ਨੂੰ ਕਥਨਾ ਕਰੜਾ ਲੋਹਾ ਹੈ ਭਾਵ ਨਾਮੁਮਕਿਨ ਹੈ। |
| ਪ੍ਰਾਤਕਥਨ: ਇਸ ਪਉੜੀ ਵਿਚ ਹਜ਼ੂਰ ਨੇ ਗੁਰਮਤਿ ਪ੍ਰੇਮਾ ਭਗਤੀ ਦੀ ਵਿਆਖਿਆ ਕੀਤੀ ਹੈ ਅਤੇ ਦਸਿਆ ਹੈ ਕਿ ਕਿੰਨਾਂ ਗੁਰਮਤਿ ਸ਼ੁਭ ਗੁਣਾਂ ਦੀ ਲਾਜ਼ਮੀ ਲੋੜ ਹੁੰਦੀ ਹੈ ਨਾਮ ਜਪਦਿਆਂ ਹੋਇਆਂ। ਗੁਰੂ ਜੀ ਨੇ ਸੁਨਿਆਰੇ ਵਲੋਂ ਸੋਨਾ ਢਾਲ ਕੇ ਮੋਹਰਾਂ ਬਨਾਉਣ ਦਾ ਅਲੰਕਾਰ ਬੰਨ ਕੇ ਗੁਰਮਤਿ ਪ੍ਰੇਮਾ ਭਗਤੀ ਦੀ ਅਦੁਤੀ ਵਿਆਖਿਆ ਕੀਤੀ ਹੈ। | | | |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਪਦ ਅਰਥ** | **ਸਰਲ ਅਰਥ ਵਿਚਾਰ** |
| ਜਤੁ ਪਾਹਾਰਾ, ਧੀਰਜੁ ਸੁਨਿਆਰੁ ॥ | | ਜਤੁ = ਜਤੀ ਹੋਣ ਦਾ ਗੁਣ, ਕਾਮ ਤੋਂ ਨਿਰਲੇਪ ਅਤੇ ਅਛੋਹ ਹੋਣ ਦਾ ਗੁਣ। ਗੁਰਮਤਿ ਵਿਚ 'ਏਕਾ ਨਾਰੀ ਜਤੀ ਹੋਇ' ਦੇ ਸਿਧਾਂਤ ਨੂੰ ਮੰਨਿਆ ਗਿਆ ਹੈ; ਪਾਹਾਰਾ = ਸੁਨਿਆਰੇ ਦੀ ਭੱਠੀ ਜਿਸ ਵਿਚ ਰੱਖ ਕੇ ਸੋਨਾ ਢਾਲਿਆ ਜਾਂਦਾ ਹੈ; ਧੀਰਜੁ = ਵਿਸ਼ਵਾਸ ਅਤੇ ਯਕੀਨ ਸੇਤੀ ਅਡੋਲ ਰਹਿਣ ਦਾ ਗੁਣ ਜਿਵੇਂ ਕਿ ਸੁਨਿਆਰੇ ਨੂੰ ਯਕੀਨਮਈ ਧੀਰਜ ਹੁੰਦਾ ਹੈ ਕਿ ਸੋਨੇ ਨੇ ਜ਼ਰੂਰ ਹੀ ਪਾਹਾਰੇ ਵਿਚ ਢਲ ਜਾਣਾ ਹੈ; ਸੁਨਿਆਰੁ = ਸੋਨਾ ਢਾਲ ਕੇ ਮੋਹਰਾਂ, ਗਹਿਣੇ ਆਦਿ ਬਨਾਉਣ ਦਾ ਕੰਮ ਕਰਨਵਾਲਾ। | (ਨਾਮੀ ਦੀ ਪ੍ਰਾਪਤੀ ਲਈ) ਜਤੁ ਦਾ ਪਾਹਾਰ ਕਰਿ ਅਤੇ ਧੀਰਜ ਰੂਪੀ ਸੁਨਿਆਰਾ ਕਰਿ।<br><br>ਗੁਰਮਤਿ ਪ੍ਰੇਮਾ ਭਗਤੀ ਲਈ ਜੱਤ ਧਾਰਨ ਕਰਨਾ ਭਾਵ ਕਾਮ ਤੋਂ ਬਿਲਕੁਲ ਹੀ ਕਿਨਾਰਾ ਕਰਨਾ ਜ਼ਰੂਰੀ ਹੈ। ਇਸੇ ਤਰ੍ਹਾਂ ਹੀ ਸੁਨਿਆਰੇ ਵਾਲਾ ਧੀਰਜ ਧਾਰਨ ਕਰਨਾ ਚਾਹੀਦਾ ਹੈ ਅਤੇ ਇਹ ਯਕੀਨ ਰੱਖਣਾ ਚਾਹੀਦਾ ਹੈ ਕਿ ਨਾਮ ਦੀ ਕਲਾ ਜ਼ਰੂਰ ਹੀ ਵਰਤ ਜਾਣੀ ਹੈ। |
| ਅਹਰਣਿ ਮਤਿ, ਵੇਦੁ ਹਥੀਆਰੁ ॥ | | ਅਹਰਣਿ = ਉਹ ਲੋਹੇ ਦੀ ਚੀਜ਼ ਜਿਸ ਪਰ ਢਾਲਣਵਾਲੀ ਵਸਤੂ ਰੱਖ ਕੇ ਹਥੌੜੇ ਨਾਲ ਢਾਲੀ ਜਾਂ ਘੜੀ ਜਾਂਦੀ ਹੈ; ਮਤਿ = ਆਤਮਾ ਦੀ ਸਮਝ ਰੱਖਣ ਵਾਲੀ ਸ਼ਕਤੀ; ਵੇਦੁ = ਗੁਰਮਤਿ ਨਾਮ ਰੂਪੀ ਅਤੇ ਗੁਰਬਾਣੀ ਰੂਪੀ ਤਤ ਗਿਆਨ; ਹਥੀਆਰੁ = ਹਥੌੜਾ ਜਿਸ ਨਾਲ ਸੋਨਾ ਘੜਿਆ ਜਾਂਦਾ ਹੈ। | ਅਹਰਣਿ ਰੂਪੀ ਮਤਿ ਉਪਰ ਸ਼ਬਦ ਰੂਪੀ ਸੋਨਾ, ਗੁਰਬਾਣੀ ਰੂਪੀ ਵੇਦ ਨਾਲ ਘੜਿ।<br><br>ਅਹਰਣਿ ਤੇ ਰੱਖ ਕੇ ਸੋਨਾ ਘੜਿਆ ਜਾਂਦਾ ਹੈ। ਇਸ ਤਰ੍ਹਾਂ ਹੀ ਮਤਿ ਭਾਵ ਗੁਰਮਤਿ ਰੂਪੀ ਅਹਰਣਿ ਤੇ ਰੱਖ ਕੇ ਸ਼ਬਦ ਨੂੰ ਘੜਣਾ ਹੈ ਭਾਵ ਜੋ ਨਾਮ ਗੁਰਮੰਤ੍ਰ ਦਾ ਜਾਪ ਕਰਨਾ ਹੈ ਸੋ ਗੁਰਮਤਿ ਅਨੁਸਾਰ ਕਰਨਾ ਹੈ, ਮਨਮਤਿ ਨਾਲ ਨਹੀਂ। 'ਵੇਦੁ' ਦਾ ਭਾਵ ਆਨਮਤੀਆਂ ਦੇ ਚਾਰਿ ਵੇਦਾਂ ਦਾ ਲੈਣਾ ਗਲਤ ਹੈ ਅਤੇ ਅਪ੍ਰਸੰਗਕ ਹੈ। ਜੇਕਰ ਚਾਰਿ ਵੇਦਾਂ ਦੀ ਗਲ ਹੁੰਦੀ ਤਾਂ 'ਵੇਦੁ' ਇਕਵਚਨ ਨਾਂਵ ਨਾ ਹੁੰਦਾ ਜੈਸਾ ਕਿ ਇਸਦਾ ਅਖੀਰਲਾ ਔਂਕੜ ਦਰਸਾਉਂਦਾ ਹੈ। ਵੇਦ ਦਾ ਮਤਲਬ ਗਿਆਨ ਹੁੰਦਾ ਹੈ ਅਤੇ ਇਥੇ ਖਾਸ ਕਰਕੇ ਗੁਰਮਤਿ ਗਿਆਨ ਦੀ ਗੱਲ ਕੀਤੀ ਹੈ। ਨਾਮ ਅਭਿਆਸ ਰੂਪੀ ਅਤੇ ਗੁਰਬਾਣੀ ਪਾਠ ਗਾਇਣ ਰੂਪੀ ਹਥਿਆਰ ਦੀ ਚੋਟ ਲਗਾਤਾਰ ਮਾਰਦੇ ਰਹਿਣ ਦਾ ਇਥੇ ਭਾਵ ਹੈ। |
| ਭਉ ਖਲਾ, ਅਗਨਿ ਤਪ ਤਾਉ ॥ | | ਭਉ = ਨਿਰਮਲ ਗੁਰਮਤਿ ਭੈ, ਅਕਾਲ ਪੁਰਖ ਦਾ ਅਦਬਮਈ ਅਤੇ ਪ੍ਰੇਮ ਮਈ ਭੈ; ਖਲਾ = ਧਉਂਖਣੀ ਜਿਸ ਰਾਹੀਂ ਭੱਠੀ ਦੀ ਅੱਗ ਪਰਚੰਡ ਕੀਤੀ ਜਾਂਦੀ ਹੈ; ਅਗਨਿ = ਅੱਗ; ਤਪ ਤਾਉ = ਗੁਰਮਤਿ ਪ੍ਰੇਮਾ ਭਗਤੀ ਦਾ ਉਦਮ ਕਰਨਾ ਅਤੇ ਇਦਾਂ ਕਰਦਿਆਂ ਹੋਇਆਂ ਆਉਣ ਵਾਲੀਆਂ ਔਕੜਾਂ ਦੇ ਬਾਵਜੂਦ ਭਗਤੀ ਵਿਚ ਲਗੇ ਰਹਿਣ ਵਾਲੇ ਗੁਣ ਨੂੰ ਗੁਰਮਤਿ ਵਿਚ ਤਪ ਤਾਉ ਕਹਿੰਦੇ ਹਨ। | ਗੁਰਮਤਿ ਭੈ ਅਤੇ ਅਦਬ ਰੂਪੀ ਧਉਂਖਣੀ ਕਰਿ (ਅਗਨਿ ਪਰਚੰਡ ਕਰਨ ਲਈ) ਅਤੇ ਅਗਨੀ ਜੋ ਸੁਨਿਆਰਾ ਭੱਠੀ ਵਿਚ ਬਾਲਦਾ ਹੈ ਸੋ ਗੁਰਮਤਿ ਜਪ ਤਪ ਦੀ ਜਲਾ।<br><br>ਗੁਰਮਤਿ ਤਪ ਤਾਉ ਦਾ ਮਤਲਬ ਗੁਰਮਤਿ ਨਾਮ ਅਭਿਆਸ ਕਮਾਈ ਕਰਨ ਦਾ ਉਦਮ ਧਾਰਨ ਕਰਨਾ ਅਤੇ ਗੁਰਮਤਿ ਨਾਮ ਅਭਿਆਸ ਕਰਦਿਆਂ ਆਉਣ ਵਾਲੀਆਂ ਔਕੜਾਂ ਦੇ ਬਾਵਜੂਦ ਗੁਰਮਤਿ ਪ੍ਰੇਮਾ ਭਗਤੀ ਵਿਚ ਮਖਮੂਰੋ ਮਸ਼ਗੂਲ ਰਹਿਣਾਂ ਗੁਰਮਤਿ ਵਿਚ ਤਪ ਤਾਉ ਕਰਨਾ ਹੈ। ਇਹ ਤਪ ਆਨਮਤੀਆਂ ਦੇ ਫੋਕੇ ਨਾਮਹੀਣੇ ਤਪ ਤੋਂ ਮੁਖਤਲਿਫ ਅਤੇ ਅਪਜ਼ਲ ਹੈ। |
| ਭਾਂਡਾ ਭਾਉ, ਅੰਮ੍ਰਿਤੁ ਤਿਤੁ ਢਾਲਿ ॥ | | ਭਾਂਡਾ = ਜਿਸ ਵਿਚ ਢਲਿਆ ਹੋਇਆ ਸੋਨਾ ਰੱਖੀਦਾ ਹੈ; ਭਾਉ = ਗੁਰਮਤਿ ਪ੍ਰੇਮ ਜੋ ਨਾਮੀ ਅਕਾਲ ਪੁਰਖ ਨਾਲ ਗੁਰਬਾਣੀ ਵਿਚ ਨਾਮੀ ਦੀ ਮਹਿਮਾਂ ਸੁਣ ਸੁਣ ਕੇ ਅਤੇ ਉਸਦਾ ਗੁਰਮਤਿ ਜਪਦਿਆਂ ਹੋਇਆਂ ਕੰਨੀ ਸੁਣ ਸੁਣ ਕੇ ਉਪਜਦਾ ਹੈ; ਅੰਮ੍ਰਿਤੁ ਤਿਤੁ ਢਾਲਿ = ਨਉ ਨਿਧਿ ਅੰਮ੍ਰਿਤ ਪ੍ਰਭ ਕਾ ਨਾਮ ਅੰਦਰ ਹਿਰਦੇ ਵਿਚ ਢਲ ਜਾਂਦਾ ਹੈ ਭਾਵ ਆ ਜਾਂਦਾ ਹੈ। | ਭਾਂਡਾ (ਜਿਸ ਵਿਚ ਸੋਨਾ ਢਲ ਕੇ ਪੈਂਦਾ ਹੈ) ਗੁਰਮਤਿ ਭਾਉ (ਪ੍ਰੇਮ) ਦਾ ਹੋਵੇ ਅਤੇ ਇਸ ਤਰ੍ਹਾਂ ਅੰਮ੍ਰਿਤ ਨਾਮ ਰੂਪੀ ਸੋਨਾ ਢਾਲ। |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਪਦ ਅਰਥ** | **ਸਰਲ ਅਰਥ ਵਿਚਾਰ** |
| ਘੜੀਐ ਸਬਦੁ, ਸਚੀ ਟਕਸਾਲ ॥ | ਸ਼ਬਦੁ | ਘੜੀਐ ਸਬਦੁ = ਸ਼ਬਦ ਘੜੀਦਾ ਹੈ; ਸਚੀ ਟਕਸਾਲ = ਸਚੀ ਸਤਿਸੰਗਤ ਰੂਪੀ ਟਕਸਾਲ | ਇਸ ਤਰ੍ਹਾਂ ਇਹ ਗੁਰਮੰਤ੍ਰ ਰੂਪੀ ਸ਼ਬਦ ਨੂੰ ਸਤਿਸੰਗਤ ਰੂਪੀ ਟਕਸਾਲ ਵਿਚ ਘੜਿ।<br><br>ਸੁਨਿਆਰੇ ਦੀ ਦੁਕਾਨ ਜਿਥੇ ਸਨਿਆਰਾ ਸੋਨਾ ਢਾਲ ਕੇ ਸਿੱਕਾ ਬਨਾਉਂਦਾ ਹੈ, ਉਸਨੂੰ ਟਕਸਾਲ ਕਹਿੰਦੇ ਹਨ। |
| ਜਿਨ ਕਉ ਨਦਰਿ ਕਰਮੁ, ਤਿਨ ਕਾਰ ॥ | | ਨਦਰਿ ਕਰਮ = ਨਦਰੇ ਕਰਮ ਭਾਵ ਕਰਮ (ਮਿਹਰ, ਫਜ਼ਲ) ਦੀ ਨਜ਼ਰ; ਤਿਨ ਕਾਰ = ਉਹਨਾਂ ਪਾਸੋਂ ਇਹ ਕਾਰ ਹੁੰਦੀ ਹੈ। | ਜਿਨਾਂ ਨੂੰ ਨਦਰੇ-ਕਰਮ (ਫਜ਼ਲ ਦੀ ਨਜ਼ਰ) ਹੁੰਦੀ ਹੈ, ਉਹਨਾਂ ਨੂੰ ਹੀ ਸਚੀ ਕਾਰ ਨਸੀਬ ਹੁੰਦੀ ਹੈ। ਬਿਸ਼ਰਾਮ "ਕਰਮੁ" ਤੋਂ ਬਾਅਦ ਜ਼ਰੂਰੀ ਹੈ। |
| ਨਾਨਕ, ਨਦਰੀ ਨਦਰਿ, ਨਿਹਾਲ ॥੩੮॥ | | ਨਦਰੀ ਨਦਰਿ = ਨਦਰੀ ਪ੍ਰਭੂ ਦੀ ਨਦਰਿ ਰਾਹੀਂ; ਨਿਹਾਲ = ਆਤਮਕ ਪ੍ਰਾਪਤੀ ਤੋਂ ਬਾਅਦ ਅਨੰਦ ਵਿਚ ਮਖਮੂਰ ਹੋਏ ਵਿਅਕਤੀ ਨੂੰ ਗੁਰਮਤਿ ਵਿਚ ਨਿਹਾਲ ਕਹਿੰਦੇ ਹਨ। | ਨਦਰੀ (ਵਾਹਿਗੁਰੂ) ਦੀ ਨਦਰਿ ਰਾਹੀਂ ਨਿਹਾਲ (ਹੋਈਦਾ ਹੈ)। |
| ਸਾਰੰਸ਼ ਅਤੇ ਤਤਸਾਰ: ਪ੍ਰਭੂ ਪ੍ਰਾਪਤੀ ਲਈ ਅਤੇ ਭੀਤਰਿ ਹੀ ਅੰਮ੍ਰਿਤ ਦੀ ਪ੍ਰਾਪਤੀ ਕਰਨ ਲਈ ਗੁਰਮਤਿ ਨਾਮ ਅਭਿਆਸ ਕਮਾਈ ਲਈ ਜੋ ਅਤਿ ਲੋੜੀਂਦੇ ਗੁਣ ਹਨ ਉਹਨਾਂ ਵਿਚ ਜਤ, ਧੀਰਜ, ਗੁਰਬਾਣੀ ਰੂਪੀ ਗਿਆਨ, ਗੁਰਮਤਿ ਭਉ, ਉਦਮ ਅਤੇ ਪ੍ਰੇਮ ਖਾਸ ਤੌਰ ਤੇ ਇਸ ਪਉੜੀ ਵਿਚ ਦਰਜ ਹਨ। ਜੱਤ ਧਾਰਨ ਕਰਨ ਦਾ ਮਤਲਬ ਹੈ ਕਿ ਕਰਮ ਕਰਕੇ, ਬਚਨ ਕਰਕੇ ਅਤੇ ਇਥੋਂ ਤਕ ਕਿ ਮਨ ਕਰਕੇ (ਖਿਆਲ ਕਰਕੇ) ਵੀ ਕਾਮ ਨਹੀਂ ਪਰਸਨਾ ਚਾਹੀਦਾ। ਇਹ ਸਭ ਤੋਂ ਪਹਿਲਾ ਗੁਣ ਇਥੇ ਦਰਸਾਇਆ ਗਿਆ ਹੈ ਅਤੇ ਜਦੋਂ ਤੱਕ ਸਾਧਕ ਜੱਤ ਨਹੀਂ ਧਾਰਦਾ ਭਾਵ ਕਾਮ ਨੂੰ ਤੱਜ ਕੇ "ਏਕਾ ਨਾਰੀ ਜਤੀ ਹੋਏ" ਦੇ ਭਾਵ ਅਨੁਸਾਰ ਆਪਣਾ ਜੀਵਨ ਨਹੀਂ ਬਤੀਤ ਕਰਦਾ, ਉਦੋਂ ਤੱਕ ਭਾਂਵੇਂ ਜੋ ਮਰਜ਼ੀ ਕਰੀ ਜਾਓ, ਪਰਮਾਰਥੀ ਲੋਚਨਾ ਪੂਰੀ ਨਹੀਂ ਹੋ ਸਕਦੀ। ਕਾਮ ਦੇ ਅਧੀਨ ਹੋਇਆ ਮਨੁੱਖ ਗੁਰਮਤਿ ਪ੍ਰੇਮਾ ਭਗਤੀ ਨਹੀਂ ਕਰ ਸਕਦਾ। ਦੂਸਰਾ ਗੁਣ ਹਜ਼ੂਰ ਨੇ ਧੀਰਜ ਦਸਿਆ ਹੈ। ਜਿਵੇਂ ਸੁਨਿਆਰੇ ਨੂੰ ਸੋਨਾ ਢਾਲਣ ਲਈ ਬੈਠਣ ਸਮੇਂ ਪੂਰਾ ਯਕੀਨ ਹੁੰਦਾ ਹੈ ਕਿ ਸੋਨੇ ਨੇ ਜ਼ਰੂਰ ਢਲ ਜਾਣਾ ਹੈ, ਸੋ ਉਹ ਦ੍ਰਿੜਤਾ ਅਤੇ ਯਕੀਨ ਨਾਲ ਇਹ ਕਾਰਜ ਆਰੰਭ ਕਰਦਾ ਹੈ, ਉਸੇ ਤਰ੍ਹਾਂ ਹੀ ਗੁਰਸਿਖ ਦਾ ਫਰਜ਼ ਹੈ ਕਿ ਉਹ ਗੁਰਬਾਣੀ ਪਰ ਅਤੇ ਗੁਰਮਤਿ ਨਾਮ ਦੀ ਸ਼ਕਤੀ ਅਤੇ ਬਿਸਮਾਦੀ ਕਲਾ ਉਪਰ ਪੂਰਾ ਯਕੀਨ ਬੰਨ ਕੇ, ਧੀਰਜ ਧਾਰ ਕੇ ਗੁਰਮਤਿ ਨਾਮ ਅਭਿਆਸ ਕਮਾਈ ਕਰਨ ਬੈਠੇ। ਮਤਿ ਨੂੰ ਅਹਿਰਣ ਬਨਾਉਣ ਦਾ ਅਰਥ ਹੈ ਕਿ ਮਤਿ ਵਿਚ ਗੁਰਮਤਿ ਧਾਰਨ ਕਰਕੇ, ਗੁਰਬਾਣੀ ਅਤੇ ਨਾਮ ਰੂਪੀ ਹਥਾਉੜਾ (ਹਥੀਆਰ) ਲਗਾਤਰ ਮਾਰੀ ਹੀ ਜਾਣਾ। ਇਸਦੇ ਨਾਲੋ ਨਾਲ ਗੁਰਮਤਿ ਭਉ ਧਾਰਨ ਕਰਨ ਵਾਲੀ ਧਉਂਖਣੀ ਵਰਤਣੀ ਹੈ ਅਤੇ ਜੋ ਅਗਨਿ ਹੈ ਸੋ ਨਾਮ ਜਪਣ ਲਈ ਉਦਮ ਧਾਰਨ ਕਰਨ ਦੀ ਬਨਾਉਣੀ ਹੈ। ਅਗਨਿ ਤੋਂ ਬਗੈਰ ਕਦੇ ਸੋਨਾ ਢਲ ਨਹੀਂ ਸਕਦਾ; ਇਸੇ ਤਰ੍ਹਾਂ ਹੀ ਨਾਮ ਜਪਣ ਦਾ ਉਦਮ ਕਰਨ ਤੋਂ ਬਿਨਾ ਕਦੇ ਵੀ ਪ੍ਰਾਪਤੀ ਨਹੀਂ ਹੋ ਸਕਦੀ। ਅਗਨੀ ਨੂੰ ਪਰਚੰਡ ਕਰਨ ਲਈ ਧਉਂਖਣੀ ਰਾਹੀਂ ਹਵਾ ਮਾਰੀ ਜਾਂਦੀ ਹੈ, ਇਸੇ ਤਰ੍ਹਾਂ ਹੀ ਜਦੋਂ ਗੁਰਮਤਿ ਭੈ ਭਾਵਨੀ ਧਾਰਨ ਕਰੀਦੀ ਹੈ ਤਾਂ ਨਾਮ ਜਪਣ ਲਈ ਅਤੇ ਪ੍ਰਾਪਤੀ ਲਈ ਇਕ ਦਮ ਹੀ ਜੋਸ਼ ਆਉਂਦਾ ਹੈ। ਇਸਦੇ ਨਾਲ ਹੀ ਭਾਉ (ਪ੍ਰੇਮ) ਅਤੇ ਸਤਿਸੰਗਤ ਕਰਨੀ ਵੀ ਅਤਿ ਲੋੜੀਂਦੇ ਕਰਮ ਹਨ ਜਿਨਾਂ ਨਾਲ ਨਾਮ ਅਭਿਆਸ ਦਾ ਤੋਰਾ ਤੁਰਿਆ ਰਹਿੰਦਾ ਹੈ। ਇਹਨਾਂ ਗੁਣਾਂ ਤੋ ਇਲਾਵਾ, ਅਠਾਈਵੀਂ ਪਉੜੀ ਵਿਚ ਵੀ ਜ਼ਰੂਰੀ ਗੁਰਮਤਿ ਗੁਣ ਜਿਨਾਂ ਦੇ ਧਾਰਨ ਕਰਨ ਨਾਲ ਗੁਰਮਤਿ ਪ੍ਰੇਮਾ ਭਗਤੀ ਮੁਮਕਿਨ ਹੁੰਦੀ ਹੈ। ਇਹ ਗੁਣ ਹਨ - ਸੰਤੋਖ, ਉਦਮ, ਧਿਆਨ, ਕਾਲ ਨੂੰ ਸਦਾ ਯਾਦ ਰੱਖਣਾ, ਪਰਤੀਤ, ਕਾਇਆਂ ਤੋਂ ਬਾਹਰ ਨਾ ਖੋਜਣਾ ਅਤੇ ਸਰਬਤ ਦਾ ਭਲਾ ਮਨਾਉਣਾ। ਇਹਨਾਂ ਗੁਰਮਤਿ ਗੁਣਾਂ ਦੇ ਧਾਰਨ ਕਰਨ ਨਾਲ ਗੁਰਮਤਿ ਪ੍ਰੇਮਾ ਭਗਤੀ ਸਹਿਜ ਹੀ ਹੋ ਜਾਂਦੀ ਹੈ। | | | |
| ਸਲੋਕੁ ॥ | | | ਇਹ ਸ੍ਰੀ ਜਪੁ ਜੀ ਸਾਹਿਬ ਦਾ ਅੰਤਲਾ ਸਲੋਕ ਹੈ। |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਪਦ ਅਰਥ** | **ਸਰਲ ਅਰਥ ਵਿਚਾਰ** |
| ਪਵਣੁ ਗੁਰੂ, ਪਾਣੀ ਪਿਤਾ, ਮਾਤਾ ਧਰਤਿ ਮਹਤੁ ॥ | | ਪਵਣੁ = ਹਵਾ; ਧਰਤਿ = ਧਰਤੀ; ਮਹਤੁ = ਮਹੱਤਵ ਵਾਲੀ, ਵੱਡੀ। | (ਸੰਸਾਰ ਦੀ ਕਾਰ ਦਸਦੇ ਹੋਏ ਗੁਰੂ ਜੀ ਫੁਰਮਾਉਂਦੇ ਹਨ ਕਿ) ਪਵਨ ਗੁਰੂ ਹੈ (ਕਿਉਂਕਿ ਪਵਨ ਤੋਂ ਪਸਾਰਾ ਹੋਇਆ ਹੈ), ਪਾਣੀ ਪਿਤਾ ਹੈ (ਕਿਉਂਕਿ ਬੀਰਜ ਰੂਪ ਵਿਚ ਪਾਣੀ ਹੀ ਜਗਤ ਨੂੰ ਪੈਦਾ ਕਰਦਾ ਹੈ) ਅਤੇ ਵਡੀ ਧਰਤੀ ਮਾਤਾ ਹੈ (ਕਿਉਂਕਿ ਇਹ ਜੀਵਾਂ ਦੀ ਪ੍ਰਤਿਪਾਲਣਾ ਕਰਦੀ ਹੈ)।<br><br>ਪਵਨ ਨੂੰ ਗੁਰੂ ਇਸ ਕਰਕੇ ਕਿਹਾ ਗਿਆ ਹੈ ਕਿਉਂਕਿ ਪਵਨ ਤੋਂ ਬਿਨਾਂ ਜੀਵ ਤਤਕਾਲ ਹੀ ਮਰ ਜਾਂਦਾ ਹੈ; ਇਸੇ ਤਰ੍ਹਾਂ ਹੀ ਗੁਰੂ ਬਿਨਾਂ ਵੀ ਜੀਵ ਤਤਕਾਲ ਹੀ ਮਰ ਜਾਂਦਾ ਹੈ ਜਾਂ ਮਰਿਆ ਹੋਇਆ ਹੁੰਦਾ ਹੈ। ਪਾਣੀ ਬੀਰਜ ਰੂਪ ਵਿਚ ਸੰਸਾਰ ਦੀ ਉਤਪਤੀ ਕਰਦਾ ਹੈ, ਇਸ ਕਰਕੇ ਪਿਤਾ ਰੂਪ ਹੈ। ਧਰਤੀ ਪ੍ਰਤਿਪਾਲਦੀ, ਸਾਂਭਦੀ ਅਤੇ ਅੰਨ ਦਿੰਦੀ ਹੈ ਜਿਸ ਕਰਕੇ ਇਹ ਮਾਤਾ ਸਮਾਨ ਮੰਨੀ ਗਈ ਹੈ। ਇਹ ਸਭ ਸੰਸਾਰੀਆਂ ਪ੍ਰਥਾਏ ਗੁਰੂ ਜੀ ਨੇ ਫੁਰਮਾਇਆ ਹੈ। ਭਗਤਾਂ ਦੀ ਗੱਲ ਇਸ ਸਲੋਕ ਦੀਆਂ ਅਖੀਰਲੀਆਂ ਪੰਕਤੀਆਂ ਵਿਚ ਹੈ। |
| ਦਿਵਸੁ ਰਾਤਿ ਦੁਇ, ਦਾਈ ਦਾਇਆ; ਖੇਲੈ ਸਗਲ ਜਗਤੁ ॥ | | ਦਿਵਸੁ = ਦਿਨ; ਦਾਈ ਦਾਇਆ = ਬਚਿਆਂ ਨੂੰ ਖਿਡਾਉਣ ਵਾਲੇ ਖਿਡਾਵੇ। | ਦਿਨ ਅਤੇ ਰਾਤ ਦੋਵੇਂ ਦਾਈ ਅਤੇ ਦਾਇਆ ਭਾਵ ਖਿਡਾਵੇ ਹਨ; ਇਸ ਪਰਿਵਾਰ ਵਿਚ ਸਾਰਾ ਜਗਤ ਖੇਡ ਰਿਹਾ ਹੈ। |
| ਚੰਗਿਆਈਆ, ਬੁਰਿਆਈਆ; ਵਾਚੈ ਧਰਮੁ ਹਦੂਰਿ ॥ | ਚੰਗਿਆਈਆਂ ਬੁਰਿਆਈਆਂ | ਚੰਗਿਆਈਆ = ਚੰਗੇ ਕਰਮ, ਪੁੰਨ ਕਰਮ; ਬੁਰਿਆਈਆ = ਬੁਰੇ ਕਰਮ, ਪਾਪ; ਵਾਚੈ = ਵਾਚਦਾ ਹੈ, ਨਿਰਣਾ ਕਰਦਾ ਹੈ; ਧਰਮੁ = ਧਰਮਰਾਜਾ; ਹਦੂਰਿ = ਆਪਣੀ ਹਦੂਰੀ ਵਿਚ, ਧਰਮਖੰਡ ਦੀ ਕਚਹਿਰੀ ਵਿਚ। | (ਜੀਵਾਂ ਦੀਆਂ) ਚੰਗਿਆਈਆਂ (ਚੰਗੇ ਕਰਮ) ਅਤੇ ਬੁਰਿਆਈਆਂ (ਪਾਪ ਕਰਮ) ਧਰਮ ਰਾਜਾ ਆਪਣੀ ਹਦੂਰੀ ਵਿਚ ਵਾਚਦਾ ਹੈ ਭਾਵ ਉਹ ਜੀਵਾਂ ਦੇ ਕਰਮਾਂ ਦਾ ਨਿਬੇੜਾ ਅਤੇ ਨਿਰਣਾ, ਜੀਵਾਂ ਦੇ ਮਰਨ ਉਪਰੰਤ ਆਪਣੇ ਹਦੂਰਿ (ਧਰਮਖੰਡ ਦੀ ਕਚਹਿਰੀ ਵਿਚ) ਕਰਦਾ ਹੈ।<br><br>ਇਸ ਪੰਕਤੀ ਤੋਂ ਇਹ ਪਤਾ ਲਗਦਾ ਹੈ ਕਿ ਜੀਵਾਂ ਦਾ ਲੇਖਾ ਧਰਮਰਾਏ ਦੀ ਕਚਹਿਰੀ ਵਿਚ ਹੁੰਦਾ ਹੈ। ਇਸ ਸਚਿਆਈ ਤੋਂ ਕੋਈ ਵੀ ਸਚਿਆਰ ਸਿਖ ਮੁਨਕਰ ਨਹੀਂ ਹੋ ਸਕਦਾ। |
| ਕਰਮੀ ਆਪੋ ਆਪਣੀ; ਕੇ ਨੇੜੈ, ਕੇ ਦੂਰਿ ॥ | | ਕਰਮੀ = ਕਰਮਾਂ ਦੀ ਕਰਣੀ; ਕੇ ਨੇੜੈ = ਕਈ ਨੇੜੇ ਹਨ (ਅਕਾਲ ਪੁਰਖ ਦੇ); ਕੇ ਦੂਰਿ = ਕਈ ਦੂਰ ਹਨ ਅਕਾਲ ਪੁਰਖ ਤੋਂ। | ਆਪੋ ਆਪਣੀ (ਕਰਮਾਂ ਦੀ) ਕਰਣੀ ਅਨੁਸਾਰ, ਕੋਈ ਅਕਾਲ ਪੁਰਖ ਦੇ ਨੇੜੇ ਹੋ ਜਾਂਦਾ ਹੈ ਅਤੇ ਕੋਈ ਦੂਰ। |
| ਜਿਨੀ ਨਾਮੁ ਧਿਆਇਆ; ਗਏ ਮਸਕਤਿ ਘਾਲਿ ॥ | ਜਿਨੀਂ, ਮਸ਼ੱਕਤਿ | ਜਿਨੀ = ਜਿਨਾਂ ਨੇ; ਨਾਮੁ ਧਿਆਇਆ = ਗੁਰਮਤਿ ਨਾਮ, ਗੁਰਮਤਿ ਵਿਧੀ ਅਨੁਸਾਰ ਜਪਦਿਆਂ ਹੋਇਆਂ ਧਿਆਇਆ; ਗਏ = ਇਥੋਂ ਸੰਸਾਰ 'ਚੋਂ ਗਏ; ਮਸਕਤਿ ਘਾਲਿ = ਮਸ਼ੱਕਤ ਘਾਲ ਕੇ ਗਏ ਭਾਵ ਉਹੀ ਕੇਵਲ ਇਥੇ ਮੁਸ਼ੱਕਤ ਘਾਲ ਗਏ, ਬਾਕੀ ਜੋ ਮਿਹਨਤਾਂ ਕਰ ਗਏ ਹਨ, ਉਹ ਗਿਣਤੀ ਵਿਚ ਨਹੀਂ ਹਨ। | ਜਿਨਾਂ ਨੇ ਨਾਮ ਧਿਆਇਆ ਹੈ, ਉਹ ਹੀ ਮੱਸ਼ਕਤਿ ਘਾਲ ਕੇ ਗਏ ਹਨ ਭਾਵ ਸਿਰਫ ਨਾਮ ਜਪਣ ਦੀ ਮਸ਼ਕਤਿ ਹੀ ਮੱਸ਼ਕਤਿ ਸਮਝੀ ਜਾਂਦੀ ਹੈ ਤੇ ਹੋਰ ਸਭ ਦੁਨੀਆਵੀ ਮੱਸ਼ਕਤਾਂ ਘਾਲੀਆਂ ਹੋਈਆਂ ਅਗੇ ਪਰਵਾਣ ਨਹੀਂ ਪੈਂਦੀਆਂ। ਨਾਮ ਤੋਂ ਹੀਣੇ ਇਥੋਂ ਮੱਸ਼ਕਤਿ ਘਾਲ ਕੇ ਗਏ ਨਹੀਂ ਸਮਝੇ ਜਾਂਦੇ। |
| ਨਾਨਕ, ਤੇ ਮੁਖ ਉਜਲੇ; ਕੇਤੀ ਛੁਟੀ ਨਾਲਿ ॥੧॥ | | ਤੇ = ਉਹ; ਮੁਖ = ਮੂੰਹ; ਉਜਲੇ = ਰੂਹਾਨੀ ਨੂਰ ਨਾਲ ਸਰਸ਼ਾਰ; ਕੇਤੀ = ਬਹੁਤੀ ਦੁਨੀਆ, ਬਹੁਤੀ ਲੁਕਾਈ; ਛੁਟੀ ਨਾਲਿ = ਉਹਨਾਂ ਨਾਲ (ਨਾਮ ਜਪਣ ਵਾਲਿਆਂ ਨਾਲ) ਛੁੱਟ ਜਾਂਦੀ ਹੈ। | ਜਿਨਾਂ ਨੇ ਨਾਮ ਦੀ ਮੱਸ਼ਕਤਿ ਘਾਲੀ ਹੈ ਉਹਨਾਂ ਦੇ ਮੁਖ ਅਗੇ ਉਜਲੇ ਹੁੰਦੇ ਹਨ ਤੇ ਹੋਰ ਘਣੇਰੀ (ਲੁਕਾਈ) ਉਹਨਾਂ ਨਾਲ ਛੁਟ ਜਾਂਦੀ ਹੈ। |

| ਸ੍ਰੀ ਜਪੁ ਜੀ ਸਾਹਿਬ ਜੀ ਦਾ ਤੱਤ ਪ੍ਰਕਾਸ਼ ਟੀਕਾ | | | |
|---|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਪਦ ਅਰਥ | ਸਰਲ ਅਰਥ ਵਿਚਾਰ |
| ਸਾਰੰਸ਼ ਅਤੇ ਤਤਸਾਰ: ਇਹ ਸਲੋਕ ਕੁਝ ਸ਼ਬਦਾਂ ਦੇ ਫਰਕ ਨਾਲ, ਮਹਲੇ ਦੂਜੇ ਸੇ ਸਿਰਲੇਖ ਅਧੀਨ, ਮਾਂਝ ਕੀ ਵਾਰ ਵਿਚ ਵੀ ਆਇਆ ਹੈ ਜਿਸ ਤੋਂ ਇਹ ਸੰਭਾਵਣਾ ਲਗਦੀ ਹੈ ਕਿ ਇਹ ਸਲੋਕ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਹੋ ਸਕਦਾ ਹੈ। ਇਸ ਸਲੋਕ ਵਿਚ ਪਹਿਲੀਆਂ ਚਾਰਿ ਪੰਕਤੀਆਂ ਵਿਚ ਸੰਸਾਰੀਆਂ ਦੀ ਅਵਸਥਾ ਦੱਸੀ ਹੈ ਕਿ ਕਿਵੇਂ ਉਹ ਮਾਇਆ ਦੇ ਜਾਲ ਵਿਚ ਫੱਸੇ ਹੋਏ ਇਸ ਦੁਨੀਆ ਵਿਚ ਖੇਡਦੇ ਹਨ ਅਤੇ ਕਿਵੇਂ ਉਹਨਾਂ ਦਾ ਮਰਨ ਉਪਰੰਤ, ਧਰਮਖੰਡ ਵਿਚ, ਧਰਮਰਾਏ ਦੀ ਕਚਹਿਰੀ ਵਿਚ ਕਰਮਾਂ ਦਾ ਲੇਖਾ ਹੁੰਦਾ ਹੈ। ਪਿਛਲੀਆਂ ਦੋ ਪੰਕਤੀਆਂ ਵਿਚ ਹਜ਼ੂਰ ਨੇ ਦਸਿਆ ਹੈ ਕਿ ਗੁਰਮੁਖਿ ਜੋ ਇਸ ਸੰਸਾਰ ਵਿਚ ਗੁਰਮਤਿ ਨਾਮ ਜਪਦੇ ਹੋਏ ਇਸਦਾ ਧਿਆਨ ਕਰਦੇ ਹਨ, ਉਹਨਾਂ ਦੀ ਇਹ ਮਸ਼ੱਕਤ ਅਗੇ ਪਰਵਾਨ ਹੁੰਦੀ ਹੈ ਅਤੇ ਉਹ ਮੁਖ ਉਜਲ ਲੈ ਕੇ ਦਰਗਾਹ ਜਾਂਦੇ ਹਨ। ਉਹ ਆਪ ਵੀ ਮੁਕਤ ਹੋ ਜਾਂਦੇ ਹਨ ਭਾਵ ਆਵਾਗਉਣ ਤੋਂ ਛੁਟਕਾਰਾ ਪਾ ਲੈਂਦੇ ਹਨ ਅਤੇ ਉਹਨਾਂ ਦੇ ਸੰਗੀ ਸਾਥੀ ਅਤੇ ਹੋਰ ਘਣੇਰੀ ਲੁਕਾਈ ਵੀ ਛੁੱਟ ਜਾਂਦੀ ਹੈ। ਇਹ ਲੁਕਾਈ ਜੋ ਛੁੱਟਦੀ ਹੈ, ਸੋ ਵੀ ਗੁਰਮਤਿ ਅਨੁਸਾਰ ਭਗਤੀ ਕਰਕੇ ਹੀ ਛੁੱਟਦੀ ਹੈ, ਐਵੀਂ ਨਹੀਂ। | | | |
| ਸਤਿਗੁਰੂ ਸੱਚੇ ਪਾਤਿਸ਼ਾਹ ਜੀ ਨੇ ਆਪ ਕਿਰਪਾ ਕਰਕੇ ਸ੍ਰੀ ਜਪੁ ਜੀ ਸਾਹਿਬ ਦੀ ਅਗਾਧ ਕਲਾ ਸੰਪੂਰਨ ਬਾਣੀ ਦਾ ਵਿਚਾਰ ਇਸ ਕੀਟ ਪਾਸੋਂ ਕਰਵਾਇਆ ਹੈ। ਗੁਰਬਾਣੀ ਅਗੰਮ ਅਗਾਧ ਬੋਧ ਹੈ ਜਿਸ ਕਰਕੇ ਇਸਦਾ ਅੰਤ ਜਾਂ ਪਾਰਾਵਾਰ ਨਹੀਂ ਪਾ ਸਕਦਾ। ਆਸ ਕਰਦਾ ਹਾਂ ਕਿ ਗੁਰਮੁਖਿ ਜਨ ਇਸ ਗੁਰਬਾਣੀ ਵਿਚਾਰ ਨੂੰ ਪੜ੍ਹਕੇ, ਗੁਰਮਤਿ ਧਾਰਨ ਕਰਕੇ, ਪ੍ਰਭੂ ਪ੍ਰਾਪਤੀ ਦਾ ਉਦਮ ਧਾਰਨਗੇ।<br><br>ਦਾਸ,<br>ਕੁਲਬੀਰ ਸਿੰਘ ਟਰਾਂਟੋ | | | |